Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

Vol 18 *Issue 177 | Monday, September 16, 2019 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWS | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਸ਼ੀਅਰ ਵੱਲੋਂ ਯੂਨੀਵਰਸਲ ਟੈਕਸ ਕੱਟ ਦਾ ਐਲਾਨ



ਸਰ੍ਹੀ, ਬੀਸੀ, 15 ਸਤੰਬਰ (ਪੋਸਟ ਬਿਊਰੋ) : ਕੰਜ਼ਰਵੇਟਿਵ ਪਾਰਟੀ ਦੇ ਆਗੂ ਐਂਡਰਿਊ ਸ਼ੀਅਰ ਵੱਲੋਂ ਅੱਜ ਯੂਨੀਵਰਸਲ ਟੈਕਸ ਕੱਟ ਸਬੰਧੀ ਕੀਤੇ ਗਏ ਐਲਾਨ ਮੁਤਾਬਕ ਕੰਜ਼ਰਵੇਟਿਵ ਪਾਰਟੀ ਦੀ ਸਰਕਾਰ ਬਣਨ ਉੱਤੇ ਸੱਭ ਤੋਂ ਘੱਟ ਆਮਦਨ ਵਾਲੇ ਔਸਤਨ ਕੈਨੇਡੀਅਨ ਪਰਿਵਾਰਾਂ ਨੂੰ ਇਨਕਮ ਟੈਕਸ ਉੱਤੇ ਪ੍ਰਤੀ ਸਾਲ 850 ਡਾਲਰ ਦੀ ਬਚਤ ਹੋਵੇਗੀ।

ਸ਼ੀਅਰ ਨੇ ਆਖਿਆ ਕਿ ਇਹ ਯੂਨੀਵਰਸਲ ਟੈਕਸ ਕੱਟ ਹੈ ਜਿਹੜਾ ਕਿ ਖਾਸ ਤੌਰ ਉੱਤੇ ਤੁਹਾਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਇਸ ਨਾਲ ਹਰੇਕ ਕੈਨੇਡੀਅਨ ਨੂੰ ਇਨਕਮ ਟੈਕਸ ਵਿੱਚ ਕਟੌਤੀ ਨਾਲ ਰਾਹਤ ਮਿਲੇਗੀ ਜਦਕਿ ਸੱਭ ਤੋਂ ਘੱਟ ਆਮਦਨ ਵਾਲਿਆਂ ਨੂੰ ਸੱਭ ਤੋਂ ਵੱਧ ਫਾਇਦਾ ਹੋਵੇਗਾ। ਯੂਨੀਵਰਸਲ ਟੈਕਸ ਕਟੌਤੀ ਤਹਿਤ 47,630 ਡਾਲਰ ਤੋਂ ਘੱਟ ਆਮਦਨ ਵਾਲਿਆਂ ਲਈ ਟੈਕਸ ਦਰ 15 ਫੀ ਸਦੀ ਤੋਂ ਘੱਟ ਕੇ 13.75 ਫੀ ਸਦੀ ਰਹਿ ਜਾਵੇਗੀ। ਇਸ ਨਾਲ ਕੋਈ ਵੀ ਵਿਅਕਤੀ ਟੈਕਸਾਂ ਉੱਤੇ 440 ਡਾਲਰ ਤੱਕ ਦੀ ਬਚਤ ਕਰ ਪਾਵੇਗਾ। ਇੱਕ ਜੋੜਾ ਜਿਸਦੀ ਔਸਤ ਤਨਖਾਹ ਹੈ, ਇਸ ਨਾਲ ਸਾਲ ਦੇ 850 ਡਾਲਰ ਦੀ ਬਚਤ ਕਰ ਸਕੇਗਾ।

ਸ਼ੀਅਰ ਨੇ ਇਸ ਯੂਨੀਵਰਸਲ ਟੈਕਸ ਕੱਟ ਦੀ ਤੁਲਨਾ ਟਰੂਡੋ ਦੇ ਲਿਬਰਲ ਰਿਕਾਰਡ ਨਾਲ ਵੀ ਕੀਤੀ। ਉਨ੍ਹਾਂ ਆਖਿਆ ਕਿ ਮੱਧ ਵਰਗ ਦੀ ਮਦਦ ਕਰਨ ਦੇ ਵਾਅਦੇ ਦੇ ਨਾਲ ਚੋਣਾਂ ਜਿੱਤਣ ਦੇ ਬਾਵਜੂਦ ਟਰੂਡੋ ਨੇ ਘੱਟ ਆਮਦਨ ਵਾਲੇ ਕੈਨੇਡੀਅਨਾਂ ਲਈ ਟੈਕਸ ਵਿੱਚ ਕਟੌਤੀ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਇਸ ਦੀ ਥਾਂ ਉੱਤੇ ਲਿਬਰਲਾਂ ਨੇ ਟਰਾਂਜ਼ਿਟ ਪਾਸਿਜ਼, ਟੈਕਸਟਬੁੱਕਸ ਤੇ ਬੱਚਿਆਂ ਲਈ ਸਕੂਲ ਤੋਂ ਬਾਅਦ ਵਾਲੇ ਪ੍ਰੋਗਰਾਮਾਂ ਉੱਤੇ ਵੀ ਟੈਕਸਾਂ ਵਿੱਚ ਵਾਧਾ ਕੀਤਾ ਸੀ। ...ਬਾਕੀ ਪੰਨਾ 6 'ਤੇ

## ਮਿਸੀਸਾਗਾ ਵਿੱਚ ਹਮਲਾਵਰਾਂ ਨੇ ਅੰਨ੍ਹੇਵਾਹ ਚਲਾਈਆਂ ਗੋਲੀਆਂ, ਇੱਕ ਹਲਾਕ ਕਈ ਜ਼ਖ਼ਮੀ



ਮਿਸੀਸਾਗਾ, 15 ਸਤੰਬਰ (ਪੋਸਟ ਬਿਊਰੋ) : ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸ਼ਨਿੱਚਰਵਾਰ ਸ਼ਾਮ ਨੂੰ ਮਾਲਟਨ ਵਿੱਚ ਪਾਰਕ ਵਿੱਚ ਰੈਪ ਵੀਡੀਓ ਬਣਾ ਰਹੇ ਇੱਕ ਗਰੁੱਪ ਉੱਤੇ ਸੱਤ ਹਥਿਆਰਬੰਦ ਵਿਅਕਤੀਆਂ ਵੱਲੋਂ ਹਮਲਾ ਕੀਤੇ ਜਾਣ ਦੌਰਾਨ ਇੱਕ ਮਾਸੂਮ ਰਾਹਗੀਰ ਦੀ ਮੌਤ ਹੋ ਗਈ। ਇਹ ਹਮਲਾਵਰ ਸੈਮੀ ਆਟੋਮੈਟਿਕ ਹੈਂਡਗੰਨਜ਼ ਨਾਲ ਲੈਸ ਸਨ। ...ਬਾਕੀ ਪੰਨਾ 6 'ਤੇ

## ਜਗਮੀਤ ਸਿੰਘ ਵੱਲੋਂ ਨੈਸ਼ਨਲ ਆਟੋਮੋਟਿਵ ਸਟਰੈਟੇਜੀ ਦਾ ਐਲਾਨ



ਬਰੈਂਪਟਨ, 15 ਸਤੰਬਰ (ਪੋਸਟ ਬਿਊਰੋ) : ਐਨਡੀਪੀ ਵੱਲੋਂ ਅਜਿਹੀ ਯੋਜਨਾ ਦਾ ਐਲਾਨ ਕੀਤਾ ਗਿਆ ਹੈ ਜਿਸ ਨਾਲ ਚੰਗੀ ਆਮਦਨ ਵਾਲੀਆਂ ਆਟੋ ਜੌਬਜ਼ ਨੂੰ ਬਰੈਂਪਟਨ ਵਿੱਚ ਕਾਇਮ ਰੱਖਿਆ ਜਾ ਸਕੇ ਤੇ ਅਜਿਹੀਆਂ ਨਵੀਆਂ ਜੌਬਜ਼ ਨੂੰ ਆਕਰਸ਼ਿਤ ਕੀਤਾ ਜਾ ਸਕੇ।

ਬਰੈਂਪਟਨ ਤੋਂ ਐਨਡੀਪੀ ਉਮੀਦਵਾਰ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦਾ ਐਲਾਨ ਉਨ੍ਹਾਂ ਦੀ ਕਮਿਊਨਿਟੀ ਲਈ ਵੱਡੀ ਜਿੱਤ ਹੈ।

ਬਰੈਂਪਟਨ ਈਸਟ ਤੋਂ ਐਨਡੀਪੀ ਉਮੀਦਵਾਰ ਸ਼ਰਨਜੀਤ ਸਿੰਘ ਨੇ ਆਖਿਆ ਕਿ ਲਿਬਰਲਾਂ ਤੇ ਕੰਜ਼ਰਵੇਟਿਵਾਂ ਵੱਲੋਂ ਓਨਟਾਰੀਓ ਦੇ ਵਰਕਰਜ਼ ਨੂੰ ਉਨ੍ਹਾਂ ਦੇ ਹਾਲ ਉੱਤੇ ਛੱਡ ਦਿੱਤੇ ਜਾਣ ਤੋਂ ਉਲਟ ਜਗਮੀਤ ਸਿੰਘ ਤੇ ਐਨਡੀਪੀ ਬਰੈਂਪਟਨ ਵਾਸੀਆਂ ਦੀ ਮਦਦ ਲਈ ਵਚਨਬੱਧ ਹੈ। ਜਗਮੀਤ ਸਿੰਘ ਦੀ ਨੈਸ਼ਨਲ ਆਟੋਮੋਟਿਵ ਸਟਰੈਟੇਜੀ ਨਾਲ ਨਾ ਸਿਰਫ ਬਰੈਂਪਟਨ ਦੇ ਕ੍ਰਾਈਸਲਰ ਪਲਾਂਟ ਸਮੇਤ ਹੋਰਨਾਂ ਸੈਕਟਰਾਂ ਵਿੱਚ ਨਵੇਂ ਰੋਜ਼ਗਾਰ ਦੇ ਮੌਕੇ ਆਕਰਸ਼ਿਤ ਕਰਨ ਵਿੱਚ ਮਦਦ ਮਿਲੇਗੀ ਸਗੋਂ ਪਹਿਲਾਂ ਵਾਲੇ ਰੋਜ਼ਗਾਰ ਦੇ ਮੌਕਿਆਂ ਨੂੰ ਵੀ ਕਾਇਮ ਰੱਖਿਆ ਜਾ ਸਕੇਗਾ। ...ਬਾਕੀ ਪੰਨਾ 6 'ਤੇ

## ਬਿਆਂਕਾ ਐਂਡਰੀਸਕੂ ਨੂੰ ਕੀਅ ਟੂ ਦ ਸਿਟੀ ਨਾਲ ਨਵਾਜਿਆ ਗਿਆ

### ਮਿਸੀਸਾਗਾ ਵਿੱਚ ਐਂਡਰੀਸਕੂ ਦੇ ਨਾਂ ਉੱਤੇ ਹੋਵੇਗੀ ਸਟਰੀਟ



ਮਿਸੀਸਾਗਾ, 15 ਸਤੰਬਰ (ਪੋਸਟ ਬਿਊਰੋ) : ਐਤਵਾਰ ਦੁਪਹਿਰ ਨੂੰ ਮਿਸੀਸਾਗਾ ਦੇ ਸੈਲੀਬ੍ਰੇਸ਼ਨ ਸਕੁਏਅਰ ਵਿੱਚ ਯੂਐਸ ਓਪਨ ਜਿੱਤਣ ਵਾਲੀ ਕੈਨੇਡੀਅਨ ਖਿਡਾਰਨ ਬਿਆਂਕਾ ਐਂਡਰੀਸਕੂ ਦੀ ਜਿੱਤ ਦੇ ਜਸ਼ਨ ਮਨਾਏ ਗਏ। ਇਸ ਮੌਕੇ ਐਂਡਰੀਸਕੂ ਦੀਆਂ ਪ੍ਰਾਪਤੀਆਂ ਲਈ ਉਸ ਦਾ ਸਨਮਾਨ ਕਰਨ ਵਾਸਤੇ ਮੇਅਰ ਵੱਲੋਂ ਉਸ ਨੂੰ ਕੀਅ ਟੂ ਦ ਸਿਟੀ ਦੇ ਕੇ ਨਵਾਜਿਆ ਗਿਆ। ਇੱਥੇ ਹੀ ਬੱਸ ਨਹੀਂ ਮਿਸੀਸਾਗਾ ਦੀ ਇੱਕ ਸਟਰੀਟ ਦਾ ਨਾਂ ਵੀ ਐਂਡਰੀਸਕੂ ਵੇਅ ਰੱਖਣ ਦਾ ਮੇਅਰ ਵੱਲੋਂ ਐਲਾਨ ਕੀਤਾ ਗਿਆ। ...ਬਾਕੀ ਪੰਨਾ 3 'ਤੇ

Best Insurance Rates
-Auto -Home -Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6
Axxel Insurance Brokers Ltd.

ALLKIND INSURANCE — NOW HIRING !!!
SUPER VISA INSURANCE
VISITOR INSURANCE
• LIFE INSURANCE • MORTGAGE INSURANCE
• CRITICAL ILLNESS INS • DISABILITY INSURANCE
• TRAVEL INS • FUNERAL INSURANCE
• RESP & TFSA & RRSP
SIMRAN SAINI 416.994.7272
www.allkindinsurance.com

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

INSURANCE
○Home ○Auto
○Business ○Trucking
○Life Insurance ○Commercial
647-206-2452 Sukhwinder K Singh
CONNEX 7050A Bramalea Rd. Unit # 13, Mississauga, ON L5S 1T1

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

INSURANCE
Auto | Home | Business | Trucking | Life
ਇੰਸ਼ੋਰੈਂਸ ਦੇ ਵਧੀਆ ਰੇਟ Best rates & Best Coverage
RAJESH SOOD (RAJ) CAIB (hons.), MBA (finance), RIBO
ਸੰਪਰਕ ਕਰੋ: 416-908-6237
Unit 1, 30 Topflight dr., Mississauga

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A, LL.B 416-213-8600

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

•Super Visa Insurance
•Visitor Visa Insurance
•Travel Insurance
•Student Insurance
•New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Dr. Randhawa Dentistry
Your own dentist who really cares for you

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd
Mcvean Dr
Gore Rd
Squire Ellis Dr
DENTISTRY
Countryside Dr

APEX
CONCRETE & LANDSCAPE
RESIDENTIAL & COMMERCIAL
Add Value to your Home by Offering Beautiful High Quality Landscaping and Concrete Work at an Affordable Prize
FREE ESTIMATE
Limited Life Time Warranty
- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO
647-575-6102
Email: apexconstruc16@gmail.com
Laddi

You can
Place Your Business Here
To Reach Wider Audience
For more info Call 905-793-2202 or e-mail ads@punjabipost.ca

ਘਰ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ?
ਤਾਂ ਅੱਜ ਹੀ ਕਾਲ ਕਰੋ!

Anabela Serra
Sales Representative
416-400-5825
ROYAL LEPAGE
110 Weston Road
Toronto, Ontario
OFFICE: 416.535.8000
FAX: 416.539.9223
DIRECT: 416.400.5825

63 Talbot Street — BRAMPTON $729,900
Stunningly Fully & Tastefully Renovated 3+1 Bedrooms, 3 Bathrooms, Home In The City Of Brampton. Step Right In To Your Foyer Entryway With A Great Size Stone Accent Wall. Enjoy A Relaxing And Romantic Evening, Sitting By The Fire, Watching A Movie, Or Even Just Listening To Music. Open Concept Living And Dining Room. Great Size Backyard For Your Entertainment. Located Near The Go Train, Transportation, Schools, Places Of Worship And All Other Amenities.

12 Bluffmeadow Street — BRAMPTON $989,000
Welcome To Model Like Home -12 Bluffmeadow Street. 4 Bedroom, 3 Bathroom Family Home With Dark Stained Hardwood Flooring Throughout And Dark Stained Oak Staircase. Gourmet Kitchen With Granite Counter Tops, Island And Breakfast Bar Area. Second Floor Nook, Open Concept, Can Be Used In Multiple Ways; Office, Play Area, And/Or Your Reading Place. Enjoy A Relaxing Bath In Your Own Ensuite Jacuzzi Tub.

For More listings Visit anabelaserra.com

RPC
Royal Pizza & Curry Hut
11am - 11pm | 7 Days a Week
184 Main Street South,
Unit D., Brampton
$8.97 +Tax
X-Large (16”) Fully Loaded Pizza *With 5 Toppings (Any)
WE SPECIALIZE IN VEGAN FOOD
UNDER $10 CURRIES WITH FREE NAAN
LOTS TO CHOOSE FROM
905-450-2777
647-906-3295
Kotakpura Aata Chicken
Get $5 Off with Special Coupon from PunjabiPost
WAS $25 NOW $20

NEW
NATION-WIDE. NO ZONES.
TALK, TEXT & DATA PLANS
$35/MO.
Data everywhere.
No surprise charges anywhere.
chatr
AUTHORIZED DEALER
379 Main St. North, Brampton, ON
2456 Lake shore Blvd W., Etobicoke, ON
905-451-0379
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਭਾਰਤ-ਪਾਕਿ ਨੂੰ ਕਿਹਾ ਅਮਰੀਕੀਆਂ ਨੇ,
ਟੈਨਸ਼ਨ ਕਰੋ ਖਾਂ ਦੋਵੇਂ ਕੁਝ ਘੱਟ ਮੀਆਂ।
ਆਪਸ ਵਿੱਚ ਜਦ ਰਹਿਣਾ ਗਵਾਂਢ-ਮੱਥਾ,
ਇੰਜ ਤਾਂ ਲੰਘਣਾ ਸੌਖਾ ਨਹੀਂ ਝੱਟ ਮੀਆਂ।
ਕਦੀ ਭਾਰਤ ਨੂੰ ਪੈਂਦੀ ਕੁਝ ਸੱਟ ਤਕੜੀ,
ਮੋੜਵੀਂ ਮਾਰਦਾ ਅੱਗੋਂ ਇਹ ਸੱਟ ਮੀਆਂ।
ਰਹਿੰਦੀ ਕਸਰ ਜਦ ਕਦੀ ਸਰਹੱਦ ਵੰਨੀਂ,
ਨਿਕਲੀ ਜਾਂਦੇ ਬਿਆਨਾਂ ਨਾਲ ਵੱਟ ਮੀਆਂ।
ਚੱਲਦੀ ਰਹੀ ਜੇ ਏਦਾਂ ਹੀ ਰੋਜ਼ ਚਿੜ-ਚਿੜ,
ਕਿਸੇ ਦਿਨ ਚੰਦ ਨਹੀਂ ਬੈਠਿਓ ਚਾੜ੍ਹ ਮੀਆਂ।
ਇਮਰਾਨ ਆਖਦਾ ਪਾਇਆ ਅਮਰੀਕਨਾਂ ਨੇ,
ਦਿੱਸ ਰਿਹਾ ਜਿੰਨਾ ਵੀ ਏਥੇ ਵਿਗਾੜ ਮੀਆਂ।

ਤੀਸ ਮਾਰ ਖਾਂ

# 1984 ਸਿੱਖ ਵਿਰੋਧੀ ਦੰਗੇ : ਵਿਸ਼ੇਸ਼ ਜਾਂਚ ਟੀਮ ਨੂੰ ਹਾਲੇ ਤੱਕ ਕਾਨਪੁਰ ਵਾਲੇ ਸਿੱਖ ਕਤਲ ਕੇਸਾਂ ਦੀਆਂ ਫਾਈਲਾਂ ਨਹੀਂ ਮਿਲੀਆਂ

ਕਾਨਪੁਰ, 15 ਸਤੰਬਰ, (ਪੋਸਟ ਬਿਊਰੋ)- ਸਾਲ 1984 ਦੌਰਾਨ ਉੱਤਰ ਪ੍ਰਦੇਸ਼ ਦੇ ਕਾਨਪੁਰ ਵਿੱਚ ਹੋਏ ਸਿੱਖਾਂ ਦੇ ਕਤਲਾਂ ਦੇ ਕੇਸਾਂ ਦੀ ਦੁਬਾਰਾ ਜਾਂਚ ਕਰ ਰਹੀ ਵਿਸ਼ੇਸ਼ ਜਾਚ ਟੀਮ (ਐੱਸ ਆਈ ਟੀ) ਨੂੰ ਹਾਲੇ ਤਕ ਇਨ੍ਹਾਂ ਅਪਰਾਧਾਂ ਨਾਲ ਸੰਬੰਧਤ ਫਾਈਲਾਂ ਨਹੀਂ ਮਿਲੀਆਂ। ਪੈਂਤੀ ਸਾਲ ਪੁਰਾਣੇ ਮਾਮਲੇ ਹੋਣ ਕਾਰਨਰਿਕ-ਾਰਡ ਰੂਮ ਤੋਂ ਦਸਤਾਵੇਜ਼ ਨਹੀਂ ਲੱਭ ਸਕੇ। ਇਸ ਪਿੱਛੋਂਐੱਸ ਆਈ ਟੀ ਨੇ ਜ਼ਿਲ੍ਹਾ ਪ੍ਰਸ਼ਾਸਨ ਤੇ ਅਦਾਲਤ ਤੋਂ ਮਦਦ ਮੰਗੀ ਹੈ, ਕਿਉਂਕਿ ਮੁਆਵਜ਼ੇ ਦੇ ਦਸਤਾਵੇਜ਼ ਪ੍ਰਸ਼ਾਸਨ ਅਤੇ ਕਾਨੂੰਨੀ ਕੇਸਾਂ ਨਾਲ ਸਬੰਧਿਤ ਦਸਤਾਵੇਜ਼ ਅਦਾਲਤਾਂ ਕੋਲ ਵੀ ਹੁੰਦੇ ਹਨ।

ਵਰਨਣ ਯੋਗ ਹੈ ਕਿ ਸਾਲ 1984 ਵਿੱਚ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਪਿੱਛੋਂ ਭਾਰਤ ਦੇ ਕਈ ਹਿੱਸਿਆਂ ਵਿਚ ਸਿੱਖ ਵਿਰੋਧੀ ਕਤਲ ਹੋਣੇ ਸ਼ੁਰੂ ਹੋ ਗਏ ਸਨ ਤਾਂ ਉੱਤਰ ਪ੍ਰਦੇਸ਼ ਦੇ ਕਾਨਪੁਰ ਦੇ ਨਜ਼ੀਰਾਬਾਦ, ਫੈਜ਼ਲਗੰਜ, ਨੌਬਸਤਾ ਆਦਿ ਖੇਤਰਾਂ ਵਿਚ 127 ਸਿੱਖਾਂ ਦੀ ਮੌਤ ਹੋਈ ਸੀ ਤੇ ਕਈ ਥਾਂ ਲੁੱਟਮਾਰ ਤੇ ਸਾੜ-ਫੂਕਹੁੰਦੀ ਰਹੀ ਸੀ। ਇਸਸ਼ਹਿਰ ਦੇ ਵੱਖ-



ਵੱਖ ਥਾਣਿਆਂ ਵਿੱਚਏਦਾਂ ਦੀਆਂ ਘਟਨਾਵਾਂ ਦੇ38 ਮੁਕੱਦਮੇ ਕਤਲ, ਡਕੈਤੀ ਵਰਗੇ ਗੰਭੀਰ ਅਪਰਾਧਾਂ ਦੇ ਸੰਬੰਧ ਵਿੱਚ ਦਰਜ ਹੋਏ ਸਨ। ਐੱਸ ਆਈ ਟੀਦੇ ਸੂਤਰਾਂ ਮੁਤਾਬਕ ਇਨ੍ਹਾਂ 38 ਵਿਚੋਂ 12 ਕੇਸਾਂ ਵਿਚ ਚਾਰਜਸ਼ੀਟ ਅਤੇ ਬਾਕੀ ਦੀ ਫਾਈਨਲ ਰਿਪੋਰਟ ਲਾਈ ਗਈ ਸੀ। ਸ਼ਾਸਨ ਦੇ ਕਹੇ ਉੱਤੇ ਸਭ ਤੋਂ ਪਹਿਲਾਂ ਉਨ੍ਹਾਂ ਕੇਸਾਂ ਦੀ ਜਾਂਚ ਕੀਤੀ ਜਾਣੀ ਹੈ, ਪਰ ਹਾਲੇ ਤਕ ਫਾਈਲਾਂ ਨਹੀਂ ਮਿਲੀਆਂ। ਖ਼ਾਸ ਗੱਲ ਇਹ ਕਿ ਕੇਸ ਰਿਪੋਰਟ ਦੀ ਕਾਪੀ ਅਤੇ ਪੋਸਟਮਾਰਟਮ ਰਿਪੋਰਟ ਤਕਨਹੀਂ ਮਿਲ ਸਕੀ। ਉਸ ਵਕਤ ਹੋਏ ਕਤਲਾਂ ਬਾਰੇ ਵੱਖ-ਵੱਖ ਥਾਣਿਆਂ ਵਿੱਚ 1254 ਕੇਸ, ਨਜ਼ੀਰਾਬਾਦ ਥਾਣੇ ਵਿੱਚ 135, ਨੌਬਸਤਾ ਵਿਚ 227, ਗੋਵਿੰਦਨਗਰ ਵਿੱਚ 374, ਸੀਸਮਊ ਵਿੱਚ 72, ਕਲਿਆਣਪੁਰ ਵਿੱਚ 47, ਪਨਕੀ ਵਿੱਚ 46 ਅਤੇ ਕਿਦਵਈਨਗਰ ਵਿੱਚ 52 ਤੋਂ ਬਿਨਾਂ ਹੋਰ ਥਾਂਈਂਦਰਜ ਹੋਏ ਸਨ। ਇਨ੍ਹਾਂ ਵਿਚੋਂ ਪੁਲਿਸ ਨੇ 1101 ਕੇਸਾਂ ਵਿੱਚ ਫਾਈਨਲ ਰਿਪੋਰਟ ਦਿੱਤੀ ਅਤੇ 153 ਵਿੱਚ ਚਾਰਜਸ਼ੀਟ ਲਾਈ ਸੀ। ਐੱਸ ਆਈ ਟੀ ਨਾਲ ਜੁੜੇ ਹੋਏ ਐੱਸ ਪੀ ਬਾਲੇਂਦੂ ਭੂਸ਼ਣਦੇ ਮੁਤਾਬਕ ਕਤਲ, ਡਾਕਾ ਅਤੇ ਏਦਾਂ ਦੇ ਹੋਰ ਗੰਭੀਰ ਕਿਸਮ ਦੇ 38 ਕੇਸਾਂ ਦੀਆਂ ਫਾਈਲਾਂ ਅਜੇ ਨਹੀਂ ਮਿਲੀਆਂ।

# ਇਮਰਾਨ ਖਾਨ ਵੱਲੋਂ ਭਾਰਤ ਨੂੰ ਇੱਟ ਦਾ ਜਵਾਬ ਪੱਥਰ ਨਾਲ ਦੇਣ ਦੀ ਨਵੀਂ ਧਮਕੀ

*** ਕਸ਼ਮੀਰੀਆਂ ਨੂੰ ਕਿਹਾ: ਤਿਆਰ ਰਹੋ, ਤੁਰਨ ਦਾ ਵਕਤ ਮੈਂ ਦੱਸਾਂਗਾ**

ਇਸਲਾਮਾਬਾਦ, 15 ਸਤੰਬਰ, (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਅੱਜ ਸ਼ੁੱਕਰਵਾਰ ਨੂੰ ਕਿਹਾ ਕਿ ਉਹ ਯੂ ਐੱਨ ਜਨਰਲ ਅਸੈਂਬਲੀ ਦੇ ਦੌਰਾਨ ਕਸ਼ਮੀਰੀ ਲੋਕਾਂ ਨੂੰ ਨਿਰਾਸ਼ ਨਹੀਂ ਕਰਨਗੇ। ਉਨ੍ਹਾਂ ਨੇ ਭਾਰਤ ਵਲੋਂ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕਰਨ ਪਿੱਛੋਂ ਕਸ਼ਮੀਰੀ ਲੋਕਾਂ ਦੀ ਬਦ-ਹਾਲੀ ਦੀ ਗੱਲ ਸੰਸਾਰ ਦੇ ਹਰ ਮੰਚ ਤੋਂ ਉਠਾਉਣ ਦੀ ਸਹੁੰ ਚੁੱਕੀ ਅਤੇ ਕਿਹਾ ਕਿ ਜੇ ਭਾਰਤ ਵਲੋਂ ਕਿਸੇ ਤਰ੍ਹਾਂ ਦਾ ਹਮਲਾ ਕੀਤਾ ਜਾਵੇਗਾ ਤਾਂ ਉਹ ਇਸ ਹਮਲੇ ਦੇ ਬਾਅਦ ਇੱਟ ਦਾ ਜਵਾਬ ਪੱਥਰ ਨਾਲ ਦੇਣਗੇ। ਉਨ੍ਹਾ ਨੇ ਕਸ਼ਮੀਰੀ ਲੋਕਾਂ ਨੂੰ ਅਗਲੇ ਸੰਘਰਸ਼ ਲਈ ਤਿਆਰ ਰਹਿਣ ਲਈ ਸੱਦਾ ਦੇਂਦਿਆਂ ਕਿਹਾ ਕਿ ਅੱਗੇ ਵਧਣ ਦਾ ਵਕਤ ਤੁਹਾਨੂੰ ਮੈਂ ਦੱਸਾਂਗਾ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਬਿਆਂਕਾ ਐਂਡਰੀਸਕੂ ਨੂੰ ਕੀਅ ਟੂ ਦ ਸਿਟੀ ਨਾਲ ਨਵਾਜਿਆ ਗਿਆ





...ਪੰਨਾ 1 ਦਾ ਬਾਕੀ

ਇਸ ਮੌਕੇ ਮੇਅਰ ਬੌਨੀ ਕ੍ਰੌਂਬੀ ਨੇ ਆਖਿਆ ਕਿ ਮਿਸੀਸਾਗਾ ਵਾਸੀਆਂ ਨੂੰ ਹੀ ਨਹੀਂ ਸਗੋਂ ਪੂਰੇ ਕੈਨੇਡਾ ਨੂੰ ਸਾਡੀ ਲੋਕਲ ਚੈਂਪੀਅਨ ਬਿਆਂਕਾ ਉੱਤੇ ਮਾਣ ਹੈ। ਉਨ੍ਹਾਂ ਆਖਿਆ ਕਿ ਅਸੀਂ ਸਿਟੀ ਦਾ ਸੱਭ ਤੋਂ ਵੱਡਾ ਸਨਮਾਨ ਦੇ ਕੇ ਪੂਰੇ ਮਿਸੀਸਾਗਾ ਵਾਸੀਆਂ ਵੱਲੋਂ ਦਿਲੋਂ ਐਂਡਰੀਸਕੂ ਦਾ ਧੰਨਵਾਦ ਕਰਨਾ ਚਾਹੁੰਦੇ ਹਾਂ। ਉਸ ਨੇ ਨਾ ਸਿਰਫ ਕੈਨੇਡਾ ਦਾ ਨਾਂ ਚਮਕਾਇਆ ਸਗੋਂ ਮਿਸੀਸਾਗਾ ਨੂੰ ਵੀ ਖੇਡਾਂ ਦੇ ਖੇਤਰ ਵਿੱਚ ਪਛਾਣ ਦੁਆਈ। ਬਿਆਂਕਾ ਨੇ ਸਾਡੇ ਨੌਜਵਾਨ ਖਿਡਾਰੀਆਂ ਵਿੱਚ ਟੈਨਿਸ ਦੇ ਨਾਲ ਨਾਲ ਹੋਰਨਾਂ ਖੇਡਾਂ ਵਿੱਚ ਅਗਾਂਹ ਵੱਧਣ ਦੀ ਤਾਂਘ ਹੋਰ ਜਗਾ ਦਿੱਤੀ ਹੈ। ਦੇਸ ਭਰ ਦੀਆਂ ਕੁੜੀਆਂ ਲਈ ਵੀ ਬਿਆਂਕਾ ਪ੍ਰੇਰਣਾ ਸਰੋਤ ਹੈ।

ਐਂਡਰੀਸਕੂ ਹੁਣ ਯੂਐਸ ਓਪਨ ਜਿੱਤਣ ਤੋਂ ਬਾਅਦ ਵਿਸ਼ਵ ਦਰਜੇਬੰਦੀ ਵਿੱਚ ਪੰਜਵੇਂ ਸਥਾਨ ਉੱਤੇ ਪਹੁੰਚ ਚੁੱਕੀ ਹੈ। ਇਸ ਦੌਰਾਨ ਚੀਫ ਐਗਜ਼ੈਕਟਿਵ ਆਫੀਸਰ ਆਫ ਟੈਨਿਸ ਕੈਨੇਡਾ ਮਾਈਕਲ ਡਾਊਨੀ ਨੇ ਆਖਿਆ ਕਿ ਪਿਛਲੇ ਕੁੱਝ ਸਾਲਾਂ ਵਿੱਚ ਹੀ ਬਿਆਂਕਾ ਨੇ ਆਪਣੀ ਖੇਡ ਵਿੱਚ ਕਾਫੀ ਨਿਖਾਰ ਲਿਆਂਦਾ ਹੈ ਤੇ ਇਸ ਦਾ ਜਾਹਰਾ ਰੂਪ ਵੇਖਣ ਨੂੰ ਮਿਲ ਹੀ ਗਿਆ ਹੈ। ਉਨ੍ਹਾਂ ਆਖਿਆ ਕਿ ਪਿਛਲੇ ਕੁੱਝ ਸਮੇਂ ਤੋਂ ਹੀ ਕੈਨੇਡਾ ਭਰ ਵਿੱਚ ਵੀ ਟੈਨਿਸ ਦੀ ਮਕਬੂਲੀਅਤ ਵਧੀ ਹੈ। ਉਨ੍ਹਾਂ ਆਖਿਆ ਕਿ ਅਹਿਮ ਗੱਲ ਇਹ ਨਹੀਂ ਹੈ ਕਿ ਅਸੀਂ ਬਿਆਂਕਾ ਦੀ ਕਿਸ ਤਰ੍ਹਾਂ ਮਦਦ ਕੀਤੀ ਅਹਿਮ ਗੱਲ ਇਹ ਹੈ ਕਿ ਬਿਆਂਕਾ ਨੇ ਟੈਨਿਸ ਨੂੰ ਕੈਨੇਡਾ ਵਿੱਚ ਮਕਬੂਲੀਅਤ ਦਿਵਾਉਣ ਲਈ ਰਾਹ ਪੱਧਰਾ ਕੀਤਾ ਹੈ। ਯਕੀਨਨ ਉਹ ਕੈਨੇਡਾ ਦੀ ਅਗਲੀ ਪੀੜ੍ਹੀ ਨੂੰ ਪ੍ਰੇਰਿਤ ਕਰ ਰਹੀ ਹੈ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਪ੍ਰਭਮੀਤ ਸਰਕਾਰੀਆ ਵੱਲੋਂ ਹਿੱਕਰੀ ਵੁੱਡ ਪਬਲਿਕ ਸਕੂਲ ਲਈ ਨਵੇਂ ਫੰਡਜ਼ ਦਾ ਐਲਾਨ

ਬਰੈਂਪਟਨ, 15 ਸਤੰਬਰ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਨਵੇਂ ਲੋਕਲ ਸਕੂਲਜ਼ ਵਿੱਚ ਨਿਵੇਸ਼ ਕਰਕੇ ਬਰੈਂਪਟਨ ਦੇ ਪਰਿਵਾਰਾਂ ਲਈ ਵਰਲਡ ਕਲਾਸ ਐਜੂਕੇਸ਼ਨ ਸਿਸਟਮ ਨੂੰ ਯਕੀਨੀ ਬਣਾਉਣਾ ਚਾਹੁੰਦੀ ਹੈ। ਓਨਟਾਰੀਓ ਸਰਕਾਰ ਚਾਹੁੰਦੀ ਹੈ ਕਿ ਬਰੈਂਪਟਨ ਦੇ ਬੱਚੇ ਵਿਸ਼ਵ ਮਿਆਰੀ ਹੁਨਰ ਨੂੰ ਆਪਣੇ ਸਕੂਲਾਂ ਵਿੱਚ ਹੀ ਸਿੱਖਣ ਤੇ ਮੁਕਾਬਲੇਬਾਜ਼ੀ ਦੇ ਇਸ ਦੌਰ ਵਿੱਚ ਅਗਾਂਹ ਵੱਧ ਸਕਣ।

ਬਰੈਂਪਟਨ ਸਾਊਥ ਤੋਂ ਐਮਪੀਪੀ ਪ੍ਰਭਮੀਤ ਸਰਕਾਰੀਆ ਵੱਲੋਂ ਇਹ ਐਲਾਨ ਕੀਤਾ ਗਿਆ ਕਿ ਪ੍ਰੋਵਿੰਸ ਨੇ ਹਿੱਕਰੀ ਵੁੱਡ ਪਬਲਿਕ ਸਕੂਲ ਦੇ ਪਸਾਰ ਲਈ ਇੱਕ ਮਿਲੀਅਨ ਡਾਲਰ ਵਾਧੂ ਦੇਣ ਦੀ ਇਜਾਜ਼ਤ ਦੇ ਦਿੱਤੀ ਹੈ। ਇਸ ਨਾਲ ਇਸ ਸਕੂਲ ਵਿੱਚ ਦੋ ਚਾਈਲਡ ਕੇਅਰ ਰੂਮ ਹੋਰ ਬਣਾਏ ਜਾਣਗੇ ਤੇ ਇਸ ਨਾਲ 34 ਬੱਚਿਆਂ ਨੂੰ ਇੱਥੇ ਥਾਂ ਮਿਲ ਸਕੇਗੀ। ਇਹ ਪ੍ਰੋਵਿੰਸ ਦੇ ਕੈਪੀਟਲ ਇਨਵੈਸਟਮੈਂਟ ਪ੍ਰੋਗਰਾਮ ਦਾ ਹਿੱਸਾ ਹੈ। ਇਸ ਮੌਕੇ ਪ੍ਰਭਮੀਤ ਸਰਕਾਰੀਆ ਨੇ ਆਖਿਆ ਕਿ ਉਨ੍ਹਾਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਇਹ ਐਲਾਨ ਕਰਨ ਦਾ ਮੌਕਾ ਉਨ੍ਹਾਂ ਨੂੰ ਮਿਲਿਆ ਹੈ। ਓਨਟਾਰੀਓ ਲਈ ਇੱਥੋਂ ਦੇ ਬੱਚੇ ਹੀ ਸੱਭ ਤੋਂ ਬੇਸ਼ਕੀਮਤੀ ਸਰੋਤ ਹਨ। ਸਾਡੀ ਸਰਕਾਰ ਨੂੰ ਹਿੱਕਰੀ ਵੁੱਡ ਪਬਲਿਕ ਸਕੂਲ ਵਿੱਚ ਚਾਈਲਡਕੇਅਰ ਦਾ ਪਸਾਰ ਕਰਕੇ ਬਹੁਤ ਖੁਸ਼ੀ ਹੋ ਰਹੀ ਹੈ।

ਐਮਪੀਪੀ ਸਰਕਾਰੀਆ, ਜੋ ਕਿ ਓਨਟਾਰੀਓ ਦੇ ਸਮਾਲ ਬਿਜ਼ਨਸ ਐਂਡ ਰੈੱਡ ਟੇਪ ਰਿਡਕਸ਼ਨ ਮੰਤਰੀ ਵੀ ਹਨ, ਨੇ ਆਖਿਆ ਕਿ ਇਸ ਐਲਾਨ ਨਾਲ ਸਾਡੀ ਸਰਕਾਰ ਵਿਦਿਆਰਥੀਆਂ ਦੇ ਭਵਿੱਖ ਤੇ ਮਿਹਨਤੀ ਪਰਿਵਾਰਾਂ ਲਈ ਨਿਵੇਸ਼ ਕਰ ਰਹੀ ਹੈ। ਅਸੀਂ ਵਿਦਿਆਰਥੀਆਂ ਦੀ ਸਫਲਤਾ ਲਈ ਮੰਚ ਤਿਆਰ ਕਰ ਰਹੇ ਹਾਂ। ਪੀਲ ਡਿਸਟ੍ਰਿਕਟ ਸਕੂਲ ਬੋਰਡ ਦੇ ਚੇਅਰ ਸਟੈਨ ਕੈਮਰੂਨ ਨੇ ਆਖਿਆ ਕਿ ਪੀਲ ਡਿਸਟ੍ਰਿਕਟ ਸਕੂਲ ਬੋਰਡ ਦੇ ਪਰਿਵਾਰਾਂ ਲਈ ਇਹ ਬਹੁਤ ਹੀ ਕਮਾਲ ਦੀ ਖਬਰ ਹੈ।

ਉਨ੍ਹਾਂ ਆਖਿਆ ਕਿ ਐਮਪੀਪੀ ਪ੍ਰਭਮੀਤ ਸਰਕਾਰੀਆ ਵੱਲੋਂ ਕੀਤੇ ਗਏ ਐਲਾਨ ਦੀ ਅਸੀਂ ਸ਼ਲਾਘਾ ਕਰਦੇ ਹਾਂ ਤੇ ਅਸੀਂ ਓਨਟਾਰੀਓ ਸਰਕਾਰ ਦੇ ਇਸ ਉਪਰਾਲੇ ਲਈ ਉਨ੍ਹਾਂ ਦਾ ਧੰਨਵਾਦ ਕਰਦੇ ਹਾਂ। ਇਸ ਨਾਲ ਸਾਨੂੰ ਆਪਣੇ ਪਾਠਕ੍ਰਮ ਨੂੰ ਆਧੁਨਿਕ ਰੰਗਤ ਦੇਣ ਤੇ ਆਪਣੇ ਕਲਾਸਰੂਮਜ਼ ਵਿੱਚ ਨਵੀਂ ਰੂਹ ਫੂਕਣ ਦਾ ਮੌਕਾ ਮਿਲੇਗਾ।

PUNJABI POST
NOW HIRING!
SALES EXECUTIVES
Salary + Commison, Potential to earn $50,000/Year, Must have Own Car, Fluent in English & Punjabi.
Send your resume at: balwinder@punjabipost.ca
Call Punjabi Post: 905.793.2202

UK TRUCK TRAINING CENTRE
ukttc
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੁਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

# ਐਟਮੀ ਜੰਗ ਦੀ ਧਮਕੀ ਦੇਂਦੇ ਹੋਏ ਇਮਰਾਨ ਨੇ ਜੰਗ ਵਿੱਚ ਹਾਰਨ ਦੀ ਗੱਲ ਵੀ ਮੰਨ ਲਈ

ਇਸਲਾਮਾਬਾਦ, 15 ਸਤੰਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ ਜੰਮੂ-ਕਸ਼ਮੀਰ ਵਿੱਚੋਂ ਧਾਰਾ 370 ਹਟਾਏ ਜਾਣ ਪਿੱਛੋਂ ਪਾਕਿਸਤਾਨ ਭੜਕਿਆ ਪਿਆ ਤੇ ਲਗਾਤਾਰ ਕਸ਼ਮੀਰ ਦਾ ਰਾਗ ਅਲਾਪ ਰਿਹਾ ਹੈ। ਉਸ ਨੇ ਇਸ ਮੁੱਦੇ ਨੂੰ ਸੰਸਾਰ ਪੱਧਰ ਉੱਤੇ ਚੁੱਕਣ ਦੀ ਕੋਸ਼ਿਸ਼ ਕੀਤੀ ਸੀ, ਪਰ ਅਸਫਲ ਰਿਹਾ ਤਾਂ ਉਸ ਨੇ ਭਾਰਤ ਨੂੰ ਐਟਮੀ ਯੁੱਧ ਹੋਣ ਦੀ ਧਮਕੀ ਵੀ ਕਈ ਵਾਰੀ ਦਿੱਤੀ, ਪਰ ਇਸ ਬਾਰੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਨਵੀਂ ਇੰਟਰਵਿਊ ਨੇ ਉਸ ਦੇਸ਼ ਦੀ ਫੌਜੀ ਹਸਤੀ ਦੀ ਕਮਜ਼ੋਰੀ ਵੀ ਸਾਹਮਣੇ ਲਿਆ ਦਿੱਤੀ ਹੈ।

ਸੰਸਾਰ ਪੱਧਰੀ ਨਿਊਜ਼ ਚੈਨਲ ਅਲ ਜ਼ਜ਼ੀਰਾ ਨੂੰ ਦਿੱਤੇ ਇੰਟਰਵਿਊ ਦੌਰਾਨ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਇਹ ਗੱਲ ਮੰਨ ਲਈ ਹੈ ਕਿ ਜੇ ਭਾਰਤ ਨਾਲ ਸਿੱਧੀ ਜੰਗ ਹੋਵੇਤਾਂ ਪਾਕਿਸਤਾਨ ਨੂੰ ਇਸ ਵਿੱਚਹਾਰਨਾ ਪੈ ਸਕਦਾ ਹੈ। ਇਮ-ਰਾਨ ਨੇ ਇਹ ਗੱਲ ਭਾਰਤ ਨੂੰ ਦਿੱਤੀ ਐਟਮੀ ਜੰਗ ਦੀ ਧਮਕੀ ਬਾਰੇ ਸਵਾਲ ਦੇ ਜਵਾਬ ਵਿੱਚ ਕਹੀ ਹੈ। ਉਨ੍ਹਾਂ ਨੇ ਕਿਹਾ, 'ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪਾਕਿਸਤਾਨ ਕਦੀ ਐਟਮੀ ਯੁੱਧ ਸ਼ੁਰੂ ਨਹੀਂ ਛੇੜੇਗਾ। ਮੈਂ ਜੰਗ ਦਾ ਵਿਰੋਧੀ ਹਾਂ। ਮੇਰਾ ਮੰਨਣਾ ਹੈ ਕਿ ਜੰਗ ਨਾਲ ਸਮੱਸਿਆਵਾਂ ਦਾ ਹੱਲ ਨਹੀਂ ਹੁੰਦਾ ਅਤੇ ਇਸ ਦੇ ਚੰਗੇ ਨਤੀਜੇ ਨਹੀਂ ਨਿਕਲਦੇ।' ਇਮਰਾਨ ਖਾਨ ਦੇ ਇਸ ਬਿਆਨ ਨਾਲ ਉਸ ਦੇ ਦੋਹਰੇ ਰੁਖ ਦੀ ਪੋਲ ਖੁੱਲ੍ਹ ਗਈ ਹੈ।



ਵਰਨਣ ਯੋਗ ਹੈ ਕਿ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਦੇ ਮੁਜ਼ੱਫ਼ਰਾਬਾਦ ਵਿੱਚ ਦੋ ਦਿਨ ਪਹਿਲਾਂ ਇਮਰਾਨ ਖਾਨ ਨੇ ਭੜਕਾਊ ਬਿਆਨ ਦਿੱਤਾ ਅਤੇ ਨੌਜਵਾਨਾਂ ਨੂੰ ਭਾਰਤ ਵਿਰੁੱਧ ਲੜਨ ਲਈ ਉਕਸਾਇਆ ਸੀ। ਉਸ ਦਿਨ ਉਨ੍ਹਾ ਨੇ ਕਿਹਾ ਕਿ ਕੰਟਰੋਲ ਰੇਖਾ ਉੱਤੇ ਹਾਲੇ ਨਾ ਜਾਇਓ, ਮੈਂ ਦੱਸਾਂਗਾ ਕਿ ਕਦੋਂ ਜਾਣਾ ਹੈ।

ਤਾਜ਼ਾ ਇੰਟਰਵਿਊ ਵਿੱਚ ਇਮਰਾਨ ਖਾਨ ਨੇ ਕਿਹਾ, 'ਮੈਂ ਸਾਫ ਕਰ ਦੇਵਾਂ ਕਿ ਜਦੋਂ ਦੋ ਐਟਮੀ ਹਥਿਆਰਬੰਦ ਦੇਸ਼ ਰਵਾਇਤੀ ਜੰਗ ਲੜਨ ਤਾਂ ਐਟਮੀ ਜੰਗ ਤੌਰ ਉੱਤੇ ਖ਼ਤਮ ਹੋਣ ਦੀ ਪੂਰੀ ਸੰਭਾਵਨਾ ਹੁੰਦੀ ਹੈ। ਪਾਕਿਸਤਾਨ ਤੇ ਭਾਰਤ ਵਿੱਚਜੰਗ ਹੋਇਆ ਤੇ ਇਸ ਦੌਰਾਨ ਜੇ ਤੁਸੀਂ ਹਾਰ ਰਹੇ ਹੋ ਤਾਂ ਤੁਸੀਂ ਜਾਂ ਆਤਮ-ਸਮਰਪਣ ਕਰ ਸਕਦੇ ਹੋ ਜਾਂ ਆਪਣੀ ਆਜ਼ਾਦੀ ਲਈ ਆਖ਼ਰੀ ਸਾਹ ਤਕ ਲੜੋਗੇ। ਮੈਨੂੰ ਪਤਾ ਹੈ ਕਿ ਪਾਕਿਸਤਾਨ ਆਖ਼ਰੀ ਸਾਹ ਤਕ ਲੜੇਗਾ ਤੇ ਜਦੋਂ ਇਕ ਐਟਮੀ ਹਥਿਆਰ ਵਾਲਾ ਦੇਸ਼ ਆਖ਼ਰੀ ਸਾਹ ਤਕ ਲੜੇਗਾ ਤਾਂ ਜੰਗ ਦੇ ਨਤੀਜੇ ਕਾਫ਼ੀ ਭਿਆਨਕ ਹੋਣਗੇ। ਇਹੀ ਕਾਰਨ ਹੈ ਕਿ ਅਸੀਂ ਇਸ ਬਾਰੇ ਯੂ ਐੱਨ ਨਾਲ ਸੰਪਰਕ ਕੀਤਾ ਤੇ ਹਰ ਸੰਸਾਰ ਮੰਚ ਨਾਲ ਸੰਪਰਕ ਕਰ ਰਹੇ ਹਾਂ। ਜੇ ਦੋਵਾਂ ਦੇਸ਼ਾਂ ਦੀ ਜੰਗ ਹੋਵੇ ਤਾਂ ਇਸ ਦੇ ਨਤੀਜੇ ਕਾਫ਼ੀ ਖ਼ਤਰਨਾਕ ਹੋਣਗੇ।'

# ਭਾਰਤ-ਪਾਕਿ ਵਿਚਾਲੇ ਕਰਤਾਰਪੁਰ ਲਾਂਘੇ ਬਾਰੇ ਵੱਡੇ ਮੁੱਦਿਆਂ ਦੀ ਸਹਿਮਤੀ ਬਣੀ



ਲਾਹੌਰ, 14 ਸਤੰਬਰ, (ਪੋਸਟ ਬਿਊਰੋ)-ਪਾਕਿਸਤਾਨ ਵਿਚਲੇ ਗੁਰ-ਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਤੱਕ ਜਾਣ ਦੇ ਲਈ ਲਾਂਘਾ ਦੇਣ ਨਾਲ ਜੁੜੇ ਵੱਡੇ ਮੁੱਦਿਆਂ ਉੱਤੇ ਭਾਰਤ ਤੇ ਪਾਕਿਸਤਾਨ ਦੀ ਸਹਿਮਤੀ ਲਗਭਗ ਬਣ ਗਈ ਹੈ। ਦੋਵੇਂ ਦੇਸ਼ਾਂ ਨੇ ਇਸ ਲਾਂਘੇ ਦੇ ਰਸਤੇ ਹਰ ਰੋਜ਼ ਪੰਜ ਹਜ਼ਾਰ ਸ਼ਰਧਾਲੂਆਂ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਵਾਉਣ ਲਈ ਆਪਸ ਵਿੱਚ ਇੱਕ ਰਾਏ ਬਣਾ ਲਈ ਦੱਸੀ ਜਾਂਦੀ ਹੈ ਅਤੇ ਇਨ੍ਹਾਂ ਸ਼ਰਧਾਲੂਆਂ ਨੂੰ ਯਾਤਰਾ ਦੌਰਾਨ ਆਉਣ-ਜਾਣ, ਦੁਪਹਿਰ ਦਾ ਖਾਣਾ ਤੇ ਡਾਕਟਰੀ ਸਹੂਲਤ ਵੀ ਮੁਫ਼ਤ ਦਿੱਤੀ ਜਾਵੇਗੀ।

ਅੱਜ ਸ਼ਨਿਚਰਵਾਰ ਪਾਕਿਸਤਾਨ ਦੇ ਇਵੈਕਿਊ ਟਰੱਸਟ ਪ੍ਰਾਪਰਟੀਜ਼ ਬੋਰਡ (ਈਟੀਪੀਬੀ) ਦੇ ਇੱਕ ਅਧਿਕਾਰੀ ਨੇ ਇਸ ਸਹਿਮਤੀ ਹੋਣ ਦੀ ਜਾਣਕਾਰੀ ਦਿੱਤੀ ਹੈ। ਉਨ੍ਹਾ ਦੇ ਦੱਸਣ ਮੁਤਾਬਕ ਕਰਤਾਰਪੁਰ ਲਾਂਘੇ ਦੇ ਮੁੱਦੇ ਤੋਂ ਦੋਵਾਂ ਦੇਸ਼ਾਂ ਦੇ ਪ੍ਰਤੀਨਿਧਾਂ ਵਿਚਾਲੇ ਲਾਹੌਰ ਵਿੱਚ ਹੋਈ ਮੀਟਿੰਗ ਵਿੱਚ ਇਸ ਦੀ ਚਰਚਾ ਹੋਈ ਅਤੇਦੱਸਿਆ ਗਿਆ ਹੈ ਕਿ ਯਾਤਰਾ ਦੇ ਸ਼ੁਰੂ ਹੋਣ ਵੇਲੇ ਭਾਰਤੀ ਨਾਗਰਿਕਾਂ ਨੂੰ ਲਾਂਘਾ ਕਾਰਡ ਦਿੱਤੇ ਜਾਣਗੇ ਅਤੇ ਉਨ੍ਹਾਂ ਨੂੰ ਆਪਣਾ ਪਾਸ-ਪੋਰਟ ਲਾਂਘੇ ਦੇ ਗੇਟ ਉੱਤੇ ਮੈਨੇਜਮੈਂਟ ਕੋਲ ਜਮ੍ਹਾਂ ਕਰਾਉਣਾ ਪਵੇਗਾ, ਜਿਹੜਾ ਵਾਪਸੀ ਉੱਤੇ ਉਨ੍ਹਾਂ ਨੂੰ ਮਿਲੇਗਾ। ਬੋਰਡ ਨੇ ਕਿਹਾ ਕਿ ਰੋਜ਼ਪੰਜ ਹਜ਼ਾਰ ਯਾਤਰੀ ਜਾਣਗੇ, ਸਵੇਰ ਤੋਂ ਸ਼ਾਮ ਤਕ ਉਨ੍ਹਾਂ ਨੂੰ ਯਾਤਰਾ ਕਰਨ ਦੀ ਆਗਿਆ ਹੋਵੇਗੀ ਅਤੇਨੋਬਲ ਗਲੋਬਲ ਕੰਪਨੀ ਮਿਥੇ ਹੋਏ ਸਥਾਨ ਤੋਂ ਯਾਤਰੀਆਂ ਨੂੰ 'ਪਿਕ ਐਂਡ ਡਰਾਪ' (ਲਿਜਾਣ ਤੇ ਛੱਡਣ) ਦੀ ਸਹੂਲਤ ਪੇਸ਼ ਕਰੇਗੀ।

ਇਸ ਦੌਰਾਨ ਇਹ ਵੀ ਪਤਾ ਲੱਗਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਪਾਕਿ-ਸਤਾਨ ਸਰਕਾਰ ਸਿੱਖ ਸ਼ਰਧਾਲੂਆਂ ਨੂੰ 10000 ਤੋਂ ਵੱਧ ਵੀਜ਼ੇ ਦੇਵੇਗੀ। ਇਹ ਪ੍ਰਕਿਰਿਆ ਨਵੰਬਰ ਦੇ ਪਹਿਲੇ ਹਫ਼ਤੇ ਸ਼ੁਰੂ ਕਰਨ ਦੀ ਚਰਚਾ ਹੈ। ਪਾਕਿ ਅਧਿਕਾਰੀਆਂ ਮੁਤਾਬਕ ਸਪੈਸ਼ਲ ਟਰੇਨ ਸਿੱਖ ਸ਼ਰਧਾਲੂਆਂ ਨੂੰ ਲੈ ਕੇ ਭਾਰਤ ਦੇ ਅਟਾਰੀ ਸਟੇਸ਼ਨ ਤੋਂ ਪਾਕਿਸਤਾਨ ਦੇ ਵਾਹਗਾ ਰੇਲਵੇ ਸਟੇਸ਼ਨ ਜਾਵੇਗੀ ਤੇ ਓਥੋਂ ਉਹ ਨਨਕਾਣਾ ਸਾਹਿਬ ਨੂੰ ਜਾਣਗੇ।ਸਿੱਖ ਜਥਿਆਂ ਦਾ ਆਉਣਾ 8 ਨਵੰਬਰ ਤੱਕ ਜਾਰੀ ਰਹੇਗਾ ਤੇ ਦੁਨੀਆਦੇ ਕਿਸੇ ਵੀ ਦੇਸ਼ ਵਿਚਲੇ ਸਿੱਖ ਇਸ ਰਸਤੇ ਪਾਕਿਸਤਾਨ ਜਾ ਸਕਣਗੇ। ਇਸ ਮੌਕੇ ਯਾਤਰੀਆਂ ਦੀ ਸਹੂਲਤ ਲਈ ਕਸਟਮ ਤੇ ਇਮੀਗ੍ਰੇਸ਼ਨ ਵਲੋਂ ਵਾਹਗਾ ਸਰਹੱਦ ਉੱਤੇ ਵਾਧੂ ਕਾਊਂਟਰ ਲਾਏ ਜਾਣਗੇ।

## ਚਿਤਾਵਨੀ ਮਗਰੋਂ ਵੀ 82 ਸਾਬਕਾ ਐੱਮ ਪੀਜ਼ ਨੇ ਸਰਕਾਰੀ ਬੰਗਲੇ ਖਾਲੀ ਨਹੀਂ ਕੀਤੇ

ਨਵੀਂ ਦਿੱਲੀ, 15 ਸਤੰਬਰ, (ਪੋਸਟ ਬਿਊਰੋ)- ਭਾਰਤ ਦੀ ਰਾਜਧਾਨੀ ਦਿੱਲੀ ਵਿਚਲੇ ਲੁਟੀਅਨਜ਼ ਜ਼ੋਨ ਵਿੱਚ 82 ਸਾਬਕਾ ਪਾਰਲੀਮੈਂਟ ਮੈਂਬਰਾਂ ਨੇ ਲੋਕ ਸਭਾ ਦੇ ਇਕ ਪੈਨਲ ਵੱਲੋਂ ਮਿਲੀ ਸਖਤ ਚਿਤਾਵਨੀ ਪਿੱਛੋਂ ਵੀ ਸਰਕਾਰੀ ਬੰਗਲੇ ਖਾਲੀ ਨਹੀਂ ਕੀਤੇ। ਅਧਿਕਾਰੀਆਂ ਨੇ ਦੱਸਿਆ ਕਿ ਲੋਕ ਆਵਾਸ (ਅਣਅਧਿਕਾਰਤ ਕਬਜ਼ਾ ਖਾਲੀ ਕਰਾਉਣਾ) ਐਕਟ ਹੇਠ ਸਰਕਾਰ ਇਨ੍ਹਾਂ ਸਾਬਕਾ ਪਾਰਲੀਮੈਂਟ ਮੈਂਬਰਾਂ ਉੱਤੇ ਕਾਰਵਾਈ ਕਰਨਬਾਰੇ ਵਿਚਾਰ ਕਰ ਰਹੀ ਹੈ।

ਵਰਨਣ ਯੋਗ ਹੈ ਕਿ ਸੀ ਆਰ ਪਾਟਿਲ ਦੀ ਅਗਵਾਈ ਹੇਠ ਲੋਕ ਸਭਾ ਆਵਾਸ ਕਮੇਟੀ ਨੇ ਬੀਤੀ 19 ਅਗਸਤ ਨੂੰ ਕਰੀਬ 200 ਸਾਬਕਾ ਪਾਰਲੀਮੈਂਟ ਮੈਂਬਰਾਂ ਨੂੰ ਇਕ ਹਫਤੇ ਅੰਦਰ ਬੰਗਲੇ ਖਾਲੀ ਕਰਨ ਦਾ ਹੁਕਮ ਦਿੱਤਾ ਸੀ ਤੇ ਏਦਾਂ ਨਾ ਕਰਨ ਦੀ ਸੂਰਤ ਵਿਚ 3 ਦਿਨਾਂ ਅੰਦਰ ਬਿਜਲੀ, ਪਾਣੀ ਤੇ ਗੈਸ ਕੁਨੈਕਸ਼ਨ ਕੱਟਣ ਨੂੰ ਕਿਹਾ ਸੀ। ਕਮੇਟੀ ਦੇ ਹੁਕਮ ਪਿੱਛੋਂ ਕਈ ਸਾਬਕਾ ਪਾਰਲੀਮੈਂਟ ਮੈਂਬਰਾਂ ਨੇ ਬੰਗਲੇ ਛੱਡ ਦਿੱਤੇ, ਪਰ 82 ਜਣਿਆਂ ਨੇ ਹਾਲੇ ਬੰਗਲਾ ਨਹੀਂ ਛੱਡਿਆ। ਲੋਕ ਸਭਾ ਆਵਾਸ ਕਮੇਟੀ ਦੇ ਸੂਤਰਾਂ ਮੁਤਾਬਕ ਏਹੋ ਜਿਹੇ ਸਾਬਕਾ ਪਾਰਲੀਮੈਂਟ ਮੈਂਬਰਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ, ਜਿਸ ਲਈ ਇਨ੍ਹਾਂ ਨੂੰ ਨੋਟਿਸ ਭੇਜ ਕੇ ਬੰਗਲਾ ਖਾਲੀ ਕਰਨ ਨੂੰ ਕਿਹਾ ਜਾਵੇਗਾ। ਜਦੋਂ ਇਹ ਹੁਕਮ ਪਾਸ ਹੋ ਜਾਵੇਗਾ, ਉਨ੍ਹਾਂ ਦੇ ਬੰਗਲਿਆਂ ਦੀ ਬਿਜਲੀ, ਪਾਣੀ ਅਤੇ ਕੁਕਿੰਗ ਗੈਸ ਦਾ ਕੁਨੈਕਸ਼ਨ ਕੱਟ ਦਿੱਤਾ ਜਾਵੇਗਾ। ਨਿਯਮਾਂ ਮੁਤਾਬਕ ਸਾਬਕਾ ਪਾਰਲੀਮੈਂਟ ਮੈਂਬਰਾਂ ਨੂੰ ਸੰਬੰਧਿਤ ਬੰਗਲਾ ਲੋਕ ਸਭਾ ਭੰਗ ਹੋਣ ਦੇ ਇਕ ਮਹੀਨੇ ਅੰਦਰ ਛੱਡਣਾ ਪੈਂਦਾ ਹੈ।

# ਕਸ਼ਮੀਰੀਆਂ ਦੀ ਹਮਾਇਤ ਵਿੱਚ ਚੰਡੀਗੜ੍ਹ ਜਾਂਦੇ ਕਿਸਾਨ-ਮਜ਼ਦੂਰ ਪੁਲਿਸ ਨੇ ਰਾਹ ਵਿੱਚ ਰੋਕੇ

* ਕਈ ਥਾਂਈਂ ਨੈਸ਼ਨਲ ਹਾਈਵੇ ਜਾਮ ਕਰ ਦਿੱਤਾ ਗਿਆ

ਬਠਿੰਡਾ, 15 ਸਤੰਬਰ, (ਪੋਸਟ ਬਿਊਰੋ)- ਜੰਮੂ-ਕਸ਼ਮੀਰ ਵਿੱਚ ਭਾਰਤ ਸਰਕਾਰ ਵੱਲੋਂ ਲਾਈਆਂ ਰੋਕਾਂ ਕਾਰਨ ਉਸ ਰਾਜ ਦੇ ਲੋਕਾਂ ਦੇ ਹੱਕ ਵਿੱਚ ਚੰਡੀਗੜ੍ਹ ਵਿੱਚ ਹੋਣ ਵਾਲੀ ਰੈਲੀਵਾਸਤੇ ਜਾਂਦੇ ਵੱਖ-ਵੱਖ ਜਥੇਬੰਦੀਆਂ ਦੇ ਲੋਕਾਂ ਨੂੰ ਪੁਲਸ ਨੇ ਰਾਹ ਵਿੱਚ ਰੋਕ ਦਿੱਤਾ ਹੈ। ਇਸ ਪਿੱਛੋਂ ਉਨ੍ਹਾ ਨੇ ਬਠਿੰਡਾ-ਚੰਡੀਗੜ੍ਹ ਨੈਸ਼ਨਲ ਹਾਈਵੇ ਜਾਮ ਕਰ ਦਿੱਤਾ ਹੈ।

ਕਸ਼ਮੀਰੀ ਲੋਕਾਂ ਦੇ ਹੱਕ ਵਿੱਚ ਬੋਲ ਰਹੇਇਨ੍ਹਾਂ ਗਿਆਰਾਂ ਸੰਗਠਨਾਂ ਵਿੱਚੋਂ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ, ਪੰਜਾਬ ਖੇਤ ਮਜ਼ਦੂਰ ਯੂਨੀਅਨ ਅਤੇ ਨੌਜਵਾਨ ਭਾਰਤ ਸਭਾ ਦਾ ਕਾਫਲਾ ਅੱਜ ਐਤਵਾਰ ਸਵੇਰੇ ਚੰਡੀਗੜ੍ਹ ਨੂੰ ਚੱਲਿਆ ਤਾਂ ਬਠਿੰਡਾ-ਚੰਡੀਗੜ੍ਹ ਰੋਡ ਉੱਤੇ ਭੁੱਚੋ ਖੁਰਦ ਕੋਲ ਪੁਲਿਸ ਨੇ ਨਾਕਾਬੰਦੀ ਕਰ ਕੇ ਇਸ ਨੂੰ ਰੋਕ ਲਿਆ। ਇਸ ਮਗਰੋਂਇਨ੍ਹਾਂ ਜਥੇਬੰਦੀਆਂ ਦੇ ਵਰਕਰਾਂ ਨੇ ਬਠਿੰਡਾ-ਚੰਡੀਗੜ੍ਹ ਰੋਡ ਉੱਤੇ ਭੁੱਚੋ ਖੁਰਦ ਨੇੜੇ ਜਾਮ ਲਾ ਦਿੱਤਾ।ਏਦਾਂ ਦੇ ਇਕ ਹੋਰ ਕਾਫ਼ਲੇ ਦੀ ਅਗਵਾਈ ਕਰ ਰਹੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਮੋਠੂ ਸਿੰਘ ਕੋਟੜਾ ਅਤੇ ਹਰਵਿੰਦਰ ਕੌਰ ਬਿੰਦੂ ਦੀ ਅਗਵਾਈ ਵਿੱਚ ਚੰਡੀਗੜ੍ਹ ਲਈ ਚੱਲੇ ਲੋਕਾਂ ਨੂੰ ਰਾਮਪੁਰਾ ਤੋਂ ਥੋੜ੍ਹੀ ਦੂਰ ਪੁਲਿਸ ਨੇ ਨਾਕੇ ਉੱਤੇ ਰੋਕਿਆ ਤਾਂ ਕਿਸਾਨਾਂ ਤੇ ਮਜ਼ਦੂਰਾਂ ਨੇ ਓਥੇ ਧਰਨਾ ਲਾ ਕੇ ਪੰਜਾਬ ਸਰਕਾਰ ਦੇ ਖਿਲਾਫ਼ ਨਾਅਰੇਬਾਜੀ ਕੀਤੀ। ਇਸ ਜਥੇਬੰਦੀ ਦੇ ਆਗੂਆਂ ਨੇ ਦੋਸ਼ ਲਾਇਆ ਕਿ ਰਾਜ ਸਰਕਾਰ ਜਾਣ-ਬੁੱਝ ਕੇ ਉਨ੍ਹਾਂ ਨੂੰ ਖੱਜਲ ਕਰ ਰਹੀ ਹੈ। ਓਧਰ ਤਲਵੰਡੀ ਸਾਬੋ ਵਿੱਚ ਕਿਸਾਨ-ਮਜ਼ਦੂਰ ਜਥੇ ਨੂੰ ਪੁਲਿਸ ਨੇ ਰੋਕ ਲਿਆ, ਜਿਸ ਪਿੱਛੋਂ ਉਨ੍ਹਾਂ ਨੇ ਖੰਡਾ ਚੌਕ ਨੇੜੇ ਜਾਮ ਲਾ ਦਿੱਤਾ।



ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਸ਼ਿੰਗਾਰਾ ਸਿੰਘ ਮਾਨ ਦੇ ਮੁਤਾਬਕ ਕਸ਼ਮੀਰੀ ਲੋਕਾਂ ਦੇ ਹੱਕ ਵਿੱਚ 11 ਜਥੇਬੰਦੀਆਂ ਨੇ ਚੰਡੀਗੜ੍ਹ ਵਿਖੇ ਰੈਲੀ ਰੱਖੀ ਸੀ, ਜਿਸ ਲਈ ਕਿਸਾਨ-ਮਜ਼ਦੂਰ ਤੇ ਨੌਜਵਾਨ ਜਾਣੇ ਸਨ, ਪਰ ਪੁਲਿਸ ਨੇ ਥਾਂ-ਥਾਂਨਾਕੇ ਲਾ ਕੇ ਰੋਕ ਲਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਉਨ੍ਹਾਂ ਵੱਲੋਂ ਕਿਰਾਏ ਉੱਤੇ ਲਈਆਂ ਬੱਸਾਂ ਦੇ ਮਾਲਕਾਂ ਨੂੰ ਡਰਾ-ਧਮਕਾ ਕੇ ਪੁਲਿਸ ਨੇ ਬੱਸਾਂ ਦੇਣ ਤੋਂ ਮਨ੍ਹਾਂ ਕਰਵਾਇਆ, ਫਿਰ ਵੀ ਉਹ ਕੁਝ ਸਾਧਨਾਂ ਦਾ ਪ੍ਰਬੰਧ ਕਰ ਕੇ ਚੰਡੀਗੜ੍ਹ ਚੱਲੇ ਸਨ। ਬਠਿੰਡਾ-ਚੰਡੀਗੜ੍ਹ ਸੜਕ ਦੋ ਥਾਂ ਜਾਮ ਹੋਣ ਨਾਲ ਆਉਂਦੇ-ਜਾਂਦੇ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਪੁਲਿਸ ਪ੍ਰਸ਼ਾਸਨ ਨੇ ਭਾਵੇਂ ਕਿਸਾਨਾਂ ਨੂੰ ਦੋ ਥਾਂਈਂ ਰੋਕ ਲਿਆ, ਪਰ ਆਵਾਜਾਈ ਲਈ ਕੋਈ ਹੋਰ ਪ੍ਰਬੰਧ ਨਾ ਕੀਤੇ ਜਾਣ ਕਾਰਨ ਲੋਕ ਵਿਚਾਲੇ ਫਸੇ ਹੋਏ ਹਨ।

# ਹਾਂਗ ਕਾਂਗ ਵਿੱਚ ਐਤਵਾਰ ਨੂੰ ਫਿਰ ਪੈਟਰੋਲ ਬੰਬ, ਅੱਥਰੂ ਗੈਸ ਦੇ ਗੋਲ਼ੇ ਚੱਲਦੇ ਰਹੇ

ਹਾਂਗ ਕਾਂਗ, 15 ਸਤੰਬਰ, (ਪੋਸਟ ਬਿਊਰੋ)- ਲੋਕਤੰਤਰ ਦੀ ਮੰਗ ਕਰ ਰਹੇ ਮੁਜ਼ਾਹਰਾਕਾਰੀਆਂ ਤੇ ਪੁਲਿਸ ਵਿਚਾਲੇ ਹਾਂਗ ਕਾਂਗ ਵਿੱਚਪਿਛਲੇ ਕਈ ਹਫਤਿਆਂ ਤੋਂ ਚੱਲ ਰਿਹਾ ਟਕਰਾਅ ਇਸ ਐਤਵਾਰ ਫਿਰ ਚੱਲ ਪਿਆ। ਖ਼ੁਦ-ਮੁਖ਼ਤਾਰ ਖੇਤਰ ਦੇ ਅਸੈਂਬਲੀ ਹਾਊਸਅਤੇ ਕੇਂਦਰੀ ਦਫ਼ਤਰਾਂ ਵਾਲੇ ਇਲਾਕੇ ਵਿੱਚ ਵੜਨ ਦੀ ਕੋਸ਼ਿਸ਼ ਕਰਦੇ ਲੋਕਾਂ ਨੂੰ ਜਦੋਂ ਪੁਲਿਸ ਨੇ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਭੇੜ ਸ਼ੁਰੂ ਹੋ ਗਿਆ। ਇਸ ਮੌਕੇ ਪੁਲਿਸ ਨੇ ਅੱਜ ਫਿਰ ਲਾਠੀਚਾਰਜ ਦੇ ਨਾਲ ਅੱਥਰੂ ਗੈਸ ਦੇ ਗੋਲ਼ੇ ਤੇ ਪਾਣੀ ਦੀ ਬੁਛਾੜ ਛੱਡੀ ਤਾਂ ਅੱਗੋਂ ਲੋਕਾਂ ਨੇ ਪੱਥਰ ਅਤੇ ਪੈਟਰੋਲ ਬੰਬ ਚਲਾਏ।

ਮਿਲੀ ਜਾਣਕਾਰੀ ਅਨੁਸਾਰ ਅੱਜ ਐਤਵਾਰ ਨੂੰ ਕੁਝ ਲੋਕਹਾਂਗ ਕਾਂਗਵਿਚਲੇ ਚੀਨੀ ਫ਼ੌਜ ਦੇ ਅੱਡੇ ਨੇੜੇ ਜਾ ਪਹੁੰਚੇ ਅਤੇ ਓਥੇ ਪੈਟਰੋਲ ਬੰਬ ਸੁੱਟਣ ਦੇ ਨਾਲ ਉਹਲਾਲ ਬੈਨਰ ਹੇਠਾਂ ਸੁੱਟ ਕੇ ਅੱਗ ਲਾ ਦਿੱਤੀ, ਜਿਸ ਵਿੱਚ ਇਕ ਅਕਤੂਬਰ ਨੂੰ ਚੀਨੀਰਿਪਬਲਿਕ ਦੀ 70ਵੀਂ ਵਰ੍ਹੇਗੰਢ ਉੱਤੇ ਸਮਾਰੋਹ ਕਰਨਬਾਰੇ ਸੂਚਨਾ ਲਿਖੀ ਹੋਈ ਸੀ। ਇਕ ਥਾਂ ਨੀਲੇ ਪਾਣੀ ਦੀ ਬੁਛਾੜ ਕਰਦੀ ਵਾਟਰ ਮਸ਼ੀਨ ਉੱਤੇ ਸੁੱਟੇ ਪੈਟਰੋਲ ਬੰਬ ਨਾਲ ਅੱਗ ਲੱਗ ਜਾਣ ਤੋਂ ਬਾਅਦ ਓਥੇ ਮੌਜੂਦ ਫਾਇਰ ਬ੍ਰਿਗੇਡ ਨੇ ਅੱਗ ਉੱਤੇ ਕਾਬੂ ਪਾਇਆ। ਇਸ ਦੌਰਾਨ ਐਤਵਾਰ ਨੂੰ ਕਈ ਥਾਂ ਭੜਕੀ ਹਿੰਸਾ ਤੋਂ ਬਾਅਦ ਪੁਲਿਸ ਨੇ ਲੋਕਾਂ ਨੂੰ ਆਪਣੀਆਂ ਗ਼ੈਰ ਕਾਨੂੰਨੀ ਸਰਗਰਮੀਆਂ ਬੰਦ ਕਰਨ ਦੀ ਚਿਤਾਵਨੀ ਦਿੱਤੀ ਹੈ। ਵਰਨਣ ਯੋਗ ਹੈ ਕਿ ਇਕੱਠੇ ਹੋ ਕੇ ਲੜਦੇ ਲੋਕਤੰਤਰ ਹਮਾਇਤੀਆਂ ਦੀਆਂ ਸਰਗਰਮੀਆਂ ਦੇ ਵਿਰੋਧ ਲਈਅੱਜ ਐਤਵਾਰ ਨੂੰ ਚੀਨ-ਹਮਾਇਤੀ ਗਰੁੱਪ ਸਾਹ-ਮਣੇ ਨਹੀਂ ਆਏ। ਇਹ ਚੀਨ-ਹਮਾਇਤੀ ਗਰੁੱਪ ਬੀਤੇ ਸ਼ਨਿਚਰਵਾਰ ਕਈ ਥਾਂ ਸਾਹ-ਮਣੇ ਆਏ ਸਨ ਤੇ ਉਨ੍ਹਾਂ ਨੇ ਲੋਕਤੰਤਰ-ਪੱਖੀਆਂ ਨਾਲ ਭਿੜਨ ਦੀ ਕੋਸ਼ਿਸ਼ ਵੀ ਕੀਤੀ ਸੀ।

ਚੀਨ ਨਾਲ ਹਾਂਗ ਕਾਂਗ ਦੀ ਹਵਾਲਗੀ ਸੰਧੀ ਵਾਲੇ ਫੈਸਲੇ ਦੇ ਵਿਰੁੱਧ ਤਿੰਨ ਮਹੀਨੇ ਪਹਿਲਾਂ ਇਸ ਅੰਦੋਲਨ ਚੱਲਿਆ ਸੀ, ਜਿਸਪਿੱਛੋਂ ਉਸ ਨਾਲ ਚਾਰ ਹੋਰ ਮੰਗਾਂ ਜੁੜ ਗਈਆਂ। ਇਨ੍ਹਾਂ ਵਿੱਚਹਾਂਗ ਕਾਂਗ ਵਿੱਚ ਲੋਕਤੰਤਰ ਦੀ ਮੰਗ ਸਾਰਿਆਂ ਤੋਂ ਵੱਡੀ ਹੈ, ਜਿਸਦੇ ਤਹਿਤ ਖ਼ੁਦ-ਮੁਖ਼ਤਾਰ ਖੇਤਰ ਵਿੱਚਸਿਰਫ ਹਾਂਗ ਕਾਂਗ ਦਾ ਕੋਈਵਸਨੀਕ ਹੀ ਚੋਣ ਲੜ ਕੇ ਸ਼ਾਸਨ ਕਰ ਸਕਦਾ ਹੈ। ਚੀਨ ਇਸ ਮੰਗ ਨੂੰ ਆਪਣੇ ਦੇਸ਼ ਦੇ ਮੁੱਢਲੇ ਢਾਂਚੇ ਉੱਤੇ ਵਾਰ ਮੰਨਦਾ ਅਤੇ ਇਸ ਮੰਗ ਦੇ ਲਈ ਅਮਰੀਕਾ ਸਮੇਤ ਪੱਛਮੀ ਦੇਸ਼ਾਂ ਵੱਲੋਂ ਅੰਦੋਲਨ ਕਰਦੇ ਲੋਕਾਂ ਦੀ ਹਮਾਇਤ ਨੂੰ ਜ਼ਿੰਮੇਵਾਰ ਮੰਨਦਾ ਹੈ।

# ਤਰਨ ਤਾਰਨ ਧਮਾਕਾ ਕੇਸ ਵਿੱਚ ਇਕ ਜਣੇ ਦੀ ਗ੍ਰਿਫਤਾਰੀ

* ਹੋਸ਼ ਵਿੱਚ ਆਏ ਜੰਟਾ ਤੋਂ ਸਖਤੀ ਨਾਲ ਪੁਛਗਿੱਛ ਦੀ ਚਰਚਾ ਸ਼ੁਰੂ

ਤਰਨ ਤਾਰਨ, 15 ਸਤੰਬਰ, (ਪੋਸਟ ਬਿਊਰੋ)- ਪਿਛਲੇ ਹਫਤੇਜ਼ਿਲਾ ਤਰਨ ਤਾਰਨ ਦੇ ਪਿੰਡ ਪੰਡੋਰੀ ਗੋਲਾ ਵਿਖੇ ਧਮਾਕਾਖੇਜ਼ ਪਦਾਰਥ ਦੇ ਕਾਰਨ ਹੋਏ ਇੱਕ ਧਮਾਕੇ ਦੇ ਕੇਸ ਵਿੱਚ ਪੁਲਸ ਨੂੰ ਸਫਲਤਾ ਮਿਲ ਗਈ ਹੈ। ਇਸ ਬਾਰੇ ਪੁਲਸ ਨੇ ਇਕ ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ ਦੱਸਿਆ ਜਾ ਰਿਹਾ ਹੈ।

ਮਿਲੀ ਜਾਣਕਾਰੀ ਅਨੁਸਾਰ ਪੁਲਸ ਨੇ ਇਸ ਕੇਸ ਵਿੱਚ ਮਾਸ਼ਾ ਸਿੰਘ ਪਿੰਡ ਦੀਨੇਵਾਲ, ਜ਼ਿਲਾ ਤਰਨ ਤਾਰਨ ਨੂੰ ਅੱਜ ਗ੍ਰਿਫਤਾਰ ਕੀਤਾ ਤੇ ਉਸ ਨੂੰ ਅਦਾਲਤ ਵਿੱਚ ਪੇਸ਼ ਕਰ ਕੇ 4 ਦਿਨਾਂ ਦਾ ਰਿਮਾਂਡ ਲਿਆ ਹੈ। ਇਸ ਬਾਰੇ ਪੁਲਸ ਨੇ ਮੀਡੀਆ ਤੋਂ ਦੂਰੀ ਰੱਖੀ ਹੋਈ ਹੈ ਅਤੇ ਕੋਈ ਅਧਿਕਾਰੀ ਕੁਝ ਕਹਿਣ ਨੂੰ ਤਿਆਰ ਨਹੀਂ। ਪੁਲਸ ਨੂੰ ਫੜੇ ਗਏ ਵਿਅਕਤੀ ਤੋਂ ਕਾਫੀ ਜਾਣਕਾਰੀ ਮਿਲਣ ਦੀ ਆਸ ਹੈ। ਜਾਣਕਾਰ ਸੂਤਰਾਂ ਤੋਂ ਇਹ ਪਤਾ ਲੱਗਾ ਹੈ ਕਿ ਇਹ ਇਕ ਗਰੁੱਪ ਦਾ ਮੈਂਬਰ ਹੈ, ਜਿਸ ਵਿੱਚ 15 ਤੋਂ 20 ਲੋਕ ਹੋ ਸਕਦੇ ਹਨ। ਸੂਤਰਾਂ ਮੁਤਾਬਕਤਰਨ ਤਾਰਨ ਦੇ ਇੱਕ ਹਸਪਤਾਲਤੋਂ ਇਲਾਜ ਕਰਵਾ ਰਹੇ ਗੁਰਜੰਟ ਸਿੰਘ ਜੰਟਾ ਪਿੰਡ ਬੱਚੜੇ ਦੇ ਹੋਸ਼ ਵਿਚ ਆਉਣ ਪਿੱਛੋਂ ਪੁਲਿਸ ਸਖਤੀ ਨਾਲ ਪੁੱਛਗਿੱਛ ਸ਼ੁਰੂ ਕਰ ਚੁੱਕੀ ਹੈ।

ਬੀਤੇ 4 ਸਤੰਬਰ ਨੂੰ ਨੇੜਲੇ ਪਿੰਡ ਕਲੇਰ ਦੇ ਇੱਕ ਖਾਲੀ ਪਏ ਪਲਾਟ ਵਿਚਜਬਰਦਸਤ ਬੰਬ ਧਮਾਕੇ ਵਿੱਚ ਪਿੰਡ ਕੱਦਗਿੱਲ ਦੇ ਬਿਕਰਮਜੀਤ ਸਿੰਘ ਉਰਫ ਬਿੱਕਰ ਤੇ ਪਿੰਡ ਬੱਚੜੇ ਦੇ ਹਰਪ੍ਰੀਤ ਸਿੰਘ ਦੀ ਮੌਕੇ ਉੱਤੇਮੌਤ ਹੋ ਗਈ ਸੀ ਤੇ ਬੱਚੜੇ ਪਿੰਡ ਦਾ ਗੁਰਜੰਟ ਸਿੰਘ ਜੰਟਾ ਗੰਭੀਰ ਜਖਮੀ ਹੋਇਆ ਸੀ। ਨਿੱਜੀ ਹਸਪਤਾਲ ਤੋਂ ਇਲਾਜ ਕਰਾ ਰਹੇ ਜੰਟਾ ਦੀਆਂ ਅੱਖਾਂ ਦੀ ਰੋਸ਼ਨੀ ਨਹੀਂ ਰਹੀ, ਪਰ ਉਸਦੀਆਂ ਅੱਖਾਂ ਬਾਰੇ ਹੋਰ ਹਸਪਤਾਲਾਂ ਤੋਂ ਰਾਏ ਲਈ ਜਾ ਰਹੀ ਹੈ। ਗੰਭੀਰ ਜਖਮੀ ਹੋਣ ਕਰਕੇ ਹਾਲੇ ਤਕ ਪੁਲਿਸ ਉਸ ਤੋਂ ਸਖਤੀ ਨਾਲ ਪੁੱਛਗਿੱਛ ਨਹੀਂ ਕਰ ਸਕੀ ਸੀ ਤੇ ਉਸ ਨੂੰ ਹਸਪਤਾਲ ਵਿੱਚ ਸਖਤ ਪੁਲਿਸ ਪਹਿਰੇ ਹੇਠ ਰੱਖਿਆ ਸੀ। ਉਸ ਨੂੰ ਮਿਲਣ ਦੀ ਇਜਾਜਤ ਕਿਸੇ ਨੂੰ ਨਹੀਂ ਸੀ। ਪਤਾ ਲੱਗਾ ਹੈ ਕਿ ਜੰਟਾ ਇਸ ਵੇਲੇ ਪੂਰੀ ਤਰ੍ਹਾਂ ਹੋਸ਼ ਵਿਚ ਆ ਚੁੱਕਾ ਹੈ ਤੇ ਪੁਲਿਸ ਨੂੰ ਉਸ ਨੂੰ ਵੱਡਾ ਸੂਤਰਮੰਨ ਕੇ ਉਸ ਕੋਲੋਂ ਸਖਤੀ ਨਾਲ ਪੁੱਛਗਿੱਛ ਕਰਨ ਦਾ ਕੰਮ ਸ਼ੁਰੂ ਕਰ ਚੁੱਕੀ ਹੋ ਸਕਦੀ ਹੈ। ਕੇਸ ਦੀ ਜਾਂਚ ਲਈ ਰਾਸ਼ਟਰੀ ਜਾਂਚ ਏਜੰਸੀ (ਐਐਨ ਆਈ) ਅਤੇ ਫੌਰਿੰਸਕ ਮਾਹਿਰਾਂ ਨੇ ਘਟਨਾ ਸਥਾਨ ਤੋਂ ਨਮੂਨੇ ਅਤੇਬਾਰੂਦ ਦਾ ਮਲਬਾ ਲਿਆ ਸੀ, ਜਿਸ ਪਿੱਛੋਂ ਪੁਲਿਸ ਨੇ ਲਾਸ਼ਾਂ ਚੁੱਕੀਆਂ ਸਨ। ਉਸ ਪਿੱਛੋਂ ਇਸ ਕੇਸ ਬਾਰੇ ਤਰਨ ਤਾਰਨ ਦੇ ਐਸਐਸਪੀ ਧਰੁਵ ਦਹੀਆ ਲਗਾਤਾਰ ਮੀਡੀਆ ਤੋਂ ਦੂਰੀ ਰੱਖ ਰਹੇ ਹਨ ਤੇ ਸਿਰਫ ਏਹੀ ਕਹਿੰਦੇ ਹਨ ਕਿ ਚੱਲਦੀ ਜਾਂਚ ਦੀਆਂ ਗੱਲਾਂ ਕਿਸੇ ਨਾਲ ਸਾਂਝੀਆਂ ਨਹੀਂ ਕੀਤੀਆਂ ਜਾ ਸਕਦੀਆਂ।


Paramjit Deol CELL: 416-993-7378
Broker 7071 Airport Rd, Suit 201, Mississauga, ON
Century 21 Leading Edge Realty Ltd Brokerage* Independently Owned and Operated.
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today

MISSISSAUGA $975 — Tranmere Dr E.: Office Space For Lease, 2nd Floor Office, One Office W/ Huge Receptionist Area, Small Kitchen. All Utilities Are Included In Monthly Rent, Great Location, Close To All Major Hwys, Great Traffic Flow, Surrounded By Commercial & Industrial Area.

WOODSTOCK $2,000 — Photo Not Available — 27 Dundas St. : Unit For Lease In Prime Location In Woodstock, Approx 1500 Sq Ft, Very Busy Area, High Traffic Flow Street, Many Uses Available, Brand New Building, Recently Finished Construction, Parking Available, Close To Hwy 401 & More...

SOUTH DUNDAS $3,000 — 23 Plaza Dr: Commercial Unit For Lease, Former Bmo Bank For Past 50 Years. Approx 4500 Sq Ft. Many Uses Available, Located In A Huge Plaza W/ Great Anchor Tenants, Such As Lcbo, Rbc Bank, Circle K, Foodland & Tons More, Tons Of Parking, Very Low Rent.

MISSISSAUGA $59,000 — 1224 Dundas St W: Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations, 6 Hair Stations, 2 Shampoo Station...

CHATHAM-KENT $65,000 — Chittim/Blenheim: Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very

TORONTO $79,000 — Photo Not Available — 1308 St Clair Ave W : Turn Key Operation. Be Your Own Boss Today!!! Excellent Dry Cleaning Business. Sales Are 15K-17K Per Month, Low Rent About $2,360/Mo. Including Base, Tmi, Hst. Long Lease 4+5. Well Established Dry Cleaning With Neighborhood/Triple

HAMILTON $99,000 — Photo Not Available — 77 James St N.: Deli & Lounge Available In Hamilton City Centre Mall Serving Breakfast, Lunch, Brunch & Dinner. Very Busy Mall And Excellent Location Takeaway. Rent $3766 Including Tmi With Daily Foot Traffic And Customers, Busy Location...

MISSISSAUGA $149,000 — 17 Tannery St : Well Established Franchise Pizzeria, Located In Downtown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Very Low Rent $2800

MISSISSAUGA $169,900 — 7215 Goreway Dr.: Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers

BRAMPTON $199,000 — Photo Not Available — 10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . $30,000-35,000 Sale Per Month $4900 Including Tmi Flexible Business

BRAMPTON $259,000 — Photo Not Available — 470 cHrYSLER dr: Turn Key Operation. Fine Dine Indian Restaurant Located In A Very Busy & Well Established Plaza, Recently Fully Renovated, 80 Seats, Fully Equipped Kitchen. Sales Are 80K-90K Per Month, Very Low Rent Of $6000 Per Month

BRAMPTON $299,000 — 23 Plaza Dr.: Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As

MISSISSAUGA $499,000 — 5100 Erin Mills Pkwy 2E220: Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable, Turn Key Operation, Located

BRANTFORD $499,000 — 693 Colborne St W.: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash

MISSISSAUGA $615,000 — 7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

BRAMPTON $655,000 — 32 Tollgate St: Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools &

*Canadian punjabi post assumes no responsibility for the accuracy of any information shown. Copyright Ppost 2019



ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

# ਕਾਫ਼ਲੇ ਵੱਲੋਂ ਅਮ੍ਰਿਤਾ ਦੀ ਜਨਮ-ਸ਼ਤਾਬਦੀ ਮਨਾਈ ਗਈ ਸਾਹਿਤ ਪ੍ਰਤੀ ਟਰੌਟਸਕੀ ਦੀ ਵਿਚਾਰਧਾਰਾ 'ਤੇ ਚਰਚਾ






ਬਰੈਂਪਟਨ:- 'ਪੰਜਾਬੀ ਕਲਮਾਂ ਦਾ ਕਾਫ਼ਲਾ ਟਰਾਂਟੋ' ਦੀ ਅਗਸਤ ਮਹੀਨੇ ਦੀ ਮੀਟਿੰਗ ਜਿੱਥੇ ਅਮ੍ਰਿਤਾ ਪ੍ਰੀਤਮ ਦੀ ਜਨਮ-ਸ਼ਤਾਬਦੀ ਨੂੰ ਸਮਰਪਿਤ ਸੀ ਓਥੇ ਮਾਰਕਸਵਾਦੀ ਚਿੰਤਕ ਲੀਔਨ ਟਰੌਟਸਕੀ ਦੇ ਸਾਹਿਤਕ ਨਜ਼ਰੀਏ 'ਤੇ ਵੀ ਗੱਲਬਾਤ ਕੀਤੀ ਗਈ। ਅਮ੍ਰਿਤਾ ਪ੍ਰੀਤਮ ਦੇ ਸੌਵੇਂ ਜਨਮ-ਦਿਨ 'ਤੇ ਉਸਦੇ ਜੀਵਨ-ਢੰਗ ਅਤੇ ਲਿਖਤਾਂ 'ਤੇ ਗੱਲਬਾਤ ਦੌਰਾਨ ਬ੍ਰਜਿੰਦਰ ਗੁਲਾਟੀ ਨੇ ਦੱਸਿਆ ਕਿ 16 ਸਾਲ ਦੀ ਉਮਰ ਵਿੱਚ ਆਪਣੀ ਪਹਿਲੀ ਕਿਤਾਬ 'ਮਿੱਠੀਆਂ ਕਿਰਨਾਂ' ਨਾਲ਼ ਸ਼ੁਰੂਆਤ ਕਰਨ ਵਾਲ਼ੀ ਅਮ੍ਰਿਤਾ ਪ੍ਰੀਤਮ ਨੇ ਤਕਰੀਬਨ 100 ਕਿਤਾਬਾਂ ਲਿਖੀਆਂ ਅਤੇ 'ਸਾਹਿਤ ਅਕੈਡਮੀ', 'ਪਦਮ ਸ੍ਰੀ', 'ਗਿਆਨ ਪੀਠ', ਅਤੇ 'ਪਦਮ ਵਿਭੂਸ਼ਣ' ਵਰਗੇ ਪੁਰਸਕਾਰ ਹਾਸਲ ਕੀਤੇ। ਉਨ੍ਹਾਂ ਕਿਹਾ ਕਿ ਅਮ੍ਰਿਤਾ ਆਪਣੇ ਕਿਰਦਾਰਾਂ ਤੋਂ ਉਹ ਗੱਲਾਂ ਕਰਵਾ ਜਾਂਦੀ ਸੀ ਜੋ ਇੱਕ ਔਰਤ ਸਧਾਰਨ ਜੀਵਨ ਵਿੱਚ ਕਰਨ ਦੀ ਹਿੰਮਤ ਨਹੀਂ ਰੱਖਦੀ।

ਜਤਿੰਦਰ ਰੰਧਾਵਾ ਨੇ ਕਿਹਾ ਕਿ ਅਮ੍ਰਿਤਾ ਨੇ ਕਿੱਸਾ ਕਾਵਿ ਨੂੰ ਆਪਣੀ ਕਵਿਤਾ ਦਾ ਅਧਾਰ ਬਣਾ ਕੇ ਲਿਖਣਾ ਸ਼ੁਰੂ ਕੀਤਾ ਅਤੇ ਫਿਰ ਪ੍ਰਗਤੀਵਾਦ ਵੱਲ ਵਧੀ। ਉਨ੍ਹਾਂ ਕਿਹਾ ਕਿ ਬੇਸ਼ੱਕ ਅਮ੍ਰਿਤਾ ਨੇ ਛੰਦ-ਬੱਧ ਕਵਿਤਾ ਤੋਂ ਬਾਅਦ 'ਚ ਖੁੱਲ੍ਹੀ ਕਵਿਤਾ ਵੱਲ ਵੀ ਧਿਆਨ ਮੋੜਿਆ ਪਰ ਉਸਨੇ ਕਵਿਤਾ 'ਚੋਂ ਲੈਅ ਨਹੀਂ ਖ਼ਤਮ ਹੋਣ ਦਿੱਤੀ।

ਨੀਟਾ ਬਲਵਿੰਦਰ ਨੇ ਅਮ੍ਰਿਤਾ ਦੀ ਰਚਨਾ ਬਾਰੇ ਸੰਖੇਪ ਜਾਣਕਾਰੀ ਸਾਂਝੀ ਕੀਤੀ। ਡਾ. ਨਾਹਰ ਸਿੰਘ ਨੇ ਕਿਹਾ ਕਿ ਅਮ੍ਰਿਤਾ ਨੂੰ ਮਹਿਜ਼ ਔਰਤ ਲੇਖਿਕਾ ਦੇ ਰੂਪ ਵਿੱਚ ਵੇਖਣਾ ਕੋਈ ਇਨਸਾਫ਼ ਵਾਲ਼ੀ ਗੱਲ ਨਹੀਂ। ਉਨ੍ਹਾਂ ਕਿਹਾ ਕਿ ਅਧੁਨਿਕ ਚੇਤਨ ਤੇ ਚਿੰਤਨ ਅਮ੍ਰਿਤਾ ਪ੍ਰੀਤਮ ਅਤੇ ਮੋਹਨ ਸਿੰਘ ਦੀ ਹੀ ਦੇਣ ਹੈ। ਉਨ੍ਹਾਂ ਕਿਹਾ ਅਮ੍ਰਿਤਾ ਉਨ੍ਹਾਂ ਚੰਦ ਲੇਖਕਾਂ 'ਚੋਂ ਇੱਕ ਹੈ ਜਿਹੜੇ ਸਰਹੱਦ ਦੇ ਦੋਵਾਂ ਪਾਸਿਆਂ ਦੇ ਪੰਜਾਬ ਵਿੱਚ ਇੱਕੋ ਜਿੰਨੀ ਪ੍ਰਸੰਸਾ ਅਤੇ ਪਿਆਰ ਖੱਟਦੇ ਨੇ। ਉਨ੍ਹਾਂ ਕਿਹਾ ਕਿ ਸਾਨੂੰ ਤਿੰਨ ਕਿਤਾਬਾਂ ਜ਼ਰੂ ਪੜ੍ਹਨੀਆਂ ਚਾਹੀਦੀਆਂ ਨੇ: ਅਮ੍ਰਿਤਾ ਦੀ 'ਸੁਨੇਹੜੇ', ਪ੍ਰੋ ਮੋਹਨ ਸਿੰਘ ਦੀ 'ਸਾਵੇ ਪੱਤਰ', ਅਤੇ ਸੰਤੋਖ ਸਿੰਘ ਧੀਰ ਦੀ 'ਬਿਰਹੜੇ'। ਉਨ੍ਹਾਂ ਕਿਹਾ ਕਿ ਅਮ੍ਰਿਤਾ ਨੇ ਪੰਜਾਬ ਦੀ ਟ੍ਰੈਡੀਸ਼ਨਲ ਚੇਤਨਾ ਨੂੰ ਪੁੱਟ ਕੇ ਉਸ ਵਿੱਚ ਨਵਾਂ ਬੀਜ ਬੀਜਣ ਦਾ ਕੰਮ ਕੀਤਾ। ਨਾਹਰ ਸਿੰਘ ਦਾ ਮੰਨਣਾ ਸੀ ਕਿ ਅਮ੍ਰਿਤਾ ਉਨ੍ਹਾਂ ਚੰਦ ਲੇਖਕਾਂ 'ਚੋਂ ਇੱਕ ਸੀ ਜਿਨ੍ਹਾਂ ਦੀ ਲਿਖਤ ਅਤੇ ਪਰਸਨੈਲਿਟੀ ਇੱਕ ਸੁਰ-ਹੁੰਦੀਆਂ ਨੇ। ਬਲਬੀਰ ਕੌਰ ਸੰਘੇੜਾ ਨੇ ਕਿਹਾ ਕਿ ਅਮ੍ਰਿਤਾ ਐਸੀ ਔਰਤ ਸੀ ਜਿਸ ਨੇ ਇਕ ਨਵਾਂ ਦੌਰ ਸਿਰਜ ਕੇ ਦਿੱਲੀ ਨੂੰ ਪੰਜਾਬੀ ਸਾਹਿਤਕਾਰਾਂ ਦਾ ਗੜ੍ਹ ਬਣਾਇਆ ਅਤੇ ਨਾਗਮਣੀ ਰਸਾਲੇ ਰਾਹੀਂ ਨਵੇਂ ਸਾਹਿਤਕਾਰਾਂ ਨੂੰ ਉਭਾਰਿਆ। ਇਕਬਾਲ ਬਰਾੜ ਨੇ "ਅੱਜ ਆਖਾਂ ਵਾਰਿਸ ਸ਼ਾਹ ਨੂੰ।" ਖ਼ੂਬਸੂਰਤ ਤਰੰਨਮ ਵਿੱਚ ਪੇਸ਼ ਕੀਤੀ।

ਇਸਤੋਂ ਬਾਅਦ ਸਾਹਿਤਕ ਚਰਚਾ ਛੇੜਦਿਆਂ ਕੁਲਵਿੰਦਰ ਖਹਿਰਾ ਨੇ ਰਸ਼ੀਅਨ ਲੇਖਕ ਲੀਔਨ ਟਰੌਟਸਕੀ ਦੇ ਸਾਹਿਤ ਬਾਰੇ ਨਜ਼ਰੀਏ ਦੀ ਗੱਲ ਕਰਦਿਆਂ ਕਿਹਾ ਕਿ ਟਰੌਟਸਕੀ ਨੇ ਰਸ਼ੀਅਨ 'ਫਿਊਚਰਇਜ਼ਮ' ਅਤੇ 'ਫੋਰਮਲਸਿਟ' ਵਿਚਾਰਧਾਰਾ ਵੱਲੋਂ ਅਪਣਾਏ ਸਾਹਿਤਕ ਨਜ਼ਰੀਏ ਦਾ ਵਿਰੋਧ ਕਰਦਿਆਂ ਲਿਖਿਆ ਹੈ ਕਿ ਕਵੀ ਸਿਰਫ ਆਪਣੇ ਸਮਾਜਿਕ ਵਾਤਵਰਣ 'ਚੋਂ ਕਲਤਮਕ ਤੱਤ ਲੱਭ ਕੇ ਹੀ ਆਪਣੀ ਕਲਾ-ਸਿਰਜਣਾ ਰਾਹੀਂ ਸਮਾਜ ਵਿੱਚ ਜ਼ਿੰਦਗੀ ਭਰ ਸਕਦਾ ਹੈ। ਉਨ੍ਹਾਂ ਲਿਖਿਆ ਹੈ ਕਿ ਨਵੀਂ ਟਕਨੌਲਜੀ ਅਤੇ ਨਵਾਂ ਸ਼ਹਿਰੀ ਜੀਵਨ ਕਵੀ ਨੂੰ ਨਵਾਂ ਸ਼ਬਦ-ਭੰਡਾਰ ਦਿੰਦਾ ਹੈ ਜਿਸ ਨਾਲ਼ ਕਵੀ ਨਵੇਂ ਖਿਆਲ ਤੇ ਨਵੇਂ ਅਹਿਸਾਸ ਸਿਰਜ ਸਕਦਾ ਹੈ ਜੋ ਉਸਦੇ ਅਵਚੇਤਨ ਮਨ 'ਚੋਂ ਕਲਾ ਬਣਕੇ ਫੁੱਟਦੇ ਹਨ। ਉਨ੍ਹਾਂ ਇਹ ਵੀ ਲਿਖਿਆ ਹੈ ਕਿ ਜੇ ਸਮਾਜੀ ਵਾਤਾਵਰਣ ਨੇ ਮਨੋਵਿਗਿਆਨੀ ਤਬਦੀਲੀ ਨਾ ਲਿਆਂਦੀ ਹੁੰਦੀ ਤਾਂ ਕਲਾ ਅੱਗੇ ਨਹੀਂ ਸੀ ਤੁਰਨੀ ਤੇ ਪੀੜ੍ਹੀ ਦਰ ਪੀੜ੍ਹੀ ਅੱਜ ਵੀ ਕਵਿਤਾ ਬਾਈਬਲ ਦੀ ਧੁਨ ਜਾਂ ਪੁਰਾਣੀ ਗਰੀਕ ਕਵਿਤਾ ਦੇ ਬਰਾਬਰ ਹੀ ਖੜ੍ਹੀ ਹੋਣੀ ਸੀ। ਏਥੇ ਹਵਾਲਾ ਦੇਣਾ ਬਣਦਾ ਹੈ ਕਿ ਰਸ਼ੀਅਨ ਫਿਊਚਰਇਸਟ ਵਿਚਾਰਧਾਰਾ ਦਾ ਮੰਨਣਾ ਸੀ ਕਿ ਕਲਾ ਦਾ ਭੂਤਕਾਲ ਨਾਲ਼ ਕੋਈ ਸੰਬੰਧ ਨਹੀਂ ਤੇ ਅਤੇ ਨਾ ਹੀ ਇਸਦਾ ਸਮਾਜੀ ਸਰੋਕਾਰਾਂ ਨਾਲ਼ ਕੋਈ ਵਾਸਤਾ ਹੈ; ਇਸ ਨੂੰ ਜ਼ਿੰਦਗੀ ਵਿੱਚ ਆ ਰਹੀ ਨਵੀਨਤਾ (ਨਵੀਂ ਟਕਨੌਲਜੀ, ਮਸ਼ੀਨਰੀ, ਆਦਿ) ਦੀ ਹੀ ਗੱਲ ਕਰਨੀ ਚਾਹੀਦੀ ਹੈ। ਟਰੌਟਸਕੀ ਨੇ ਲਿਖਿਆ ਹੈ

ਕਿ ਇਤਿਹਾਸਕ ਨਜ਼ਰੀਏ ਤੋਂ ਕਲਾ ਹਮੇਸ਼ਾਂ ਸਮਾਜ-ਸੇਵੀ ਹੀ ਰਹੀ ਹੈ ਜੋ ਉਦਾਸ ਤੇ ਬੇਤਰਤੀਬੇ ਮਨਾਂ ਲਈ ਲੋੜੀਂਦੇ ਸ਼ਬਦ-ਸੁਰ ਲੱਭਦੀ, ਖਿਆਲਾਂ ਤੇ ਅਹਿਸਾਸਾਂ ਨੂੰ ਨੇੜੇ ਲਿਆਉਂਦੀ ਜਾਂ ਉਨ੍ਹਾਂ ਦੀ ਆਪਸੀ ਵਿਰੋਦਤਾ ਸਿਰਜਦੀ ਅਤੇ ਵਿਅਕਤੀ ਦੇ ਰੂਹਾਨੀ ਤਜਰਬਿਆਂ ਨੂੰ ਅਮੀਰ ਕਰਦੀ ਹੈ। ਉਨ੍ਹਾਂ ਲਿਖਿਆ ਹੈ ਕਿ ਨਵੀਂ ਕਵਿਤਾ ਤੋਂ ਬਿਨਾਂ ਨਵੇਂ ਮਨੁੱਖ ਦੀ ਸਿਰਜਣਾ ਨਹੀਂ ਕੀਤੀ ਜਾ ਸਕਦੀ ਪਰ ਇਸ ਸਿਰਜਣਾ ਲਈ ਕਵੀ ਨੂੰ ਖ਼ੁਦ ਦੁਨੀਆਂ ਨੂੰ ਨਵੇਂ ਤਰੀਕੇ ਨਾਲ਼ ਵੇਖਣ ਦੀ ਜਾਚ ਹੋਣੀ ਚਾਹੀਦੀ ਹੈ। ਉਨ੍ਹਾਂ ਅਨੁਸਾਰ, ਆਪਣੇ ਸੱਭਿਆਚਾਰ ਦੇ ਗਹਿਰੇ ਅਨੁਭਵ ਅਤੇ ਗਿਆਨ ਤੋਂ ਬਿਨਾਂ ਤੁਸੀਂ ਲੋਕ ਕਲਾ ਦੇ ਧੁਰ ਅੰਦਰ ਤੱਕ ਨਹੀਂ ਪਹੁੰਚ ਸਕਦੇ। ਇਸ ਵਿਚਾਰ ਬਾਰੇ ਵਿਸਥਾਰ ਵਿੱਚ ਗੱਲ ਕਰਦਿਆਂ ਡਾ ਨਾਹਰ ਸਿੰਘ ਨੇ ਕਿਹਾ ਕਿ ਮਾਰਕਸਵਾਦ ਇਹ ਗੱਲ ਮੰਨਦਾ ਹੈ ਕਿ ਜਿਹੜਾ ਸਾਹਿਤ ਸਮਾਜ ਦੀਆਂ ਸਮਾਨਤਾਵਾਂ ਤੇ ਭੇੜਾਂ ਨੂੰ ਤੇ ਇਨ੍ਹਾਂ ਵਿਚਲੇ ਸੰਬੰਧਾਂ ਨੂੰ ਇਤਿਹਾਸਕ ਤੌਰ 'ਤੇ ਫੜ੍ਹਦਾ ਹੈ ਉਹੀ ਸਾਹਿਤ ਮਹਾਨ ਹੁੰਦਾ ਹੈ। ਮਿਸਾਲ ਦਿੰਦਿਆਂ ਉਨ੍ਹਾਂ ਕਿਹਾ ਕਿ ਅਮ੍ਰਿਤਾ ਪ੍ਰੀਤਮ ਦੀ ਕਵਿਤਾ 'ਅੱਜ ਆਖਾਂ ਵਾਰਿਸ ਸ਼ਾਹ ਨੂੰ', ਸ਼ਾਹ ਮੁਹੰਮਦ ਦਾ ਜੰਗਨਾਮਾ, ਅਤੇ ਸੁਰਜੀਤ ਪਾਤਰ ਦਾ "ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ" ਵਰਗਾ ਸਾਹਿਤ ਇਸੇ ਗੱਲ ਦੀ ਹੀ ਗਵਾਹੀ ਭਰਦੇ ਨੇ। ਇਸਤੋਂ ਇਲਾਵਾ ਪ੍ਰਿੰਸੀਪਲ ਸਰਵਣ ਸਿੰਘ, ਮਿੰਨੀ ਗਰੇਵਾਲ, ਨੀਟਾ ਬਲਵਿੰਦਰ, ਪਰਮਵੀਰ ਕੌਰ ਅਤੇ ਹੋਰ ਬਹੁਤ ਸਾਰੇ ਲੇਖਕਾਂ ਨੇ ਆਪਣੇ ਵਿਚਾਰ ਪੇਸ਼ ਕੀਤੇ।

ਕਵਿਤਾ ਦੇ ਦੌਰ ਵਿੱਚ ਗੁਰਬਚਨ ਚਿੰਤਕ, ਪਰਮਵੀਰ ਕੌਰ, ਗਿਆਨ ਸਿੰਘ ਘਈ, ਸੁਖਿੰਦਰ, ਲਖਵੀਰ ਸਿੰਘ ਕਾਹਲੋਂ, ਪ੍ਰਤੀਕ, ਨੇ ਆਪਣੀਆਂ ਕਵਿਤਾਵਾਂ ਸਾਂਝੀਆਂ ਕੀਤੀਆਂ ਜਦਕਿ ਸ਼ਿਵਰਾਜ ਸਨੀ ਨੇ ਖ਼ੂਬਸੂਰਤ ਤਰੰਨਮ ਵਿੱਚ ਹਰਦਿਆਲ ਕੇਸ਼ੀ ਦੀ ਗ਼ਜ਼ਲ ਪੇਸ਼ ਕੀਤੀ। ਸਟੇਜ ਦੀ ਜ਼ਿੰਮੇਂਵਾਰੀ ਕੁਲਵਿੰਦਰ ਖਹਿਰਾ ਵੱਲੋਂ ਨਿਭਾਈ ਗਈ ਜਦਕਿ ਬ੍ਰਜਿੰਦਰ ਗੁਲਾਟੀ, ਮਨਮੋਹਨ ਗੁਲਾਟੀ, ਅਤੇ ਪਰਮਜੀਤ ਦਿਓਲ ਵੱਲੋਂ ਮੀਟਿੰਗ ਦੀ ਕਾਰਵਾਈ ਦੀਆਂ ਜ਼ਿੰਮੇਂਵਾਰੀਆਂ ਨਿਭਾਈਆਂ ਗਈਆਂ।

# ਸਟੂਡੈਂਟ ਜਥੇਬੰਦੀ ਸੋਪੂ ਦੇ ਫਿਰੋਜ਼ਪੁਰ ਦੇ ਪ੍ਰਧਾਨ ਦਾ ਕਤਲ

ਫਿਰੋਜਪੁਰ, 15 ਸਤੰਬਰ (ਪੋਸਟ ਬਿਊਰੋ)- ਕੱਲ੍ਹ ਰਾਤ ਫਿਰੋਜ਼ਪੁਰ ਸ਼ਹਿਰ ਦੇ ਸੰਘਣੀ ਆਬਾਦੀ ਵਾਲੇ ਇੱਛੇ ਵਾਲਾ ਰੋਡ ਦੇ ਚਰਚ ਕੋਲ ਇੱਕ ਨੌਜਵਾਨ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ ਗਿਆ। ਮ੍ਰਿਤਕ ਦੀ ਪਛਾਣ ਸ਼ਿਵਪ੍ਰੀਤ ਧਾਲੀਵਾਲ (20) ਪੁੱਤਰ ਚਰਨਜੀਤ ਸਿੰਘ ਧਾਲੀਵਾਲ ਵਾਸੀ ਫਿਰੋਜ਼ਪੁਰ ਸ਼ਹਿਰ ਵਜੋਂ ਹੋਈ ਹੈ ਅਤੇ ਉਹ ਵਿਦਿਆਰਥੀ ਜਥੇਬੰਦੀ ਸਟੂਡੈਂਟ ਆਰਗੇਨਾਈਜ਼ੇਸ਼ਨ ਆਫ ਪੰਜਾਬ ਯੂਨੀਵਰਸਿਟੀ (ਸੋਪੂ) ਦਾ ਸ਼ਹਿਰੀ ਪ੍ਰਧਾਨ ਸੀ।

ਇਸ ਵਾਰਦਾਤ ਦੀ ਸੂਚਨਾ ਮਿਲਦੇ ਸਾਰ ਥਾਣਾ ਸਿਟੀ ਦੀ ਪੁਲਸ ਟੀਮ ਮੌਕੇ 'ਤੇ ਪਹੁੰਚੀ ਤੇ ਸਥਿਤੀ ਦਾ ਜਾਇਜ਼ਾ ਲਿਆ। ਇਸ ਕਤਲ ਦੇ ਬਾਰੇ ਪੁਲਸ ਨੂੰ ਬੁਲਟ ਮੋਟਰ ਸਾਈਕਲ ਸਵਾਰ ਤਿੰਨ ਅਣਪਛਾਤੇ ਨੌਜਵਾਨਾਂ ਦੀ ਭਾਲ ਹੈ। ਥਾਣਾ ਸਿਟੀ ਮੁਖੀ ਜਤਿੰਦਰ ਸਿੰਘ ਨੇ ਦੱਸਿਆ ਕਿ ਸ਼ੁੱਕਰਵਾਰ ਰਾਤ ਸ਼ਿਵਪ੍ਰੀਤ ਆਪਣੇ ਮੋਟਰ ਸਾਈਕਲ 'ਤੇ ਕਿਤੇ ਜਾ ਰਿਹਾ ਸੀ ਕਿ ਬੁਲਟ ਮੋਟਰ ਸਾਈਕਲ 'ਤੇ ਆਏ ਨੌਜਵਾਨਾਂ ਨੇ ਚਰਚ ਨੇੜੇ ਉਸ ਨੂੰ ਘੇਰ ਕੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ, ਜਿਸ ਨਾਲ ਉਹ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਵਾਰਦਾਤ ਤੋਂ ਬਾਅਦ ਹਮਲਾਵਰ ਫਰਾਰ ਹੋ ਗਏ। ਸਥਾਨਕ ਲੋਕਾਂ ਨੇ ਸ਼ਿਵਪ੍ਰੀਤ ਨੂੰ ਹਸਪਤਾਲ ਦਾਖਲ ਕਰਾਇਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

# ਪੰਜਾਬੀ ਵਿਰਸੇ ਅਤੇ ਸੱਭਿਆਚਾਰ 'ਤੇ ਝਾਤ ਪਾ ਗਿਆ 'ਮੇਲਾ ਧੀਆਂ ਰਾਣੀਆਂ ਦਾ 2019'

**ਗਿੱਧਿਆਂ ਦੀ ਰਾਣੀ ਬਣ ਸੋਨੇ ਦਾ ਟਿੱਕਾ ਜਿੱਤਿਆ ਅਰਸ਼ਦੀਪ ਕੌਰ ਨੇ, ਦੂਸਰੇ ਸਥਾਨ 'ਤੇ ਅਮਨਪ੍ਰੀਤ ਕੌਰ ਨੇ ਸੋਨੇ ਦੇ ਕਾਂਟੇ ਅਤੇ ਤੀਸਰੇ ਸਥਾਨ 'ਤੇ ਕਮਲਪ੍ਰੀਤ ਕੌਰ ਨੇ ਜਿੱਤੀ ਸੋਨੇ ਦੀ ਤਵੀਤੜੀ**






ਫ਼ਿਰੋਜ਼ਪੁਰ, 15 ਸਤੰਬਰ (ਗਿਆਨ ਸਿੰਘ): ਧੀਆਂ ਨੂੰ ਪੁੱਤਰਾਂ ਵਾਂਗ ਮਾਣ ਸਨਮਾਨ ਦੇਣ ਅਤੇ ਪੜ੍ਹਾ-ਲਿਖਾ ਪੈਰਾਂ ਭਾਰ ਖੜਾ ਕਰਨ ਦੇ ਮੰਤਵ ਤਹਿਤ ਸ਼ਹੀਦ ਭਗਤ ਸਿੰਘ ਰਾਜਗੁਰੂ ਸੁਖਦੇਵ ਮੈਮੋਰੀਅਲ ਸੁਸਾਇਟੀ ਵਲੋਂ 'ਬੇਟੀ ਬਚਾਓ, ਬੇਟੀ ਪੜ੍ਹਾਓ' ਮੁਹਿੰਮ ਅਧੀਨ ਜ਼ਿਲ੍ਹਾ ਪ੍ਰਸ਼ਾਸਨ ਦੀ ਅਗਵਾਈ ਹੇਠ ਮੈਡਮ ਰਤਨਦੀਪ ਸੰਧੂ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਦੀ ਦੇਖ-ਰੇਖ ਹੇਠ ਡੀ.ਏ.ਵੀ. ਕਾਲਜ ਫਾਰ ਵੂਮੈਨ ਫ਼ਿਰੋਜ਼ਪੁਰ ਛਾਉਣੀ ਵਿਖੇ ਕਰਵਾਇਆ ਗਿਆ ਮੇਲਾ ਧੀਆਂ ਰਾਣੀਆਂ ਦਾ 2019 ਨਿਰੋਲ ਵਿਰਸੇ ਅਤੇ ਸੱਭਿਆਚਾਰ ਦੀ ਬਾਤ ਪਾ ਗਿਆ, ਜਿਸ ਵਿਚ ਜਿੱਥੇ ਅਲੋਪ ਹੋ ਰਹੇ ਪੰਜਾਬੀ ਵਿਰਸੇ ਅਤੇ ਸੱਭਿਆਚਾਰ ਨਾਲ ਸਬੰਧਿਤ ਵਸਤੂਆਂ ਦੀ ਨੁਮਾਇਸ਼ ਲਗਾਈ ਗਈ, ਉਥੇ ਪੱਖੀ ਬੁਨਣਾ, ਫੁਲਕਾਰੀ ਕੱਢਣਾ, ਕਰੋਸ਼ੀਆ ਬੁਨਣਾ, ਮਹਿੰਦੀ ਲਗਾਉਣਾ, ਚਰਖਾ ਕੱਤਣ ਆਦਿ ਮੁਕਾਬਲੇ ਕਰਵਾਏ ਗਏ, ਉਥੇ ਧੀਆਂ ਰਾਣੀਆਂ ਨੂੰ ਵੱਡੇ ਮਾਣ ਸਨਮਾਨ ਦੇਣ ਲਈ ਗਿੱਧਿਆਂ ਦੀ ਰਾਣੀ ਮੁਕਾਬਲਾ ਕਰਵਾ ਕੇ ਜਿੱਤਾਂ ਦਰਜ ਕਰਨ ਵਾਲੀਆਂ ਲੜਕੀਆਂ ਨੂੰ ਸੋਨੇ ਦੇ ਗਹਿਣਿਆਂ ਅਤੇ ਫੁੱਲਕਾਰੀਆਂ ਨਾਲ ਸਨਮਾਨਿਆ ਗਿਆ। ਮੇਲੇ ਦੀ ਵਿਲੱਖਣ ਗੱਲ ਇਹ ਸੀ ਕਿ ਉਦਘਾਟਨ ਤੋਂ ਲੈ ਕੇ ਜੇਤੂਆਂ ਨੂੰ ਇਨਾਮ ਵੰਡਣ ਤੱਕ ਦੀ ਰਸਮ ਔਰਤਾਂ ਵਲੋਂ ਹੀ ਨਿਭਾਈ ਗਈ। ਮੇਲੇ ਦੀ ਸ਼ੁਰੂਆਤ ਅਕਾਲ ਅਕੈਡਮੀ ਭੜਾਣਾ ਦੀਆਂ ਵਿਦਿਆਰਥਣਾਂ ਵਲੋਂ 'ਦੇਹ ਸ਼ਿਵਾ ਬਰ ਮੋਹਿ' ਸ਼ਬਦ ਗਾਇਣ ਕਰਕੇ ਕੀਤੀ ਗਈ। ਮੇਲੇ 'ਚ ਉੱਘੀ ਗਾਇਕਾ ਇਮਾਨਪ੍ਰੀਤ ਅਤੇ ਕੁਲਬੀਰ ਗੋਗੀ ਨੇ ਜਿੱਥੇ ਆਪਣੇ ਨਾਮਵਰ ਗੀਤਾਂ ਦੀ ਝੜੀ ਲਗਾਈ, ਉਥੇ ਸੰਧੂ ਸੁਰਜੀਤ ਨੇ ਬੁਲੰਦ ਆਵਾਜ਼ 'ਚ ਪੰਜਾਬੀ ਵਿਰਸੇ ਅਤੇ ਸੱਭਿਆਚਾਰ ਨਾਲ ਸਬੰਧਿਤ ਗੀਤਾਂ ਨੂੰ ਪੇਸ਼ ਕਰਕੇ ਮੇਲੇ ਸਿਖ਼ਰਾਂ 'ਤੇ ਪਹੁੰਚਾ ਦਿੱਤਾ। ਸੁਹਾਗ, ਸਿੱਠਣੀਆਂ, ਘੋੜੀ, ਲੰਬੀ ਹੇਕ ਵਾਲੇ ਗੀਤ ਆਦਿ ਲੋਕ ਗੀਤਾਂ ਨੂੰ ਵੀਰਪਾਲ ਕੌਰ ਬਰਨਾਲਾ ਅਤੇ ਪਵਨਦੀਪ ਕੌਰ ਜ਼ੀਰਾ ਨੇ ਪੇਸ਼ ਕਰਕੇ ਵਿਰਸੇ ਨਾਲ ਜੋੜਿਆ। ਗਿੱਧਿਆਂ ਦੀ ਰਾਣੀ ਉੱਘੀ ਗਾਇਕਾ ਸਰਬਜੀਤ ਮਾਂਗਟ ਨੇ ਬੋਲੀਆਂ, ਟੱਪਿਆਂ ਅਤੇ ਲੋਕ ਤੱਥਾਂ ਨੂੰ ਪੇਸ਼ ਕਰ ਮੇਲੀਆਂ ਨੂੰ ਮੋਹ ਲਿਆ। ਅੰਤਰਰਾਸ਼ਟਰੀ ਸੱਭਿਆਚਾਰ ਕੋਚ ਪਾਲ ਸਿੰਘ ਸਮਾਓਂ ਨੇ ਲੋਕ ਗੀਤਾਂ ਦੀ ਪੇਸ਼ਕਾਰੀ ਕਰ ਜਿੱਥੇ ਸਭ ਨੂੰ ਮੋਹਿਆ, ਉਥੇ ਉਨ੍ਹਾਂ ਵਲੋਂ ਪਾਈਆਂ ਬੋਲੀਆਂ ਅਤੇ ਟੱਪਿਆਂ ਨੇ ਸਮੂਹ ਮੇਲੀਆਂ ਦੇ ਪੈਰ ਥਿਰਕਣ ਲਗਾ ਦਿੱਤੇ, ਜਿਸ ਨਾਲ ਮੇਲਾ ਯਾਦਗਾਰੀ ਹੋ ਨਿੱਬੜਿਆ। ਕਰਵਾਏ ਗਏ ਗਿੱਧਿਆਂ ਦੀ ਰਾਣੀ ਦੇ ਮਹਾਂ ਮੁਕਾਬਲੇ 'ਚ ਅਰਸ਼ਦੀਪ ਕੌਰ ਤਲਵੰਡੀ ਸਾਬੋ ਨੇ ਪਹਿਲਾ ਸਥਾਨ ਹਾਸਿਲ ਕੀਤਾ, ਜਿਸ ਨੂੰ ਡੀ.ਸੀ.ਐਮ. ਗਰੁੱਪ ਆਫ਼ ਸਕੂਲਜ਼ ਦੇ ਸੀ.ਈ.ਓ. ਅਨੀਰੁੱਧ ਗੁਪਤਾ ਵਲੋਂ ਸੋਨੇ ਦੇ ਟਿੱਕੇ ਅਤੇ ਫੁੱਲਕਾਰੀ, ਅਮਨਪ੍ਰੀਤ ਕੌਰ ਮਾਨਸਾ ਨੇ ਦੂਸਰਾ ਸਥਾਨ ਹਾਸਿਲ ਕੀਤਾ, ਜਿਸ ਨੂੰ ਸੁਸਾਇਟੀ ਆਗੂ ਹੇਮੰਤ ਮਿੱਤਲ ਚੌਧਰੀਆਂ ਦੀ ਹੱਟੀ ਫ਼ਿਰੋਜ਼ਪੁਰ ਛਾਉਣੀ ਵਲੋਂ ਸੋਨੇ ਦੇ ਕਾਂਟੇ ਅਤੇ ਫੁੱਲਕਾਰੀ ਅਤੇ ਮੁਕਾਬਲੇ 'ਚ ਤੀਸਰਾ ਸਥਾਨ ਹਾਸਿਲ ਕਰਨ ਵਾਲੀ ਕਮਲਪ੍ਰੀਤ ਕੌਰ ਮੋਗਾ ਨੂੰ ਸੁਸਾਇਟੀ ਆਗੂ ਵਰਿੰਦਰ ਸਿੰਘ ਵੈਰੜ ਵਲੋਂ ਸੋਨੇ ਦੀ ਤਵੀਤੜੀ ਅਤੇ ਫੁੱਲਕਾਰੀ ਨਾਲ ਸਨਮਾਨਿਤ ਕੀਤਾ ਗਿਆ। ਮੇਲੇ 'ਚ ਟੌਹਰ ਪੰਜਾਬਣ ਦੀ ਹਰਜੀਤ ਕੌਰ ਘੱਲ ਕਲਾਂ ਜ਼ਿਲ੍ਹਾ ਮੋਗਾ, ਲੰਮੀ ਗੁੱਤ ਵਾਲੀ ਮੁਟਿਆਰ ਨਵਦੀਪ ਕੌਰ ਤਲਵੰਡੀ ਸਾਬੋ, ਸਰੂ ਵਰਗਾ ਕੱਦ ਬਲਵਿੰਦਰ ਕੌਰ ਫ਼ਿਰੋਜ਼ਪੁਰ, ਮੋਟੀ ਅੱਖ ਵਾਲੀ ਪੰਜਾਬਣ ਬਨੀਤ ਕੌਰ ਫ਼ਿਰੋਜ਼ਪੁਰ ਛਾਉਣੀ, ਮੋਤੀਆਂ ਵਰਗੇ ਦੰਦ ਗੁਰਦੀਪ ਕੌਰ ਸ਼ੇਖਪੁਰਾ, ਨਿੱਕੀ ਮੇਲਣ ਵੀਰਪਾਲ ਕੌਰ ਫ਼ਿਰੋਜ਼ਪੁਰ ਨੇ ਐਵਾਰਡ ਜਿੱਤੇ। ਇਸੇ ਤਰ੍ਹਾਂ ਮਹਿੰਦੀ ਲਗਾਉਣ ਮੁਕਾਬਲੇ 'ਚ ਕੋਮਲ ਨੇ ਪਹਿਲਾ, ਸੰਦੀਪ ਕੌਰ ਨੇ ਦੂਸਰਾ, ਪ੍ਰਿਅੰਕਾ ਅਤੇ ਸੰਦੀਪ ਕੌਰ ਨੇ ਤੀਸਰਾ, ਨਾਲੇ ਬੁਨਣਾ 'ਚ ਕੁਲਬੀਰ ਕੌਰ ਨੇ ਪਹਿਲਾ, ਕਾਂਤਾ ਰਾਣੀ ਨੇ ਦੂਸਰਾ, ਨਵਨੀਤ ਕੌਰ ਅਤੇ ਸ਼ਰਨਜੀਤ ਕੌਰ ਨੇ ਤੀਸਰਾ, ਗੁੱਡੀਆਂ ਪਟੋਲੇ ਬਣਾਉਣ ਮੁਕਾਬਲੇ 'ਚ ਕਿਰਨਦੀਪ ਕੌਰ ਨੇ ਪਹਿਲਾ, ਚਰਨਜੀਤ ਕੌਰ ਨੇ ਦੂਸਰਾ ਅਤੇ ਪ੍ਰਭਜੋਤ ਕੌਰ ਨੇ ਤੀਸਰਾ ਸਥਾਨ, ਜਾਗੋ ਸਜਾਉਣ ਮੁਕਾਬਲੇ 'ਚ ਦਿਸ਼ਾ ਪਬਲਿਕ ਸਕੂਲ ਦੇ ਦੀਪਿਕਾ, ਅਮਨ ਅਤੇ ਹਰਮਨ ਨੇ ਪਹਿਲਾ, ਕਰੋਸ਼ੀਆ ਬੁਨਣਾ ਮੁਕਾਬਲੇ 'ਚ ਇੰਦਰਜੀਤ ਕੌਰ ਨੇ ਪਹਿਲਾ, ਪ੍ਰਿਆ ਨੇ ਦੂਸਰਾ ਅਤੇ ਰਜਿੰਦਰ ਕੌਰ ਨੇ ਤੀਸਰਾ ਸਥਾਨ ਹਾਸਿਲ ਕੀਤਾ। ਇਨਾਮ ਵੰਡ ਸਮਾਰੋਹ 'ਚ ਬਤੌਰ ਮੁੱਖ ਮਹਿਮਾਨ ਵਿਧਾਇਕ ਪਰਮਿੰਦਰ ਸਿੰਘ ਪਿੰਕੀ ਦੀ ਧਰਮ-ਪਤਨੀ ਬੀਬੀ ਇੰਦਰਜੀਤ ਕੌਰ ਖੋਸਾ ਪਹੁੰਚੇ। ਉਨ੍ਹਾਂ ਤੋਂ ਇਲਾਵਾ ਰਤਨਦੀਪ ਸੰਧੂ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ, 'ਆਪ' ਸੂਬਾਈ ਆਗੂ ਭੁਪਿੰਦਰ ਕੌਰ ਸੰਧੂ ਵਸਤੀ ਭਾਗ ਸਿੰਘ, ਸ੍ਰੀਮਤੀ ਬੱਬਲ ਸਾਂਘਾ, ਰੁਪਿੰਦਰ ਕੌਰ ਸੰਧੂ, ਪ੍ਰਿੰਸੀਪਲ ਡਾ: ਸੀਮਾ ਅਰੋੜਾ, ਪ੍ਰਿੰਸੀਪਲ ਪ੍ਰਵੀਨ ਲਤਾ, ਅਨੀਰੁੱਧ ਗੁਪਤਾ ਸੀ.ਈ.ਓ. ਡੀ.ਸੀ.ਐਮ. ਗਰੁੱਪ ਆਫ਼ ਸਕੂਲਜ਼, ਬਲਬੀਰ ਸਿੰਘ ਬਾਠ ਉਪ ਚੇਅਰਮੈਨ ਬਲਾਕ ਸੰਮਤੀ, ਸੁਖਵਿੰਦਰ ਸਿੰਘ ਅਟਾਰੀ ਪ੍ਰਧਾਨ ਯੂਥ ਕਾਂਗਰਸ, ਸੁਪਰੀਤ ਸਿੰਘ ਸੰਧੂ, ਡਾ: ਜੀ.ਐੱਸ. ਢਿੱਲੋਂ, ਪਰਮਿੰਦਰ ਸਿੰਘ ਥਿੰਦ ਪ੍ਰਧਾਨ ਪ੍ਰੈਸ ਕਲੱਬ, ਚੇਅਰਮੈਨ ਹਰਚਰਨ ਸਿੰਘ ਸਾਮਾ, ਸੁਖਵਿੰਦਰ ਸਿੰਘ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ, ਪ੍ਰਿੰਸੀਪਲ ਸਤਿੰਦਰਜੀਤ ਕੌਰ ਖਾਈ ਫੇਮੇ ਕੀ, ਭੁਪਿੰਦਰ ਸਿੰਘ ਪ੍ਰਧਾਨ ਟੀਚਰ ਕਲੱਬ ਆਦਿ ਪਹੁੰਚੇ।

# ਬੇਅਦਬੀ ਕਾਂਡ: ਸਾਬਕਾ ਐੱਸ ਐੱਸ ਪੀ ਚਰਨਜੀਤ ਸ਼ਰਮਾ ਦੇ ਕੇਸ ਦੀ ਸੁਣਵਾਈ 3 ਅਕਤੂਬਰ ਨੂੰ

ਕੋਟਕਪੂਰਾ, 15 ਸਤੰਬਰ (ਪੋਸਟ ਬਿਊਰੋ)- ਚਾਰ ਸਾਲ ਪੁਰਾਣੇ ਬਰਗਾੜੀ ਬੇਅਦਬੀ ਕਾਂਡ ਨਾਲ ਸੰਬੰਧਤ ਬਹਿਬਲ ਕਲਾਂ ਗੋਲੀ ਕਾਂਡ ਦੇ ਕੇਸ ਦੀ ਜ਼ਿਲ੍ਹਾ ਤੇ ਸੈਸ਼ਨ ਜੱਜ ਹਰਪਾਲ ਸਿੰਘ ਦੀ ਅਦਾਲਤ ਵਿੱਚ ਕੱਲ੍ਹ ਸੁਣਵਾਈ ਹੋਈ। ਐੱਸ ਆਈ ਟੀ (ਵਿਸ਼ੇਸ਼ ਜਾਂਚ ਟੀਮ) ਇਸ ਨੇ ਕੇਸ ਵਿੱਚ ਨਾਮਜ਼ਦ ਚਾਰ ਪੁਲਸ ਅਧਿਕਾਰੀਆਂ ਵਿੱਚੋਂ ਮੁੱਖ ਮੁਲਜ਼ਮ ਦੋਸ਼ੀ ਐੱਸ ਐੱਸ ਪੀ ਚਰਨਜੀਤ ਸ਼ਰਮਾ ਨੂੰ ਗ੍ਰਿਫਤਾਰ ਕਰਨ ਪਿੱਛੋਂ ਉਨ੍ਹਾਂ ਉੱਤੇ ਅਦਾਲਤ ਵਿੱਚ ਚਲਾਨ ਪੇਸ਼ ਕੀਤਾ ਹੋਇਆ ਹੈ ਅਤੇ ਇਸ ਤੋਂ ਬਾਅਦ ਦੋਸ਼ ਆਇਦ ਕਰਨ ਦੀ ਪ੍ਰਕਿਰਿਆ ਵੀ ਚੱਲ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਬਰਗਾੜੀ ਬੇਅਦਬੀ ਕੇਸ ਨਾਲ ਸੰਬੰਧਤ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀਕਾਂਡ ਦੀਆਂ ਘਟਨਾਵਾਂ ਦੀ ਜਾਂਚ ਕਰ ਰਹੀ ਐੱਸ ਆਈ ਟੀ ਨੇ ਸਾਬਕਾ ਐੱਸ ਐੱਸ ਪੀ ਚਰਨਜੀਤ ਸ਼ਰਮਾ ਨੂੰ 27 ਜਨਵਰੀ ਨੂੰ ਉਨ੍ਹਾਂ ਦੀ ਹੁਸ਼ਿਆਰਪੁਰ ਵਾਲੀ ਰਿਹਾਇਸ਼ ਤੋਂ ਗ੍ਰਿਫਤਾਰ ਕੀਤਾ ਸੀ। ਲਗਾਤਾਰ 11 ਦਿਨ ਪੁਲਸ ਰਿਮਾਂਡ ਉੱਤੇ ਰਹਿਣ ਤੋਂ ਬਾਅਦ ਚਰਨਜੀਤ ਸ਼ਰਮਾ ਨੂੰ ਜੇਲ੍ਹ ਭੇਜ ਦਿੱਤਾ ਗਿਆ ਸੀ। ਬਹਿਬਲ ਗੋਲੀ ਕਾਂਡ 14 ਅਗਸਤ 2015 ਨੂੰ ਵਾਪਰਿਆ ਸੀ, ਜਿਸ ਵਿੱਚ ਬਰਗਾੜੀ ਬੇਅਦਬੀ ਕਾਂਡ ਦੇ ਵਿਰੋਧ ਵਿੱਚ ਸ਼ਾਂਤਮਈ ਧਰਨਾ ਦੇਂਦੀਆਂ ਸੰਗਤਾਂ ਉਪਰ ਪੁਲਸ ਵੱਲੋਂ ਕੀਤੀ ਫਾਇਰਿੰਗ ਕਾਰਨ ਦੋ ਸਿੱਖ ਨੌਜਵਾਨਾਂ ਦੀ ਮੌਤ ਹੋ ਗਈ ਸੀ।


ਬਰਾੜ ਗਰਾਜ ਡੋਰ




ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install
Garage Door Openers

• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7




KARTAR FURNITURE

ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ

ਕਰਤਾਰ ਫਰਨੀਚਰ




- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657 69 Westmore Dr. #20 Etobicoke ON, M9V 3Y6



ਬਰੈਂਪਟਨ ਸਾਊਥ ਤੋਂ ਕੰਜ਼ਰਵੇਟਵ ਪਾਰਟੀ ਦੇ ਉਮੀਦਵਾਰ ਰਮਨਦੀਪ ਬਰਾੜ ਵੱਲੋਂ ਕੀਤੇ ਫੰਡਰੇਜ਼ਿੰਗ ਦੌਰਾਨ ਹੋਏ ਵੱਡੇ ਇਕੱਠ ਦੀਆਂ ਕੁਝ ਤਸਵੀਰਾਂ।

# ਸ਼ੀਅਰ ਵੱਲੋਂ ਯੂਨੀਵਰਸਲ ਟੈਕਸ ਕੱਟ ਦਾ ਐਲਾਨ

...ਪੰਨਾ 1 ਦਾ ਬਾਕੀ

ਇੱਥੇ ਹੀ ਬੱਸ ਨਹੀਂ ਲਿਬਰਲਾਂ ਨੇ ਗੈਸੋਲੀਨ, ਘਰਾਂ ਦੀ ਹੀਟਿੰਗ ਤੇ ਗ੍ਰੌਸਰੀ ਤੱਕ ਉੱਤੇ ਟੈਕਸ ਵਿੱਚ ਵਾਧਾ ਕਰਕੇ ਮੱਧ ਵਰਗ ਦਾ ਲੱਕ ਤੋੜ ਦਿੱਤਾ ਸੀ। ਟਰੂਡੋ ਦੇ ਚੁਣੇ ਜਾਣ ਤੋਂ ਬਾਅਦ ਔਸਤਨ ਕੈਨੇਡੀਅਨ ਮੱਧ ਵਰਗੀ ਪਰਿਵਾਰਾਂ ਨੂੰ ਸਾਲ ਦੇ 800 ਡਾਲਰ ਹੋਰ ਟੈਕਸਾਂ ਦੇ ਰੂਪ ਵਿੱਚ ਅਦਾ ਕਰਨੇ ਪੈ ਰਹੇ ਹਨ।

ਸ਼ੀਅਰ ਨੇ ਆਖਿਆ ਕਿ ਇਸ ਯੂਨੀਵਰਸਲ ਟੈਕਸ ਕੱਟ ਨਾਲ ਕੰਜ਼ਰਵੇਟਿਵ ਵੱਧ ਤੋਂ ਵੱਧ ਪੈਸਾ ਆਮ ਆਦਮੀ ਦੀ ਜੇਬ੍ਹ ਵਿੱਚ ਰਹਿਣ ਦੇਣਾ ਚਾਹੁੰਦਾ ਹੈ। ਸ਼ੀਅਰ ਇਹ ਵੀ ਐਲਾਨ ਕਰ ਚੁੱਕੇ ਹਨ ਕਿ ਉਨ੍ਹਾਂ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਸਰਕਾਰ ਟਰੂਡੋ ਦੇ ਕਾਰਬਨ ਟੈਕਸ ਨੂੰ ਰੱਦ ਕਰੇਗੀ, ਹੋਮ ਹੀਟਿੰਗ ਤੋਂ ਜੀਐਸਟੀ ਖਤਮ ਕੀਤੀ ਜਾਵੇਗੀ, ਜਿਸ ਨਾਲ ਆਮ ਕੈਨੇਡੀਅਨਾਂ ਨੂੰ 107 ਡਾਲਰ ਦੀ ਬਚਤ ਹੋਵੇਗੀ, ਸਾਰੇ ਮੈਟਰਨਿਟੀ ਬੈਨੇਫਿਟਸ ਨੂੰ ਟੈਕਸ ਮੁਕਤ ਕੀਤਾ ਜਾਵੇਗਾ-ਜਿਸ ਨਾਲ ਨਵੇਂ ਬਣੇ ਮਾਪਿਆਂ ਨੂੰ 4000 ਡਾਲਰ ਤੱਕ ਦੀ ਬਚਤ ਹੋਵੇਗੀ, ਗ੍ਰੀਨ ਪਬਲਿਕ ਟਰਾਂਜ਼ਿਟ ਟੈਕਸ ਕ੍ਰੈਡਿਟ ਪੇਸ਼ ਕੀਤਾ ਜਾਵੇਗਾ- ਜਿਸ ਨਾਲ ਹਰ ਸਾਲ ਪਰਿਵਾਰਾਂ ਨੂੰ ਸੈਂਕੜੇ ਡਾਲਰ ਬਚਣਗੇ।

# ਮਿਸੀਸਾਗਾ ਵਿੱਚ ਹਮਲਾਵਰਾਂ ਨੇ ਅੰਨ੍ਹੇਵਾਹ ਚਲਾਈਆਂ ਗੋਲੀਆਂ, ਇੱਕ ਹਲਾਕ ਕਈ ਜ਼ਖ਼ਮੀ

...ਪੰਨਾ 1 ਦਾ ਬਾਕੀ

ਇਹ ਘਟਨਾ ਸ਼ਾਮੀਂ 6:30 ਵਜੇ ਮੌਰਨਿੰਗ ਸਟਾਰ ਤੇ ਗੋਰਵੇਅ ਡਰਾਈਵਜ਼ ਦੇ ਨੇੜੇ ਸਥਿਤ ਰਿਹਾਇਸ਼ੀ ਕਾਂਪਲੈਕਸ ਦੇ ਪਿਛਲੇ ਹਿੱਸੇ ਵਿੱਚ ਵਾਪਰੀ।

ਇੱਕ 17 ਸਾਲਾ ਲੜਕੇ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦਕਿ ਪੰਜ ਹੋਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ। ਗੰਭੀਰ ਜ਼ਖ਼ਮੀਆਂ ਵਿੱਚ 13 ਸਾਲਾ ਲੜਕੀ, 16 ਸਾਲਾਂ ਦਾ ਇੱਕ ਲੜਕਾ, 17 ਸਾਲਾਂ ਦੇ ਦੋ ਲੜਕੇ ਤੇ ਇੱਕ ਮਹਿਲਾ, ਜੋ ਕਿ ਆਪਣੇ 50ਵਿਆਂ ਵਿੱਚ ਹੈ, ਸ਼ਾਮਲ ਹਨ। ਐਤਵਾਰ ਦੁਪਹਿਰ ਨੂੰ ਕੀਤੀ ਗਈ ਪ੍ਰੈੱਸ ਕਾਨਫਰੰਸ ਵਿੱਚ ਪੀਲ ਪੁਲਿਸ ਮੁਖੀ ਕ੍ਰਿਸ ਮੈਕੌਰਡ ਨੇ ਦੱਸਿਆ ਕਿ ਜਾਂਚਕਾਰਾਂ ਦਾ ਮੰਨਣਾ ਹੈ ਕਿ ਮਸ਼ਕੂਕ, ਇਸ ਹਫਤੇ ਦੇ ਸ਼ੁਰੂ ਵਿੱਚ ਇਸੇ ਗਰੁੱਪ ਵੱਲੋਂ ਫਿਲਮਾਏ ਤੇ ਰਲੀਜ਼ ਕੀਤੇ ਗਏ ਰੈਪ ਵੀਡੀਓ ਤੋਂ ਪ੍ਰੇਰਿਤ ਸਨ। ਇਹ ਵੀ ਪਤਾ ਲੱਗਿਆ ਹੈ ਕਿ ਕਥਿਤ ਤੌਰ ਉੱਤੇ ਪਹਿਲਾਂ ਵਾਲੇ ਵੀਡੀਓ ਵਿੱਚ ਕਮਿਊਨਿਟੀ ਦੇ ਹੋਰਨਾਂ ਲੋਕਾਂ ਨੂੰ ਵੰਗਾਰਿਆ ਗਿਆ ਸੀ। ਮੈਕੌਰਡ ਨੇ ਆਖਿਆ ਕਿ ਪੁਲਿਸ ਨੂੰ ਅਜੇ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਕਿੰਨੇ ਲੋਕ ਵੀਡੀਓ ਦੀ ਸ਼ੂਟਿੰਗ ਕਰ ਰਹੇ ਸੀ। ਪਰ ਉਨ੍ਹਾਂ ਦੱਸਿਆ ਕਿ ਕਈ ਰਾਹਗੀਰਾਂ, ਜਿਨ੍ਹਾਂ ਨੂੰ ਗੋਲੀ ਲੱਗੀ ਉਹ ਗਲਤ ਸਮੇਂ ਉੱਤੇ ਗਲਤ ਥਾਂ ਉੱਤੇ ਸਨ।

ਉਨ੍ਹਾਂ ਆਖਿਆ ਕਿ ਸਾਨੂੰ ਲੱਗਦਾ ਹੈ ਕਿ ਹਮਲਾਵਰਾਂ ਦਾ ਅਸਲ ਮਕਸਦ ਰੈਪ ਵੀਡੀਓ ਦੀ ਸ਼ੂਟਿੰਗ ਕਰ ਰਹੇ ਲੋਕਾਂ ਨੂੰ ਨਿਸ਼ਾਨਾ ਬਣਾਉਣਾ ਸੀ। ਉਨ੍ਹਾਂ ਦੱਸਿਆ ਕਿ ਅਧਿਕਾਰੀਆਂ ਨੂੰ ਮੌਕੇ ਤੋਂ ਕਾਰਤੂਸਾਂ ਦੇ 100 ਖੋਲ ਮਿਲੇ ਹਨ ਤੇ ਉਨ੍ਹਾਂ ਨੂੰ ਖਦਸ਼ਾ ਹੈ ਕਿ ਇਲਾਕੇ ਦੀ ਜਾਂਚ ਦੌਰਾਨ ਹੋਰ ਖੋਲ ਮਿਲ ਸਕਦੇ ਹਨ। ਇਸ ਤੋਂ ਇਹ ਵੀ ਪਤਾ ਲੱਗਿਆ ਹੈ ਕਿ ਹਮਲਾਵਰਾਂ ਵੱਲੋਂ ਅੰਨ੍ਹੇਵਾਹ ਗੋਲੀਆਂ ਚਲਾਈਆਂ ਗਈਆਂ। ਹਮਲਾਵਰਾਂ ਨੇ ਸਿਆਹ ਰੰਗ ਦੇ ਕੱਪੜੇ ਪਾਏ ਹੋਏ ਸਨ। ਮੈਕੌਰਡ ਨਾਲ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਮਿਸੀਸਾਗਾ ਦੀ ਮੇਅਰ ਬੌਨੀ ਕ੍ਰੌਂਬੀ ਨੇ ਆਖਿਆ ਕਿ ਇਹ ਹਿੰਸਾ ਦਾ ਤ੍ਰਾਸਦਿਕ ਕਾਰਾ ਸੀ।

# ਜਗਮੀਤ ਸਿੰਘ ਵੱਲੋਂ ਨੈਸ਼ਨਲ ਆਟੋਮੋਟਿਵ ਸਟਰੈਟੇਜੀ ਦਾ ਐਲਾਨ

...ਪੰਨਾ 1 ਦਾ ਬਾਕੀ

ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਜਗਮੀਤ ਸਿੰਘ ਤੇ ਐਨਡੀਪੀ ਨਾਲ ਖੜ੍ਹੇ ਹੋਣ ਉੱਤੇ ਮਾਣ ਹੈ ਕਿਉਂਕਿ ਅਸੀਂ ਹਮੇਸ਼ਾਂ ਆਟੋ ਸੈਕਟਰ ਦਾ ਸਮਰਥਨ ਕਰਾਂਗੇ ਤੇ ਇਹ ਯਕੀਨੀ ਬਣਾਂਵਾਂਗੇ ਕਿ ਨੌਕਰੀਆਂ ਕੈਨੇਡਾ ਵਿੱਚ ਹੀ ਰਹਿਣ।

ਉਨ੍ਹਾਂ ਆਖਿਆ ਕਿ ਦੱਖਣੀ ਓਨਟਾਰੀਓ ਵਿੱਚ ਕਮਿਊਨਿਟੀਜ਼ ਨੇ ਉਤਪਾਦਨ ਦੇ ਖੇਤਰ ਵਿੱਚ ਸੈਂਕੜੇ ਰੋਜ਼ਗਾਰ ਦੇ ਮੌਕੇ ਖੁੱਸਦੇ ਵੇਖੇ ਹਨ ਤੇ ਇਹ ਵੀ ਵੇਖਿਆ ਹੈ ਕਿ ਲਿਬਰਲ ਤੇ ਕੰਜ਼ਰਵੇਟਿਵ ਸਰਕਾਰਾਂ ਹੱਥ ਉੱਤੇ ਹੱਥ ਧਰੀ ਬੈਠੀਆਂ ਰਹੀਆਂ ਪਰ ਇਨ੍ਹਾਂ ਰੋਜ਼ਗਾਰ ਦੇ ਮੌਕਿਆਂ ਨੂੰ ਖੁੱਸਣ ਤੋਂ ਬਚਾਅ ਨਹੀਂ ਸਕੀਆਂ। ਕਈ ਮਾਮਲਿਆਂ ਵਿੱਚ ਤਾਂ ਅਮੀਰ ਕੰਪਨੀਆਂ ਨੂੰ ਆਪਣੀਆਂ ਜੇਬ੍ਹਾਂ ਭਰਕੇ ਇੱਥੋਂ ਤੁਰਦੇ ਬਣਦਿਆਂ ਵੀ ਵੇਖਿਆ ਗਿਆ ਹੈ।

ਬਰੈਂਪਟਨ ਸੈਂਟਰ ਤੋਂ ਐਨਡੀਪੀ ਉਮੀਦਵਾਰ ਜੌਰਡਨ ਬੋਸਵੈੱਲ ਨੇ ਆਖਿਆ ਕਿ ਸਾਨੂੰ ਪੂਰਾ ਭਰੋਸਾ ਹੈ ਕਿ ਜਗਮੀਤ ਸਿੰਘ ਇਹ ਯਕੀਨੀ ਬਣਾਉਣਗੇ ਕਿ ਆਟੋਮੋਟਿਵ ਸੈਕਟਰ ਦੀਆਂ ਨੌਕਰੀਆਂ ਬਾਹਰ ਨਾ ਜਾਣ। ਇਸ ਤੋਂ ਪਹਿਲਾਂ ਓਸ਼ਵਾ ਵਿੱਚ ਜਗਮੀਤ ਸਿੰਘ ਵੱਲੋਂ ਨੈਸ਼ਨਲ ਆਟੋ-ਮੋਟਿਵ ਸਟਰੈਟੇਜੀ ਕਾਇਮ ਕਰਨ ਦਾ ਤਹੱਈਆ ਪ੍ਰਗਟਾਇਆ ਗਿਆ।

# ਆਈ ਐੱਫ ਐੱਸ ਅਧਿਕਾਰੀ ਨੇ ਮੁਆਵਜ਼ੇ ਦੇ 25 ਹਜ਼ਾਰ ਰੁਪਏ ਪ੍ਰਧਾਨ ਮੰਤਰੀ ਫੰਡ ਵਿੱਚ ਦਿੱਤੇ

ਨਵੀਂ ਦਿੱਲੀ, 15 ਸਤੰਬਰ (ਪੋਸਟ ਬਿਊਰੋ)- ਬਹੁ-ਚਰਚਿਤ ਆਈ ਐੱਫ ਐੱਸ ਅਧਿਕਾਰੀ ਸੰਜੀਵ ਚਤੁਰਵੇਦੀ ਨੇ ਕੇਂਦਰ ਸਰਕਾਰ ਤੋਂ ਮਿਲਿਆ 25 ਹਜ਼ਾਰ ਰੁਪਏ ਦਾ ਮੁਆਵਜ਼ਾ ਪ੍ਰਧਾਨ ਮੰਤਰੀ ਰਾਸ਼ਟਰੀ ਰਾਹਤ ਕੋਸ਼ ਵਿਚ ਦੇ ਦਿੱਤਾ ਤੇ ਨਾਲ ਕਿਹਾ ਹੈ ਕਿ ਇਸ ਨਾਲ ਈਮਾਨਦਾਰ ਅਫਸਰਾਂ ਦੇ ਕੇਸ ਲੜਨ ਲਈ ਇੱਕ ਫੰਡ ਬਣਾਇਆ ਜਾਵੇ।

ਵਰਨਣ ਯੋਗ ਹੈ ਕਿ ਸੰਜੀਵ ਚਤਰੁਵੇਦੀ ਨੇ ਆਪਣੇ ਖਿਲਾਫ ਜੀਰੋ ਏ ਸੀ ਆਰ ਦਾ ਕੇਸ ਵਿਚ ਸੁਪਰੀਮ ਕੋਰਟ ਦੇ ਸਾਹਮਣੇ ਪੇਸ਼ ਕੀਤਾ ਸੀ। ਇਸ ਬਾਰੇ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਉਨ੍ਹਾਂ ਨੂੰ ਇਹ ਮੁਆਵਜ਼ਾ ਮਿਲਿਆ ਸੀ। ਚਤੁਰਵੇਦੀ ਨੇ ਮੁਆਵਜ਼ੇ ਦੀ ਇਹ ਸਾਰੀ ਰਕਮ ਰਾਹਤ ਕੋਸ਼ ਵਿਚ ਦੇ ਕੇ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਇਸ ਪੈਸੇ ਨਾਲ ਇੱਕ ਵਿਸ਼ੇਸ਼ ਫੰਡ ਬਣਾਇਆ ਜਾਏ, ਜਿਹੜਾ ਕਾਨੂੰਨੀ ਲੜਾਈ ਲਈ ਇਮਾਨਦਾਰ ਅਫਸਰਾਂ ਦੀ ਮਦਦ ਕਰੇ। ਉਨ੍ਹਾਂ ਨੇ ਪ੍ਰਧਾਨ ਮੰਤਰੀ ਦਫਤਰ ਨੂੰ ਦੱਸਿਆ ਕਿ ਬਦਲਾ ਲਊ ਮੁਕੱਦਮੇਬਾਜ਼ੀ ਲਈ ਸਰਕਾਰ ਨੂੰ ਇਹ ਮੁਆਵਜ਼ਾ ਦੇਣਾ ਪਿਆ ਹੈ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਦੱਸਿਆ ਕਿ ਜਨਤਾ ਦਾ ਪੈਸਾ ਗਲਤ ਕੇਸਾਂ 'ਤੇ ਖਰਚ ਕੀਤਾ ਜਾਂਦਾ ਹੈ। ਚਤੁਰਵੇਦੀ ਦਾ ਦਾਨ ਪ੍ਰਧਾਨ ਮੰਤਰੀ ਦਫਤਰ ਨੇ ਸਵੀਕਾਰ ਕਰ ਲਿਆ ਅਤੇ ਪ੍ਰਧਾਨ ਮੰਤਰੀ ਨੇ ਚਤੁਰਵੇਦੀ ਦੇ ਇਸ ਕੰਮ ਦੀ ਸ਼ਲਾਘਾ ਕੀਤੀ ਹੈ। ਇਸ ਤੋਂ ਪਹਿਲਾਂ ਚਤੁਰਵੇਦੀ ਸਾਲ-2015 ਵਿਚ ਰਮਨ ਮੈਗਸੇਸੇ ਐਵਾਰਡ ਵਿਚ ਮਿਲੇ 19 ਲੱਖ ਰੁਪਏ ਵੀ ਪ੍ਰਧਾਨ ਮੰਤਰੀ ਦੇ ਰਾਹਤ ਫੰਡ ਵਿਚ ਦੇ ਚੁੱਕੇ ਹਨ ਅਤੇ ਉਨ੍ਹਾਂ ਦੇ ਖਿਲਾਫ ਬਦਲਾ ਲਊ ਕਾਰਵਾਈ ਜਾਰੀ ਰਹੀ ਸੀ, ਜਿਸ ਕਾਰਨ ਸੁਪਰੀਮ ਕੋਰਟ ਨੇ ਸਰਕਾਰ ਨੂੰ ਹੁਕਮ ਕੀਤਾ ਸੀ ਕਿ ਸੰਜੀਵ ਚਤੁਰਵੇਦੀ ਨੂੰ ਮੁਆਵਜ਼ਾ ਦਿੱਤਾ ਜਾਵੇ।

# ਦਿਨ ਦਿਹਾੜੇ ਕੋਰੀਅਰ ਦੁਕਾਨ ਤੋਂ 120 ਲੱਖ ਰੁਪਏ ਲੁੱਟੇ ਗਏ

ਹੁਸ਼ਿਆਰਪੁਰ, 15 ਸਤੰਬਰ (ਪੋਸਟ ਬਿਊਰੋ)- ਥਾਣਾ ਮਾਡਲ ਟਾਊਨ ਹੇਠਲੇ ਜਲੰਧਰ ਰੋਡ ਉੱਤੇ ਪਿੱਪਲਾਂਵਾਲਾ ਵਿਚ ਬਾਅਦ ਦੁਪਹਿਰ ਟਰਾਂਸਪੋਰਟ ਕੋਰੀਅਰ ਦੀ ਦੁਕਾਨ ਦੇ ਮੈਨੇਜਰ ਨੂੰ ਜ਼ਖਮੀ ਕਰ ਕੇ ਇੱਕ ਲੱਖ 20 ਹਜ਼ਾਰ ਰੁਪਏ ਲੁੱਟਣ ਪਿੱਛੋਂ ਲੁਟੇਰੇ ਮੋਟਰ ਸਾਈਕਲ 'ਤੇ ਫਰਾਰ ਹੋ ਗਏ। ਆਸਪਾਸ ਦੇ ਦੁਕਾਨਦਾਰਾਂ ਨੂੰ ਇਸ ਦੀ ਜਾਣਕਾਰੀ ਉਦੋਂ ਮਿਲੀ, ਜਦੋਂ ਕੋਰੀਅਰ ਦੀ ਦੁਕਾਨ ਦੇ ਮੈਨੇਜਰ ਮਨੋਜ ਕੁਮਾਰ ਨੇ ਦੁਕਾਨ 'ਚੋਂ ਬਾਹਰ ਨਿਕਲ ਕੇ ਜ਼ੋਰ-ਜ਼ੋਰ ਨਾਲ ਮਦਦ ਦੀ ਰੌਲਾ ਪਾਇਆ। ਨੇੜਲੇ ਦੁਕਾਨਦਾਰਾਂ ਨੇ ਲੁਟੇਰਿਆਂ ਦੇ ਹਮਲੇ ਵਿੱਚ ਜ਼ਖਮੀ ਜਰਨੈਲ ਸਿੰਘ ਪੁੱਤਰ ਸੁਖਦੇਵ ਸਿੰਘ



ਵਾਸੀ ਗੋਬਿੰਦ ਨਗਰ ਨੂੰ ਇਲਾਜ ਲਈ ਸਿਵਲ ਹਸਪਤਾਲ ਪੁਚਾਇਆ।

ਪਿੱਪਲਾਂਵਾਲਾ ਸਥਿਤ ਟਰਾਂਸਪੋਰਟ ਕੋਰੀਅਰ ਦੇ ਮੈਨੇਜਰ ਮਨੋਜ ਕੁਮਾਰ ਨੇ ਦੱਸਿਆ ਕਿ ਕੱਲ੍ਹ ਦੁਪਹਿਰ ਦੇ ਸਮੇਂ ਵਾਰਦਾਤ ਤੋਂ ਕੁਝ ਦੇਰ ਪਹਿਲਾਂ ਹੀ ਉਹ ਕੋਰੀਅਰ ਨਾਲ ਦੁਕਾਨ 'ਤੇ ਪਹੁੰਚ ਕੇ ਰਨਿੰਗ ਸ਼ੀਟ ਬਣਾ ਰਿਹਾ ਸੀ। ਅਚਾਨਕ ਦਫਤਰ ਦੇ ਅੰਦਰ ਤਿੰਨ ਨਕਾਬਪੋਸ਼ ਨੌਜਵਾਨ ਆਉਂਦੇ ਸਾਰ ਦਫਤਰ ਦੇ ਸ਼ਟਰ ਨੂੰ ਸੁੱਟ ਕਮਰੇ ਵਿੱਚ ਲੱਗੇ ਸੀ ਸੀ ਟੀ ਵੀ ਕੈਮਰੇ ਨੂੰ ਤੋੜ ਕੇ ਪੈਸੇ ਹਵਾਲੇ ਕਰਨ ਦੀ ਮੰਗ ਕਰਨ ਲੱਗੇ। ਜਰਨੈਲ ਸਿੰਘ ਨੇ ਵਿਰੋਧ ਕੀਤਾ ਤਾਂ ਤਿੰਨਾਂ ਨੇ ਮਿਲ ਕੇ ਉਸ ਉੱਤੇ ਤੇਜ਼ਧਾਰ ਹਥਿਆਰ ਨਾਲ ਗਰਦਨ ਅਤੇ ਹੱਥ ਨੂੰ ਬੁਰੀ ਤਰ੍ਹਾਂ ਜ਼ਖਮੀ ਕਰ ਕੇ ਕਾਊਂਟਰ ਵਿੱਚ ਪਏ ਇੱਕ ਲੱਖ 20 ਹਜ਼ਾਰ ਰੁਪਏ ਚੁੱਕੇ ਅਤੇ ਤਿੰਨ ਚਾਰ ਸੈਕਿੰਡ ਦੇ ਅੰਦਰ ਹੀ ਫਰਾਰ ਹੋ ਗਏ। ਲੁਟੇਰੇ ਜਾਂਦੇ ਸਮੇਂ ਸੀ ਸੀ ਟੀ ਵੀ ਕੈਮਰੇ ਵਿੱਚ ਲੱਗੇ ਡੀ ਵੀ ਆਰ ਕੱਢ ਕੇ ਆਪਣੇ ਨਾਲ ਹੀ ਲੈ ਗਏ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

G MEDIA GROUP PRESENTS
RADIO RAMZ PUNJABI
an expression of the community
FROM APRIL 1ST, 2019
ON FM 91.9
EVERYDAY 1PM TO 2PM
HOST: Harjinder Singh Gill
Ramz Punjabi RADIO & TV
An expression of the community
647.400.6862 | RAMZPUNJABI@GMAIL.COM | WWW.RAMZPUNJABI.COM

Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

AZ ਡਰਾਇਵਰਾਂ ਦੀ ਲੋੜ ਹੈ
New Drivers are welcome
• ਵਧੀਆ ਤਨਖਾਹ
• ਆਟੋਪਾਰਟਸ ਲਈ
• ਆਟੋਮੈਟਿਕ ਟੱਰਕ
ਟੀਮ ਡਰਾਇਵਰਾਂ ਦੀ USA ਲਈ ਡੈਡੀਕੇਟਡ ਰਨ ਲਈ ਲੋੜ ਹੈ
647.456.8520 | 416.904.0715

Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ
SPECIAL DISCOUNT FOR CONTRACTORS
Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648


# ਸੇਵਾ ਤੇ ਸੂਰਮਗਤੀ ਦਾ ਸਿਖਰ: ਭਗਤ ਪੂਰਨ ਸਿੰਘ

–ਡਾ. ਰੂਪ ਸਿੰਘ

ਤਿੰਨ ਜੂਨ 1904 ਈ. ਨੂੰ ਪਿੰਡ ਰਾਜੇਵਾਲ ਤਸੀਲ, ਸਮਰਾਲਾ, ਜ਼ਿਲਾ ਲੁਧਿਆਣਾ ਦੇ ਹਿੰਦੂ ਪਰਵਾਰ ਵਿੱਚ ਪੈਦਾ ਹੋਏ ਰਾਮਜੀ ਦਾਸ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਪੂਰਨ ਸਿੰਘ ਹੋ ਗਏ। ਦਸਵੀਂ ਜਮਾਤ ਦੀ ਪੜ੍ਹਾਈ ਲੁਧਿਆਣਾ ਜ਼ਿਲੇ ਦੇ ਕਸਬਾ ਖੰਨਾ ਤੋਂ ਪ੍ਰਾਪਤ ਕੀਤੀ। ਫੇਲ੍ਹ ਹੋ ਜਾਣ 'ਤੇ ਖਾਲਸਾ ਹਾਈ ਸਕੂਲ ਲਾਹੌਰ ਵਿੱਚ ਦਾਖਲ ਹੋ ਗਏ। ਲਾਹੌਰ ਵਿੱਚ ਉਨ੍ਹਾਂ ਦੀ ਮਾਤਾ ਭਾਂਡੇ ਮਾਂਜਣ ਦੀ ਸੇਵਾ ਕਰਿਆ ਕਰਦੀ ਸੀ। ਸਕੂਲ ਦੀ ਪੜ੍ਹਾਈ ਸਮੇਂ ਅਕਸਰ ਪੂਰਨ ਸਿੰਘ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੇ ਦਰਸ਼ਨ ਕਰਨ ਜਾਂਦੇ। ਇਹ ਗੱਲ 1932 ਈਸਵੀ ਦੀ ਹੈ, ਜਦ ਪੂਰਨ ਸਿੰਘ ਆਪਣੇ ਜੀਵਨ ਆਦਰਸ਼ ਦੀ ਪ੍ਰਾਪਤੀ ਬਾਰੇ ਗੁਰਦੁਆਰਾ ਸਾਹਿਬ ਦੇ ਮਹੰਤ ਗੋਪਾਲ ਸਿੰਘ ਨੂੰ ਨਾਲ ਲੈ ਕੇ ਗੁਰਦੁਆਰਾ ਪ੍ਰਬੰਧਕਾਂ ਪਾਸ ਗਿਆ ਤੇ ਉਨ੍ਹਾਂ ਨੇ ਕਿਹਾ ਕਿ ਇਹ ਨੌਜਵਾਨ ਆਪਣਾ ਜੀਵਨ ਬੇ-ਸਹਾਰਾ, ਪਾਗਲਾਂ, ਲੂਲ੍ਹਿਆਂ-ਲੰਗੜਿਆਂ, ਪਿੰਗਲਿਆਂ ਦੀ ਸੇਵਾ ਨੂੰ ਸਮਰਪਿਤ ਕਰਨਾ ਚਾਹੁੰਦਾ ਹੈ। ਪ੍ਰਬੰਧਕਾਂ ਦੇ ਪੁੱਛਣ 'ਤੇ ਕਿ ਇਹ ਵਿਚਾਰ ਤੁਹਾਡੇ ਮਨ ਵਿੱਚ ਕਿਵੇਂ ਆਇਆ, ਪੂਰਨ ਸਿੰਘ ਨੇ ਕਿਹਾ ਕਿ ਉਹ ਇਕ ਹਿੰਦੂ ਪਰਵਾਰ ਵਿੱਚੋਂ ਹੈ, ਉਨ੍ਹਾਂ ਦੇ ਮਾਤਾ ਜੀ ਧਾਰਮਿਕ ਬਿਰਤੀ ਰੱਖਦੇ ਹੋਏ ਹਮੇਸ਼ਾ ਰਾਹਗੀਰਾਂ, ਲੋੜਵੰਦਾਂ ਦੀ ਜਲ ਪਾਣੀ ਨਾਲ ਸੇਵਾ ਕਰਦੀ ਹੈ ਅਤੇ ਰੋਜ਼ਾਨਾ ਜਪੁਜੀ ਸਾਹਿਬ ਦਾ ਪਾਠ ਨੇਮ ਨਾਲ ਕਰਦੀ ਹੈ, ਜਿਸ 'ਤੇ ਉਨ੍ਹਾਂ ਨੇ ਕਾਲਜ ਦੀ ਪੜ੍ਹਾਈ ਦੀ ਥਾਂ ਇਹ ਪੜ੍ਹਾਈ' ਕਰਨ ਦਾ ਮਨ ਬਣਾ ਲਿਆ। ਉਨ੍ਹਾਂ ਕਿਹਾ ਕਿ ਉਹ ਆਪਣਾ ਜੀਵਨ ਲੋੜਵੰਦ ਦੁਖੀਆਂ ਦੀ ਮਦਦ ਕਰਨ ਨੂੰ ਸਮਰਪਣ ਕਰਨਾ ਚਾਹੁੰਦੇ ਹਨ। ਇਸ ਦੀ ਪ੍ਰਾਪਤੀ ਲਈ ਆਪਾ ਤਿਆਗ ਕੇ ਗੁਰਦੁਆਰਾ ਸਾਹਿਬ ਵਿਖੇ ਰਹਿ ਕੇ ਸੇਵਾ, ਸਿਮਰਨ, ਪਰਉਪਕਾਰ ਦੀ ਸਿੱਖਿਆ ਲੈਣੀ ਚਾਹੁੰਦੇ ਹਨ। ਇਹ ਉਚ ਵਿਚਾਰ ਸੁਣਦਿਆਂ ਹੀ ਪ੍ਰਬੰਧਕਾਂ ਨੇ ਪੂਰਨ ਸਿੰਘ ਦੇ ਖਾਣ ਪੀਣ ਅਤੇ ਰਹਿਣ ਸਹਿਣ ਦਾ ਪ੍ਰਬੰਧ ਕਰ ਦਿੱਤਾ। ਇਹ ਅਰੰਭ ਸੀ ਉਸ ਆਦਰਸ਼ ਦਾ, ਜਿਸ ਦੀ ਪ੍ਰਾਪਤੀ ਲਈ ਪੂਰਨ ਸਿੰਘ ਘਰੋਂ ਤੁਰਿਆ ਸੀ। ਗੁਰਦੁਆਰਾ ਡੇਹਰਾ ਸਾਹਿਬ ਵਿਖੇ ਜਲ ਪਾਣੀ, ਲੰਗਰ, ਸਫਾਈ, ਬਰਤਨਾਂ ਦੀ ਨਿਤ ਪ੍ਰਤੀ ਸੇਵਾ ਕਰ ਕੇ ਪੂਰਨ ਸਿੰਘ ਬਾਜ਼ਾਰ ਵਿੱਚ ਘੁੰਮਣ ਨਿਕਲ ਤੁਰਦਾ। ਮੁੱਖ ਨਿਸ਼ਾਨਾ ਸੜਕਾਂ ਤੋਂ ਸ਼ੀਸ਼ੇ ਪੱਥਰ, ਰੋੜੇ, ਕਿਲ ਕਾਂਟੇ ਲਾਂਭੇ ਕਰਨਾ ਸੀ ਤਾਂ ਕਿ ਰਾਹੀਆਂ ਨੂੰ ਕਸ਼ਟ ਨਾ ਪਹੁੰਚੇ। ਫਿਰ ਲਾਇਬ੍ਰੇਰੀ ਬੈਠ ਕੇ ਉਚ ਖਿਆਲਾਂ ਨੂੰ ਪੜ੍ਹਨਾ ਲਿਖਣਾ ਤੇ ਪ੍ਰਚਾਰ ਹਿਤ ਵੰਡਣਾ ਪੂਰਨ ਸਿੰਘ ਦਾ ਨਿਤ ਦਾ ਕਾਰਜ ਸੀ। ਸਾਲ 1934 ਈ. ਵਿੱਚ ਗੁਰਦੁਆਰਾ ਡੇਹਰਾ ਸਾਹਿਬ ਦੇ ਦਰਸ਼ਨੀ ਡਿਊੜੀ 'ਤੇ ਕੋਈ ਨਿਰਦਈ ਦਿਲ ਇਕ ਚਾਰ ਕੁ ਸਾਲ ਦਾ ਪਿੰਗਲਾ ਤੇ ਗੂੰਗਾ ਬੱਚਾ ਛੱਡ ਗਿਆ। ਪੂਰਨ ਸਿੰਘ ਨੇ ਉਸ ਨੂੰ ਗੋਦ ਲੈ ਕੇ ਸੰਭਾਲ ਸ਼ੁਰੂ ਕਰ ਦਿੱਤੀ, ਪਰ ਆਪਣੀ ਨਿਤ ਦੀ ਕਿਰਤ ਵੀ ਜਾਰੀ ਰੱਖੀ। ਲਗਭਗ 14 ਸਾਲ ਉਸ ਬੱਚੇ ਦੀ ਸੰਭਾਲ ਕਰਦੇ ਰਹੇ ਅਤੇ ਦੇਸ਼ ਵੰਡ ਸਮੇਂ 'ਪਿੰਗ-ਲੇ' ਨੂੰ ਵਿਰਾਸਤੀ ਪੂੰਜੀ ਵਜੋਂ ਨਾਲ ਲੈ ਕੇ ਅੰਮ੍ਰਿਤਸਰ ਆ ਗਏ।

ਭਗਤ ਪੂਰਨ ਸਿੰਘ ਜੀ ਦੇ ਲਿਖਣ ਅਨੁਸਾਰ 'ਦੇਸ਼ ਵੰਡ ਸਮੇਂ ਮੈਂ ਆਪਣੇ ਨਾਲ ਇਕ ਰੁਪਇਆ, ਪੰਜ ਆਨੇ ਲੈ ਕੇ ਆਇਆਂ ਸਾਂ, ਕਛਹਿਰਾ ਮੈਂ ਪਹਿਨਿਆ ਹੋਇਆ ਸੀ ਤੇ ਫੁਲਕਾਰੀ ਮੇਰੇ ਪਿੰਡੇ 'ਤੇ ਸੀ। ਇਸ ਤੋਂ ਇਲਾਵਾ ਮੇਰੇ ਕੋਲ ਇਕ ਲੋਹੇ ਦਾ ਬਾਟਾ, ਦੋ ਵੱਡੀਆਂ ਕਾਪੀਆਂ, ਦੋ ਅੰਗਰੇਜ਼ੀ ਰਸਾਲੇ ਅਤੇ ਲੂਲ੍ਹਾ ਮੇਰੀ ਪਿੱਠ ਉਤੇ ਸੀ।' ਉਨ੍ਹਾਂ ਦਾ ਇਸ ਪਿੰਗਲੇ ਲੂਲ੍ਹੇ ਬੱਚੇ ਨਾਲ ਕਿਤਨਾ ਪਿਆਰ ਸੀ, ਉਨ੍ਹਾਂ ਦੀ ਜ਼ੁਬਾਨੀ ਜਿਗਰ ਦਾ ਟੁਕੜਾ ਲੂਲ੍ਹਾ ਬੱਚਾ ਮੇਰੀ ਜ਼ਿੰਦਗੀ ਦਾ ਸਭ ਤੋਂ ਵੱਡਾ ਸਹਾਰਾ ਰਿਹਾ, ਉਹ ਜੇ ਮੈਨੂੰ ਨਾ ਮਿਲਦਾ ਤਾਂ ਮੈਂ ਉਹ ਕੁਝ ਨਾ ਕਰ ਸਕਦਾ, ਜੋ ਪਿੰਗਲਵਾੜੇ ਦੇ ਰੂਪ ਵਿੱਚ ਕੀਤਾ ਹੈ ਅਤੇ ਦੁਨੀਆ ਦਾ ਪਿਆਰ ਅਤੇ ਸਤਿਕਾਰ ਜਿੱਤਿਆ ਹੈ।

ਸ਼ਰਨਾਰਥੀ ਕੈਂਪ ਖਤਮ ਹੋ ਜਾਣ 'ਤੇ ਭਗਤ ਪੂਰਨ ਸਿੰਘ ਨੇ ਰੇਲਵੇ ਸਟੇਸ਼ਨ 'ਤੇ ਕੁਝ ਸਮੇਂ ਲਈ ਨਿਵਾਸ ਕੀਤਾ ਤੇ ਫਿਰ ਕੁਝ ਸਮਾਂ ਦਰਖੱਤਾਂ ਦੀ ਛੱਤ ਹੇਠ ਗੁਜ਼ਾਰਿਆ। ਸਹਿਜੇ-ਸਹਿਜੇ ਭਗਤ ਪੂਰਨ ਸਿੰਘ ਦੇ ਪਰਵਾਰਕ ਮੈਂਬਰਾਂ ਦੀ ਗਿਣਤੀ ਵਧਦੀ ਗਈ, ਜਿਸ ਲਈ ਕਿਸੇ ਪੱਕੇ ਟਿਕਾਣੇ ਦੀ ਲੋੜ ਸੀ, ਜਿਥੇ ਟਿਕ ਕੇ ਇਨ੍ਹਾਂ ਲਵਾਰਸਾਂ ਅਪਾਹਜਾਂ ਦੀ ਸੇਵਾ ਸੰਭਾਲ ਤੇ ਇਲਾਜ ਦਾ ਪ੍ਰਬੰਧ ਹੋ ਸਕੇ। ਇਸ ਸਮੇਂ ਇਨ੍ਹਾਂ ਦਾ ਨਿਵਾਸ ਇਕ ਬੰਦ ਪਏ ਸਿਨੇਮੇ ਦੀ ਇਮਾਰਤ ਵਿੱਚ ਸੀ। ਉਸ ਸਿਨੇਮੇ ਦੀ ਬੋਲੀ 35000 ਰੁਪਏ ਹੋ ਗਈ। ਭਗਤ ਜੀ ਕੋਲ ਜਮ੍ਹਾਂ ਪੂੰਜੀ ਕੋਈ ਹੈ ਨਹੀਂ ਸੀ, ਜਿਸ ਨਾਲ ਇਮਾਰਤ ਖਰੀਦੀ ਜਾਂਦੀ। ਸਹਿਯੋਗ ਵੱਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੀਟਿੰਗ ਚੱਲ ਰਹੀ ਸੀ, ਭਗਤ ਜੀ ਨੇ ਕਮੇਟੀ ਮੈਂਬਰਾਂ ਨੂੰ ਸਥਿਤੀ ਤੋਂ ਜਾਣੂ ਕਰਾਇਆ ਕਿ ਇਸ ਵੇਲੇ ਸਾਨੂੰ ਇਮਾਰਤ ਦੀ ਸਖਤ ਜ਼ਰੂਰਤ ਹੈ, ਜਿਸ ਲਈ ਘੱਟੋ-ਘੱਟ 50000 ਰੁਪਏ ਦੀ ਲੋੜ ਹੈ, ਜੋ ਮੈਂ ਇਕੱਠੀ ਨਹੀਂ ਕਰ ਸਕਦਾ। ਭਗਤ ਜੀ ਦੇ ਵਿਚਾਰ ਸੁਣ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਹ ਮਾਇਆ ਦੇਣ ਦਾ ਬਹੁ ਪਰਉਪਕਾਰੀ ਫੈਸਲਾ ਕਰ ਦਿੱਤਾ, ਜਿਸ ਨਾਲ ਪਿੰਗਲਵਾੜੇ ਦੀ ਵਿਸ਼ਾਲ ਇਮਾਰਤ ਦਾ ਆਰੰਭ ਹੋਇਆ। ਭਗਤ ਪੂਰਨ ਸਿੰਘ ਦੇ ਸੇਵਾ ਕਾਰਜਾਂ ਲਈ ਭਾਰਤ ਸਰਕਾਰ ਵੱਲੋਂ ਭਗਤ ਜੀ ਨੂੰ 'ਪਦਮ ਸ੍ਰੀ' ਨਾਲ ਸਨਮਾਨਿਤ ਕੀਤਾ ਗਿਆ, ਪਰ ਭਗਤ ਜੀ ਨੇ ਇਹ ਸਨਮਾਨ ਉਸ ਸਮੇਂ ਵਾਪਸ ਕਰ ਦਿੱਤਾ, ਜਦ ਸਰਕਾਰ ਨੇ ਮਾਨਵਤਾ ਦੇ ਕੇਂਦਰੀ ਅਸਥਾਨ ਸ੍ਰੀ ਦਰਬਾਰ ਸਾਹਿਬ ਨੂੰ ਫੌਜੀ ਹਮਲੇ ਸਮੇਂ ਭਾਰੀ ਹਾਨੀ ਪਹੁੰਚਾਈ।



## ਵਿਅੰਗ ਨੀਂਦ ਦੀ ਕੀਮਤ ਵਸੂਲਣ ਵਾਲੇ

–ਨੂਰ ਸੰਤੋਖਪੁਰੀ

ਕਿਹਦਾ-ਕਿਹਦਾ ਨਾਂ ਲੈ ਲਿਆ ਜਾਵੇ ਕਿ ਕੌਣ ਜ਼ਾਲਮ, ਦੁਸ਼ਮਣ, ਪੱਥਰ ਦਿਲ ਸਾਡੀ ਮਿੱਠੀ-ਪਿਆਰੀ ਨੀਂਦ ਦੀ ਕੀਮਤ ਵਸੂਲ ਕਰਦਾ ਹੈ? ਕਿਹੜਾ ਪਿਆਰਾ ਤੇ ਆਪਣਾ ਵਸੂਲ ਨਹੀਂ ਕਰਦਾ, ਸਗੋਂ ਸਾਡੀ ਨੀਂਦ ਦੀ ਕੀਮਤ ਅਦਾ ਕਰਦਾ ਹੈ। ਸਾਡੀ ਨੀਂਦ ਚੁਰਾਉਣ ਵਾਲੇ ਤੇ ਨੀਂਦ ਦੀ ਕੀਮਤ ਵਸੂਲਣ ਵਾਲੇ ਅਣਗਿਣਤ ਹਨ। ਕੁਝ ਸਣੇ ਵਿਆਜ ਵਸੂਲ ਕਰਦੇ ਨੇ। ਉਹ ਕੋਈ ਲਿਹਾਜ਼ ਨਹੀਂ ਕਰਦੇ। ਰਿਆਇਤ ਨਹੀਂ ਦਿੰਦੇ।

ਪਹਿਲਾਂ ਗੱਲ ਪ੍ਰੇਮੀਆਂ ਅਤੇ ਪ੍ਰੇਮਿਕਾਵਾਂ ਦੀ ਕਰ ਲਈਏ, ਫਿਰ ਆਪਣੀ ਸਭ ਦੀ। ਜੇ ਪ੍ਰੇਮਿਕਾਵਾਂ ਆਪੋ-ਆਪਣੇ ਪ੍ਰੇਮੀਆਂ ਦੀਆਂ ਅੱਖਾਂ 'ਚੋਂ ਨੀਂਦ ਚੋਰੀ ਕਰ ਲੈਂਦੀਆਂ ਨੇ ਤਾਂ ਉਨ੍ਹਾਂ ਦੇ ਪ੍ਰੇਮੀ ਵੀ ਉਨ੍ਹਾਂ ਦੀ ਨੀਂਦ ਉੱਤੇ ਡਾਕਾ ਮਾਰਦੇ ਨੇ। ਮਹਿੰਗੇ ਤੋਹਫਿਆਂ ਦਾ ਲੈਣ-ਦੇਣ ਕਰ ਕੇ ਪਿਆਰੀ-ਪਿਆਰੀ ਨੀਂਦ ਦੀ ਕੀਮਤ ਅਦਾ ਕਰਨੀ ਪੈਂਦੀ ਹੈ। ਪਿਆਰ ਮਿਲੇ, ਨਾ ਮਿਲੇ, ਇਸ ਦੀ ਕੋਈ ਗਾਰੰਟੀ ਨਹੀਂ ਮਿਲਦੀ। ਜਿਨ੍ਹਾਂ ਨੇ ਪਿਆਰ-ਮੁਹੱਬਤ ਨੂੰ ਫੈਸ਼ਨ ਸਮਝਿਆ ਹੁੰਦਾ ਹੈ, ਉਨ੍ਹਾਂ ਨੂੰ ਤਾਂ ਗਾਰੰਟੀ ਉਕਾ ਨਹੀਓਂ ਮਿਲਦੀ। ਹਾਂ, ਤੇ ਨੀਂਦ ਦੀ ਕੀਮਤ ਵਸੂਲਣ ਵਾਲੇ ਬੜੇ 'ਉਹ', ਬੜੇ ਹਰਜਾਈ ਹੁੰਦੇ ਹਨ। ਜੋ ਕੋਈ ਆਪਣੀ ਨੀਂਦ ਤੇ ਮਨ ਦੇ ਚੈਨ ਦਾ ਮੁੱਲ ਨਹੀਂ ਤਾਰਦਾ, ਉਹ ਰਾਤ-ਰਾਤ ਭਰ ਹਉਕੇ ਭਰਦਾ ਹੈ।

ਇੱਕ-ਦੂਜੇ ਦਾ ਦਿਲ, ਮਨ ਦਾ ਚੈਨ ਤੇ ਅੱਖਾਂ ਦੀ ਨੀਂਦ ਚੁਰਾਉਣ ਵਾਲੇ ਆਸ਼ਕਾਂ ਤੇ ਮਸ਼ੂਕਾਂ ਵਾਂਗ ਘਰਾਂ, ਦੁਕਾਨਾਂ, ਕਾਰਖਾਨਿਆਂ, ਦਫਤਰਾਂ ਆਦਿ 'ਚੋਂ ਤਰ੍ਹਾਂ-ਤਰ੍ਹਾਂ ਦਾ ਸਾਮਾਨ, ਧਨ, ਗਹਿਣੇ, ਕੱਪੜੇ ਵਗੈਰਾ ਚੁਰਾਉਣ ਵਾਲੇ ਚੋਰ ਵੀ ਲੋਕਾਂ ਦੀ ਗੂੜ੍ਹੀ ਨੀਂਦ ਦੀ ਕੀਮਤ ਵਸੂਲਦੇ ਹਨ। ਬੜੀ ਹੁਸ਼ਿਆਰੀ ਨਾਲ ਵਸੂਲਦੇ ਹਨ। ਅੱਵਲ ਤਾਂ ਲੋਕਾਂ ਨੂੰ ਛੱਤੀ ਤਰ੍ਹਾਂ ਦੀਆਂ ਫਿਕਰਾਂ-ਚਿੰਤਾਵਾਂ ਕਾਰਨ ਛੇਤੀ ਨੀਂਦ ਆਉਂਦੀ ਨਹੀਂ। ਜੇ ਆ ਜਾਵੇ ਤਾਂ ਚੋਰ, ਲੁਟੇਰੇ ਉਨ੍ਹਾਂ ਦਾ ਤਰ੍ਹਾਂ-ਤਰ੍ਹਾਂ ਦਾ ਸਾਮਾਨ ਚੋਰੀ ਕਰ ਕੇ, ਲੁੱਟ ਕੇ, ਉਨ੍ਹਾਂ ਦੀ ਨੀਂਦ ਦੀ ਕੀਮਤ ਉਨ੍ਹਾਂ ਤੋਂ ਵਸੂਲਦੇ ਨੇ। ਜੇ ਚੋਰ ਕਿਸੇ ਦਾ ਮੂਲ ਧਨ ਸਣੇ ਵਿਆਜ ਚੋਰੀ ਕਰ ਕੇ ਲੈ ਜਾਣ ਤਾਂ ਸਮਝੋ ਕਿ ਉਹ ਉਸ ਦੀ ਨੀਂਦ ਦੀ ਕੀਮਤ ਸਣੇ ਵਿਆਜ ਵਸੂਲ ਕੇ ਰਫੂ ਚੱਕਰ ਹੋਏ ਨੇ। ਜਿੰਨੀ ਵੱਧ ਮਹਿੰਗੀ ਚੀਜ਼, ਓਨੀ ਵੱਧ ਕੀਮਤ ਤਾਰਨੀ ਪੈਂਦੀ ਹੈ। ਜਿਹੜੇ ਲੋਕ ਆਪਣੀ ਨੀਂਦ ਦੀ ਕੀਮਤ ਚੋਰਾਂ, ਲੁਟੇਰਿਆਂ, ਡਾਕੂਆਂ, ਨੇਤਣੀਆਂ, ਨੇਤਾਵਾਂ ਨੂੰ ਵਸੂਲ ਕਰਨ ਤੋਂ ਰੋਕਣਾ ਚਾਹੁੰਦੇ ਹੋਣ, ਉਨ੍ਹਾਂ ਨੂੰ ਬਾ-ਹੁਸ਼ਿਆਰ ਹੋਣਾ ਪਏਗਾ।

ਘੁਰਾੜੇ ਮਾਰਨ ਵਾਲੇ ਖੁਦ ਪੈਰ ਪਸਾਰ ਕੇ ਸੌਂ ਜਾਂਦੇ ਹਨ, ਪਰ ਆਪਣੇ ਲਾਗੇ (ਨੇੜੇ) ਸੌਣ ਵਾਲਿਆਂ ਨੂੰ ਜਗਾਈ ਰੱਖਦੇ ਨੇ। ਜੇ ਮੀਆਂ-ਬੀਵੀ ਦੋਵੇਂ ਘੁਰਾੜਾ-ਰਾਗ ਪੰਚਮ ਸੁਰ 'ਚ ਗਾਉਣ ਵਾਲੇ ਹੋਣ ਤਾਂ ਉਨ੍ਹਾਂ ਦੇ ਪਾਲਤੂ ਕੁੱਤਿਆਂ ਜਾਂ ਹੋਰ ਜਾਨਵਰਾਂ ਨੂੰ ਪ੍ਰੇਸ਼ਾਨੀ ਹੋ ਸਕਦੀ ਹੈ। ਉਨ੍ਹਾਂ ਨੂੰ ਨਹੀਂ, ਗਲੀਆਂ, ਬਾਜ਼ਾਰਾਂ 'ਚ ਆਵਾਰਾ ਘੁੰਮਣ ਵਾਲੇ ਕੁੱਤੇ-ਕੁੱਤੀਆਂ ਨੂੰ ਵੀ ਹੁੰਦੀ ਹੈ। ਉਹ ਵੀ ਦਿਨ 'ਚ ਸੌਂ ਕੇ ਆਪਣੀ ਨੀਂਦ ਦਾ ਕੋਟਾ ਪੂਰਾ ਕਰ ਲੈਂਦੇ ਨੇ ਤੇ ਫਿਰ ਪੂਰੀ ਰਾਤ 'ਭਊਂ-ਭਊਂ' ਭੌਂਕ ਕੇ ਲੋਕਾਂ ਦੇ ਧੀਰਜ ਦਾ ਇਮਤਿਹਾਨ ਲੈਂਦੇ ਨੇ। ਇਨ੍ਹਾਂ ਆਵਾਰਾ ਕੁੱਤਿਆਂ ਨੂੰ ਚੀਜ਼ਾਂ ਖੁਆ-ਪਿਆ ਕੇ ਲੋਕਾਂ ਨੂੰ ਆਪਣੀ ਨੀਂਦ ਦੀ ਕੀਮਤ ਅਦਾ ਕਰਦੇ ਰਹਿਣਾ ਚਾਹੀਦਾ ਹੈ। ਹੋਰ ਸਾਰੇ ਲਾਲਚੀ ਕਿਸਮ ਦੇ ਕੁੱਤਿਆਂ ਨੂੰ ਵੀ ਆਪਣੀ ਨੀਂਦ, ਅਮਨ, ਚੈਨ ਦੀ ਕੀਮਤ ਆਪਾਂ ਸਭ ਨੂੰ ਤਾਰਨੀ ਪੈਂਦੀ ਹੈ। ਕਿਸੇ ਜਗ੍ਹਾ ਕੋਈ ਨੇਤਾ ਸਟੇਜ 'ਤੇ ਚੜ੍ਹਿਆ ਉੱਚੀ-ਉੱਚੀ ਭਾਸ਼ਣ ਦੇਈ ਜਾ ਰਿਹਾ ਸੀ ਤੇ ਸਰੋਤਿਆਂ 'ਚ ਬੈਠੇ ਕੁਝ ਕੁੱਤੇ ਮੂੰਹ ਚੁੱਕੀ ਉਸ ਵੱਲ ਵੇਖੀ ਜਾ ਰਹੇ ਸਨ। ਅਸਾਂ ਉਨ੍ਹਾਂ ਨੂੰ ਕਿਹਾ, "ਓਏ, ਜਾਓ, ਦੌੜੋ ਇਥੋਂ! ਸਾਨੂੰ ਇਹਦੀ ਕੋਈ ਗੱਲ ਸਮਝ ਪਈ ਨਹੀਂ ਆਂਵਦੀ, ਤੁਹਾਨੂੰ ਕਿਵੇਂ ਆ ਜਾਊਗੀ?"

ਇਹ ਸੁਣ ਕੇ ਕੁੱਤਿਆਂ ਦਾ ਆਗੂ ਕੁੱਤਾ ਬੋਲਾ, "ਇਹ ਨੇਤਾ ਬੜਾ ਨਿਰਦਈ ਤੇ ਜ਼ਾਲਮ ਬੰਦਾ ਏ। ਇਹ ਭਾਸ਼ਣ ਦੇ-ਦੇ ਕੇ ਸਾਡੀ ਨੀਂਦ ਵਿੱਚ ਖਲਲ ਪਾ ਰਿਹਾ ਏ ਤੇ ਤੁਹਾਨੂੰ ਤਾਂ ਡਾਢਾ ਤੰਗ-ਪ੍ਰੇਸ਼ਾਨ ਕਰਦਾ ਹੋਊਗਾ।"

ਆਮਦਨ ਟੈਕਸ ਵਸੂਲਣ ਵਾਲੇ ਅਫਸਰਾਨ ਤੇ ਮੁਲਾਜ਼ਮ ਵੀ ਨੀਂਦ ਦੀ ਕੀਮਤ ਵਸੂਲਣ ਵਾਲਿਆਂ ਵਿੱਚ ਸ਼ੁਮਾਰ ਨੇ। ਜੀ ਐੱਸ ਟੀ ਵਸੂਲਣ ਵਾਲੇ ਵੀ। ਲੋਕਾਂ ਨੂੰ ਆਮਦਨ ਟੈਕਸ ਅਦਾ ਕਰਨ ਲਈ ਪ੍ਰੇਰਤ ਤੇ ਉਤਸ਼ਾਹਤ ਕਰਨ ਹਿੱਤ ਇੰਨੇ ਦਿਲ ਕੰਬਾਉਣ ਵਾਲੇ ਇਸ਼ਤਿਹਾਰ ਹੁੰਦੇ ਹਨ ਕਿ ਇਨ੍ਹਾਂ ਨੂੰ ਪੜ੍ਹਨ-ਸੁਣਨ ਵਾਲਿਆਂ ਦੀ ਨੀਂਦ ਖੰਭ ਲਾ ਕੇ ਉਡ ਜਾਂਦੀ ਹੈ। ਉਨ੍ਹਾਂ ਨੂੰ ਦਿਨ ਦੀ ਰੋਸ਼ਨੀ ਵਿੱਚ ਵੀ ਜੇਲ੍ਹ ਦਾ ਹਨੇਰਾ, ਜੁਰਮਾਨੇ ਦਾ ਡਰ ਭੈਅਭੀਤ ਕਰ ਦਿੰਦਾ ਹੈ। ਆਮਦਨ ਟੈਕਸ ਵਿਭਾਗ ਦੀ ਚਿਤਾਵਨੀ 'ਚ ਕਰ ਚੋਰੀ ਕਰਨ ਵਾਲਿਆਂ ਨੂੰ ਕਾਨੂੰਨੀ ਕਾਰਵਾਈ ਦੀ ਧਮਕ (ਗਰਜ਼) ਸੁਣਾਈ ਦਿੰਦੀ ਹੈ। ਇਸ ਵਿਭਾਗ ਦੇ ਸਿਰ 'ਤੇ ਸਰਕਾਰੀ ਖਜ਼ਾਨਾ ਭਰਨ ਦੀ ਵੱਡੀ ਜ਼ਿੰਮੇਵਾਰੀ ਹੁੰਦੀ ਹੈ।

ਵਤਨ ਦੇ ਰਖਵਾਲੇ ਤੇ ਪਹਿਰੇਦਾਰ ਸੈਨਿਕ, ਮਿਹਨਤਕਸ਼ ਮਜ਼ਦੂਰ, ਕਿਸਾਨ, ਵਿਗਿਆਨੀ, ਸੱਚੇ ਸਮਾਜ ਸੇਵਕ, ਸੁਧਾਰਕ, ਬੁੱਧੀਜੀਵੀ, ਨਿਡਰ ਤੇ ਇਮਾਨਦਾਰ ਪੱਤਰਕਾਰ, ਸੱਚੇ ਰਹਿਬਰ ਕਦੇ ਕਿਸੇ ਤੋਂ ਆਪਣੀ ਨੀਂਦ ਦੀ ਕੀਮਤ ਨਹੀਂ ਵਸੂਲਦੇ, ਸਗੋਂ ਇਹ ਸਾਰੇ ਆਪਣੇ ਸੁੱਖ ਨੀਂਦ, ਆਰਾਮ ਦੀ ਕੁਰਬਾਨੀ ਦੇ ਕੇ ਸਾਡੇ ਸਭ ਦੇ ਸੁੱਖ, ਚੈਨ, ਨੀਂਦ ਦੀ ਕੀਮਤ ਅਦਾ ਕਰਦੇ ਹਨ। ਕਈ ਆਪਣੀਆਂ ਜਾਨਾਂ ਕੁਰਬਾਨ ਕਰ ਕੇ ਕਰਦੇ ਹਨ। ਸਭ ਤੋਂ ਪਿਆਰੀ ਤੇ ਦਿਲ ਦੇ ਕਰੀਬ ਰਹਿਣ ਵਾਲੀ ਮਾਂ ਕਦੇ ਆਪਣੇ ਬੱਚਿਆਂ ਤੋਂ ਨੀਂਦ ਦੀ ਕੀਮਤ ਵਸੂਲ ਨਹੀਂ ਕਰਦੀ, ਉਹ ਬੱਚਿਆਂ ਵਾਸਤੇ ਆਪਣੀ ਨੀਂਦ, ਆਪਣਾ ਸੁੱਖ ਤੇ ਆਰਾਮ, ਚੈਨ ਕੁਰਬਾਨ ਕਰ ਦਿੰਦੀ ਹੈ। ਬਾਪ ਵੀ ਆਪਣੇ ਬੱਚਿਆਂ ਦਾ ਜੀਵਨ ਤੇ ਭਵਿੱਖ ਸੰਵਾਰਨ ਵਾਸਤੇ ਦਿਨ-ਰਾਤ ਮਿਹਨਤ ਕਰਦਾ ਹੈ ਤਾਂ ਕਿ ਬੱਚੇ ਬੇਫਿਕਰ ਹੋ ਕੇ ਸੌਂ ਸਕਣ ਤਾਂ ਕਿ ਰਾਜ਼ੀ-ਖੁਸ਼ੀ ਆਪਣਾ ਜੀਵਨ ਗੁਜ਼ਾਰ ਸਕਣ।

## ਹਲਕਾ ਫੁਲਕਾ

ਪਤੀ-ਪਤਨੀ ਇੱਕ ਹੀ ਪਲੇਟ 'ਚ ਗੋਲਗੱਪੇ ਖਾ ਰਹੇ ਸਨ, ਇੱਕ ਦੂਜੇ ਦੀਆਂ ਅੱਖਾਂ 'ਚ ਅੱਖਾਂ ਮਿਲਾ ਕੇ।

ਪਤਨੀ ਨੇ ਰੋਮਾਂਟਿਕ ਹੋ ਕੇ ਪੁੱਛਿਆ, "ਅਜਿਹਾ ਕੀ ਦੇਖ ਰਹੇ ਹੋ ਜੀ?"

ਪਤੀ, "ਥੋੜ੍ਹਾ ਆਰਾਮ ਨਾਲ ਖਾਹ, ਮੇਰੀ ਵਾਰੀ ਹੀ ਨਹੀਂ ਆ ਰਹੀ।"

*********

ਵਰਿੰਦਰ, "ਮੈਨੂੰ ਠੀਕ ਤਰ੍ਹਾਂ ਸੁਣਾਈ ਨਹੀਂ ਦਿੰਦਾ ਸੀ। ਕੁਝ ਦਿਨ ਪਹਿਲਾਂ ਮੈਂ ਕੰਨਾਂ ਦਾ ਆਪਰੇਸ਼ਨ ਕਰਾਇਆ। ਅੱਜ ਕੱਲ੍ਹ ਸਾਫ ਸੁਣਾਈ ਦਿੰਦਾ ਹੈ।"

ਵਿੱਕੀ, "ਆਪਰੇਸ਼ਨ ਉੱਤੇ ਕਿੰਨਾ ਖਰਚ ਆਇਆ?"

ਵੀਰੂ ਨੇ ਤੁਰੰਤ ਘੜੀ ਦੇਖੀ ਅਤੇ ਬੋਲਿਆ, "ਪੂਰੇ ਚਾਰ ਵੱਜ ਗਏ।"

*********

ਇੱਕ ਕੈਦੀ ਦੂਜੇ ਕੈਦੀ ਨੂੰ, "ਤੈਨੂੰ ਪੁਲਸ ਨੇ ਕਿਉਂ ਫੜਿਆ?"


ਪਹਿਲਾ ਕੈਦੀ, "ਬੈਂਕ ਲੁੱਟਣ ਤੋਂ ਬਾਅਦ ਉਥੇ ਬੈਠ ਕੇ ਪੈਸੇ ਗਿਣਨ ਲੱਗਾ ਸੀ ਤਾਂ ਪੁਲਸ ਨੇ ਫੜ ਲਿਆ।"

ਦੂਜਾ ਕੈਦੀ, "ਉਥੇ ਹੀ ਪੈਸੇ ਗਿਣਨ ਦੀ ਕੀ ਲੋੜ ਸੀ।"

ਪਹਿਲਾ ਕੈਦੀ, "ਉਥੇ ਲਿਖਿਆ ਸੀ ਕਿ ਕਾਊਂਟਰ ਛੱਡਣ ਤੋਂ ਪਹਿਲਾਂ ਸਾਰੇ ਪੈਸੇ ਗਿਣ ਲਓ, ਬਾਅਦ 'ਚ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ।"

## ਘਰਾਂ ਦੇ ਵਿਹੜਿਆਂ ਵਿੱਚੋਂ ਘੜੇ ਦੀ ਸਰਦਾਰੀ ਖਤਮ

–ਮਾਸਟਰ ਸੰਜੀਵ ਧਰਮਾਣੀ



ਘੜਾ ਸਾਰੇ ਅਮੀਰ ਪੰਜਾਬੀ ਵਿਰਸੇ ਦਾ ਅਨਿੱਖੜਵਾਂ ਹਿੱਸਾ ਰਿਹਾ ਹੈ। ਇਹ ਆਪਣੇ ਠੰਢੇ ਅਤੇ ਸਿਹਤਮੰਦ ਪਾਣੀ, ਭਾਈਚਾਰਕ ਸਾਂਝ, ਖੁਸ਼ੀ-ਗਮੀ ਦੇ ਸੰਗੀ-ਸਾਥੀ ਅਤੇ ਲੋਕ ਸਾਜ਼ ਵਜੋਂ ਪੰਜਾਬੀਆਂ ਦੇ ਦਿਲਾਂ ਵਿੱਚ ਵਿਸ਼ਾਲ ਅਤੇ ਅਮਿੱਟ ਥਾਂ ਬਣਾਈ ਬੈਠਾ ਹੈ। ਘੜੇ ਦੇ ਪਾਣੀ ਦੀ ਸਿਫਤ ਨਹੀਂ ਕੀਤੀ ਜਾ ਸਕਦੀ ਅਤੇ ਇਸ ਦੇ ਸੰਤੋਖਮਈ ਠੰਢੇ ਪਾਣੀ ਦੀ ਰੀਸ ਮਹਿੰਗੇ ਤੋਂ ਮਹਿੰਗੇ ਅਤੇ ਵਧੀਆ ਤੋਂ ਵਧੀਆ ਫਰਿੱਜ ਜਾਂ ਵਾਟਰ ਕੂਲਰ ਕਦੇ ਵੀ ਨਹੀਂ ਕਰ ਸਕਦੇ।

ਕਦੇ ਘੜਾ ਘਰ ਦੀ ਸ਼ਾਨ, ਤ੍ਰਿਪਤੀ, ਠੰਢਕ ਅਤੇ ਸੰਤੋਖ ਦੀ ਨਿਸ਼ਾਨ ਹੁੰਦਾ ਸੀ। ਓਦੋਂ ਮੁਟਿਆਰਾਂ ਖੂਹਾਂ ਤੋਂ ਪਾਣੀ ਲਿਆਉਣ ਸਮੇਂ ਘੜਿਆਂ ਦੀ ਵਰਤੋਂ ਕਰਦੀਆਂ ਸਨ ਅਤੇ ਹਾਸੇ-ਹਾਸੇ ਵਿੱਚ ਦੋ-ਦੋ ਘੜੇ ਸਿਰ ਉੱਤੇ ਚੁੱਕ ਲੈਂਦੀਆਂ ਸਨ। ਕਈ ਵਾਰ ਗਿੱਧਿਆਂ ਆਦਿ ਵਿੱਚ ਵੀ ਘੜੇ ਦੀ ਵਰਤੋਂ ਹੁੰਦੀ ਸੀ। ਸਾਜ਼ ਦੇ ਤੌਰ 'ਤੇ ਵੀ ਘੜਾ ਅਹਿਮ ਭੂਮਿਕਾ ਨਿਭਾਉਂਦਾ ਰਿਹਾ ਹੈ। ਖੁਸ਼ੀ ਸਮੇਂ ਗੀਤ ਗਾਉਣ ਵੇਲੇ ਘੜੇ ਦੀ ਸਰਦਾਰੀ ਆਮ ਹੀ ਹੁੰਦੀ ਸੀ ਅਤੇ ਗਮੀ ਸਮੇਂ ਘੜਾ ਭੰਨਣਾ ਵੀ ਸਾਡੇ ਸਭਿਆਚਾਰ ਵਿੱਚ ਸ਼ਾਮਲ ਹੈ। ਘੜੇ ਉੱਤੇ ਰੰਗ-ਬਿਰੰਗੀ ਕਲਾਕਾਰੀ ਅਤੇ ਚਿੱਤਰਕਾਰੀ ਵੀ ਕੀਤੀ ਜਾਂਦੀ ਹੁੰਦੀ ਸੀ। ਘੜੇ ਦਾ ਪਾਣੀ ਵਿੱਚ ਮੌਜੂਦ ਸਿਹਤਮੰਦ ਤੱਤ ਹੋਰ ਦੂਜੇ ਪਾਣੀਆਂ ਵਿੱਚ ਨਹੀਂ ਮਿਲਦੇ।

ਪੁਰਾਤਨ ਲੋਕ ਰਾਤ ਨੂੰ ਘੜੇ ਵਿੱਚ ਰੱਖੇ ਪਾਣੀ ਨੂੰ ਸਵੇਰੇ-ਸੁਵੱਖਤੇ ਉਠ ਕੇ ਪੀਂਦੇ ਸਨ ਅਤੇ ਸਰੀਰਕ ਤੌਰ ਉੱਤੇ ਤੰਦਰੁਸਤ ਰਹਿੰਦੇ ਸਨ। ਘੜਾ ਹਰ ਰੁੱਤ ਵਿੱਚ ਹਰ ਥਾਂ ਸਾਡੇ ਲਈ ਸ਼ੁੱਧ ਪਾਣੀ ਹਾਸਲ ਕਰਾਉਂਦਾ ਸੀ। ਘੜੇ ਦੀ ਮੌਜੂਦਗੀ ਤੇ ਵਿਹੜਿਆਂ ਵਿੱਚੋਂ ਘੱਟ ਜਾਣ ਕਰ ਕੇ ਅੱਜ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਨੇ ਮਨੁੱਖ ਨੂੰ ਘੇਰ ਲਿਆ ਹੈ ਤੇ ਨਾਲ ਘੜੇ ਬਣਾਉਣ ਅਤੇ ਘਰ-ਘਰ ਹੋਕਾ ਦੇ ਕੇ ਘੜੇ ਵੇਚਣ ਦਾ ਕਿੱਤਾ ਤੇ ਪਛਾਣ ਮਿਟਦੀ ਜਾ ਰਹੀ ਹੈ। ਸਾਡੇ ਸਭਿਆਚਾਰਕ ਗੀਤਾਂ ਤੇ ਲੋਕ ਗੀਤਾਂ ਵਿੱਚ ਘੜੇ ਦਾ ਜ਼ਿਕਰ ਆਮ ਮਿਲਦਾ ਹੈ। ਸੋਹਣੀ-ਮਹੀਂਵਾਲ ਦੀ ਅਮਰ ਕਹਾਣੀ ਵੀ ਘੜੇ ਉਤੇ ਆਧਾਰਤ ਹੈ। ਘੜੇ ਨੇ ਸਾਡੇ ਦੁੱਖਾਂ, ਸੁੱਖਾਂ, ਆਪਸੀ ਸਾਂਝ, ਸਭਿਆਚਾਰਕ ਪੱਖੋਂ ਤੇ ਤੰਦਰੁਸਤੀ ਪੱਖੋਂ ਸਾਡੇ ਦਿਲੋ-ਦਿਮਾਗ ਉਤੇ ਰਾਜ ਕੀਤਾ ਅਤੇ ਸਾਡੀਆਂ ਯਾਦਾਂ ਦਾ ਅਮਿੱਟ ਹਿੱਸਾ ਰਿਹਾ।

ਸ਼ਹਿਰੀਕਰਨ, ਆਧੁਨਿਕਤਾ ਦੀ ਹੋੜ ਤੇ ਸਭਿਆਚਾਰਕ ਜਾਗਰੁਕਤਾ ਦੀ ਘਾਟ ਸਦਕਾ ਅੱਜ ਸਾਡੀਆਂ ਰਸੋਈਆਂ, ਘਰਾਂ ਅਤੇ ਵਿਹੜਿਆਂ ਵਿੱਚੋਂ ਘੜੇ ਦੀ ਹੋਂਦ ਅਤੇ ਸਰਦਾਰੀ ਖਤਮ ਹੀ ਹੋ ਗਈ ਹੈ, ਪਰ ਜਿਹੜੇ ਸੁਭਾਗੇ ਬੰਦਿਆਂ ਨੇ ਘੜੇ ਦੇ ਸੰਗ ਜੀਵਨ ਦਾ ਕੁਝ ਹਿੱਸਾ ਬਤੀਤ ਕੀਤਾ ਹੋਇਆ ਹੋਵੇਗਾ, ਉਨ੍ਹਾਂ ਵਡਭਾਗਿਆਂ ਤੇ ਖੁਸ਼ਕਿਸਮਤ ਪੰਜਾਬੀਆਂ ਨੂੰ ਕਦੇ ਤਾਂ ਘੜੇ ਦੀ ਯਾਦ ਜ਼ਰੂਰ ਆਉਂਦੀ ਹੋਵੇਗੀ ਅਤੇ ਕਿਤੇ ਨਾ ਕਿਤੇ ਉਨ੍ਹਾਂ ਦੇ ਦਿਲੋ-ਦਿਮਾਗ ਵਿੱਚ ਘੜੇ ਲਈ ਜ਼ਰੂਰ ਥਾਂ, ਪਿਆਰ, ਸਤਿਕਾਰ ਤੇ ਭਾਵਨਾਵਾਂ ਹੋਣਗੀਆਂ।

ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

Sant Rampal Ji Maharaj Spiritual Discourse in Brampton on Sunday, September 1, 2019 from 10 am to 12pm

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3,
ON L6T 5M4 | Fax : 905-488-2101

Office: 905-488-2100
Ext. 348

# ਆਰਥਿਕ ਮੰਦੀ ਵਿੱਚ ਫਸੇ ਭਾਰਤ ਦੇ ਲੋਕ ਚੁੱਪ ਕਿੰਨਾ ਚਿਰ ਰਹਿ ਸਕਣਗੇ!



ਜਤਿੰਦਰ ਪੰਨੂ

ਇਸ ਸਾਲ ਦੇ ਫਰਵਰੀ ਮਹੀਨੇ ਤੋਂ ਬਾਅਦ ਦੀਆਂ ਘਟਨਾਵਾਂ ਦੇ ਵਹਿਣ ਵਿੱਚ ਸਾਡੇ ਵਰਗੇ ਬਹੁਤ ਸਾਰੇ ਲੋਕਾਂ ਦਾ ਧਿਆਨ ਇਸ ਗੱਲ ਵੱਧ ਲੱਗਾ ਰਿਹਾ ਹੈ ਕਿ ਪਾਕਿਸਤਾਨ ਦੀ ਆਰਥਿਕਤਾ ਡੁੱਬਣ ਵਾਲੀ ਹੈ, ਅਤੇ ਇਸ ਵਿੱਚ ਕੋਈ ਸ਼ੱਕ ਵੀ ਨਹੀਂ। ਉਹ ਮੁਲਕ ਆਪਣੀ ਹੋਂਦ ਦੇ ਸਭ ਤੋਂ ਬੁਰੇ ਦੌਰ ਵਿੱਚੋਂ ਲੰਘ ਰਿਹਾ ਹੈ। ਇਸ ਪਾਸੇ ਜਦੋਂ ਸਾਰਾ ਧਿਆਨ ਲੱਗਾ ਹੋਇਆ ਹੈ, ਸਾਡੇ ਵਿੱਚੋਂ ਬਹੁਤੇ ਲੋਕਾਂ ਨੂੰ ਇਹ ਸੋਚਣ ਦੀ ਲੋੜ ਨਹੀਂ ਜਾਪਦੀ ਕਿ ਪਾਕਿਸਤਾਨ ਜਿੰਨੀ ਨਾ ਸਹੀ, ਭਾਰਤ ਦੀ ਆਰਥਿਕ ਹਾਲਤ ਵੀ ਪੈਰੋ-ਪੈਰ ਵਿਗੜੀ ਜਾਂਦੀ ਹੈ। ਪਿਛਲੇ ਮਹੀਨੇ ਇਹ ਲੁਕਿਆ ਭੇਦ ਭਾਰਤ ਦੇ ਯੋਜਨਾ ਕਮਿਸ਼ਨ, ਜਿਸ ਨੂੰ ਹਿੰਦੀ-ਕ੍ਰਿਤ ਕਰਨ ਦੀ ਮੁਹਿੰਮ ਹੇਠ ਇੱਕ ਨਵਾਂ ਨਾਂਅ 'ਨੀਤੀ ਆਯੋਗ' ਦੇ ਦਿੱਤਾ ਗਿਆ ਹੈ, ਦੇ ਉੱਪ ਚੇਅਰਮੈਨ ਰਾਜੀਵ ਕੁਮਾਰ ਕੋਲੋਂ ਅਚਾਨਕ ਜ਼ਾਹਰ ਹੋ ਗਿਆ। ਉਹ ਸਨਅਤਕਾਰਾਂ ਸਾਹਮਣੇ ਬੋਲ ਰਹੇ ਸਨ। ਖਿਆਲ ਸ਼ਾਇਦ ਇਹ ਸੀ ਕਿ ਏਥੇ ਕਹੀ ਗੱਲ ਏਥੇ ਰਹਿ ਜਾਣੀ ਹੈ, ਪਰ ਉਹ ਬਾਹਰ ਨਿਕਲ ਗਈ ਕਿ ਰਾਜੀਵ ਕੁਮਾਰ ਨੇ ਕਿਹਾ ਹੈ ਕਿ ਭਾਰਤ ਦੀ ਆਜ਼ਾਦੀ ਪਿੱਛੋਂ ਦੇ ਬਹੱਤਰ ਸਾਲਾਂ ਵਿੱਚ ਏਹੋ ਜਿਹੀ ਬੇਭਰੋਸਗੀ ਕਦੇ ਨਹੀਂ ਵੇਖੀ ਗਈ, ਜਿੰਨੀ ਇਸ ਵਕਤ ਦਿਖਾਈ ਦੇਂਦੀ ਹੈ ਅਤੇ ਬੈਂਕਾਂ ਹੀ ਨਹੀਂ, ਲੋਕ ਵੀ ਇੱਕ ਦੂਸਰੇ ਨਾਲ ਕਾਰੋਬਾਰੀ ਮਾਮਲੇ ਵਿੱਚ ਭਰੋਸਾ ਨਹੀਂ ਕਰਦੇ।

ਇਸ ਤੋਂ ਇੱਕ ਦਿਨ ਪਹਿਲਾਂ ਭਾਰਤ ਦੀ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਕਹਿ ਕੇ ਹਟੀ ਸੀ ਕਿ ਦੇਸ਼ ਵਿੱਚ ਕਿਸੇ ਤਰ੍ਹਾਂ ਦੀ ਆਰਥਿਕ ਮੰਦੀ ਦਾ ਕੋਈ ਸੰਕੇਤ ਹੀ ਨਹੀਂ ਹੈ। ਰਾਜੀਵ ਕੁਮਾਰ ਦੀ ਇਸ ਗੱਲ ਦਾ ਰੌਲਾ ਪਿਆ ਤਾਂ ਬੀਬੀ ਨਿਰਮਲਾ ਫਿਰ ਸਾਹਮਣੇ ਆਈ ਅਤੇ ਇਸ ਵੇਲੇ ਦੇਸ਼ ਦੀ ਆਰਥਿਕਤਾ ਦੇ ਮੰਦੇ ਹੋਣ ਦਾ ਖੰਡਨ ਕਰਨ ਦੇ ਨਾਲ ਦੇਸ਼ ਦੀ ਸਨਅਤ ਅਤੇ ਬੈਂਕਾਂ ਨੂੰ ਸੰਕਟ ਵਿੱਚੋਂ ਕੱਢਣ ਦੇ ਕਦਮਾਂ ਦਾ ਐਲਾਨ ਵੀ ਕਰਨ ਲੱਗ ਪਈ। ਆਰਥਿਕ ਸੰਕਟ ਨਹੀਂ ਸੀ ਤਾਂ ਇਨ੍ਹਾਂ ਕਦਮਾਂ ਦੀ ਲੋੜ ਨਹੀਂ ਸੀ ਹੋਣੀ ਚਾਹੀਦੀ, ਪਰ ਬੀਬੀ ਨੇ ਜਿਵੇਂ ਸਾਰੇ ਸੰਕਟ ਉੱਤੇ ਪੋਚਾ ਮਾਰਨਾ ਚਾਹਿਆ, ਉਸ ਉੱਤੇ ਅਗਲੇ ਹਫਤੇ ਫਿਰ ਦਾਗ ਉੱਭਰ ਆਏ। ਮਾਰੂਤੀ ਕਾਰ ਕੰਪਨੀ ਨੇ ਕੁਝ ਦਿਨ ਕੰਮ ਬੰਦ ਰੱਖਣ ਦਾ ਐਲਾਨ ਕੀਤਾ, ਕਿਉਂਕਿ ਕਾਰਾਂ ਦਾ ਵਿਕਰੀ ਘਟ ਗਈ ਸੀ ਤੇ ਏਨੀ ਜ਼ਿਆਦਾ ਘਟ ਗਈ ਕਿ ਕੰਪਨੀ ਲਈ ਸੰਕਟ ਦੀ ਸਥਿਤੀ ਪੈਦਾ ਹੋ ਗਈ ਸੀ। ਫਿਰ ਲੇਅਲੈਂਡ ਕੰਪਨੀ ਨੇ ਕੁਝ ਦਿਨ ਕੰਮ ਬੰਦ ਰੱਖਣ ਦਾ ਸੰਕੇਤ ਦੇ ਦਿੱਤਾ। ਉਸ ਕੰਪਨੀ ਸਾਹ-ਮਣੇ ਵੀ ਇਹ ਸਥਿਤੀ ਪੈਦਾ ਹੋਣ ਦਾ ਉਹੀ ਕਾਰਨ ਸੀ, ਜਿਹੜਾ ਮਾਰੂਤੀ ਅਤੇ ਹੋਰ ਬਹੁਤ ਸਾਰੇ ਅਦਾਰਿਆਂ ਦੇ ਸਾਹਮਣੇ ਸਿਰ ਚੁੱਕੀ ਖੜੋਤਾ ਹੈ, ਪਰ ਨਰਿੰਦਰ ਮੋਦੀ ਸਰਕਾਰ ਇਸ ਤੋਂ ਅੱਖਾਂ ਚੁਰਾਉਣ ਦੇ ਯਤਨ ਕਰ ਰਹੀ ਹੈ।

ਅਸੀਂ ਕਾਰਾਂ ਦੀ ਵਿਕਰੀ ਦੇ ਅੰਕੜੇ ਵੇਖੇ ਹਨ ਤੇ ਉਨ੍ਹਾਂ ਤੋਂ ਪਤਾ ਲੱਗਾ ਹੈ ਕਿ ਪਿਛਲੇ ਮਹੀਨੇ ਇਸ ਦਾ ਹਾਲ ਉਹੋ ਹੋ ਗਿਆ ਹੈ, ਜਿਹੜਾ ਉੱਨੀ ਸਾਲ ਪਹਿਲਾਂ ਵਾਜਪਾਈ ਸਰਕਾਰ ਵੇਲੇ ਹੋਇਆ ਅਤੇ ਮਸਾਂ ਸੁਧਰਿਆ ਸੀ। ਉੱਨੀ ਕੁ ਸਾਲ ਲੰਘ ਕੇ ਦੋਬਾਰਾ ਜਦੋਂ ਇਹੋ ਸੰਕਟ ਸਾਹਮਣੇ ਆਇਆ ਹੈ ਤਾਂ ਖਜ਼ਾਨਾ ਮੰਤਰੀ ਬੀਬੀ ਨਿਰਮਲਾ ਨੇ ਨਵੀ ਕਥਾ ਛੋਹ ਦਿੱਤੀ ਹੈ ਕਿ ਦੋ ਕੰਪਨੀਆਂ ਓਲਾ ਅਤੇ ਓਬਰ ਅਤੇ ਨਵੀਂ ਉੱਭਰੀ 'ਮਿਲੇਨੀਅਲ ਜਨਰੇਸ਼ਨ' ਦੇ ਲੋਕਾਂ ਦੀ ਸੋਚ ਕਾਰਨ ਏਦਾਂ ਦਾ ਸੰਕਟ ਖੜਾ ਹੋਇਆ ਹੈ।



ਦੋਵਾਂ ਕੰਪਨੀਆਂ ਉੱਤੇ ਉਸ ਨੇ ਦੋਸ਼ ਲਾਇਆ ਹੈ ਕਿ ਉਨ੍ਹਾਂ ਦੇ ਕਾਰਨ ਲੋਕ ਸਸਤੇ ਭਾਅ ਟੈਕਸੀ ਦੀ ਸੇਵਾ ਲੈਣ ਲੱਗ ਪਏ ਹਨ ਤੇ ਆਪਣੀ ਕਾਰ ਖਰੀਦਣ ਤੋਂ ਹਟਦੇ ਜਾਂਦੇ ਹਨ ਤੇ ਮਿਲੇਨੀਅਲ ਜਨਰੇਸ਼ਨ ਦੇ ਲੋਕ ਅਸਲੋਂ ਹੀ ਨਵੀਂ ਕਿਸਮ ਦੀ ਜੀਵਨ-ਸੋਚ ਨੂੰ ਅਪਣਾਉਣ ਲੱਗ ਪਏ ਹਨ, ਜਿਸ ਕਾਰਨ ਕਾਰਾਂ ਵਗੈਰਾ ਦੀ ਲੋੜ ਹੀ ਉਨ੍ਹਾਂ ਨੂੰ ਨਹੀਂ ਜਾਪਦੀ ਅਤੇ ਇਸ ਲਈ ਮੋਟਰ-ਗੱਡੀਆਂ ਦੇ ਖੇਤਰ ਵਿੱਚ ਸੰਕਟ ਆ ਰਿਹਾ ਹੈ। ਇਹ ਨਵਾਂ ਨੁਕਤਾ ਹੈ।

ਸਾਡੀ ਜਾਣਕਾਰੀ ਮੁਤਾਬਕ ਰੋਮਨ ਕੈਲੰਡਰ ਦਾ ਹਜ਼ਾਰਵਾਂ ਸਾਲ ਜਦੋਂ ਆਉਂਦਾ ਹੈ, ਉਸ ਨੂੰ 'ਮਿਲੇਨੀਅਮ' ਕਿਹਾ ਜਾਂਦਾ ਹੈ ਤੇ ਜਿਹੜੇ ਬੱਚੇ ਇਸ ਮਿਲੇਨੀਅਮ ਵਾਲੇ ਸਾਲ ਦੇ ਨੇੜੇ-ਤੇੜੇ ਜਵਾਨੀ ਵਿੱਚ ਪੈਰ ਰੱਖਦੇ ਹਨ, ਉਨ੍ਹਾਂ ਲਈ ਇੱਕ ਸ਼ਬਦ 'ਮਿਲੇਨੀਅਲ ਜਨਰੇਸ਼ਨ' ਵਰਤ ਲਿਆ ਜਾਂਦਾ ਹੈ। ਇਸ ਦਾ ਅਰਥ ਹੈ ਕਿ ਜਿਹੜੇ ਬੱਚੇ ਸਾਲ 1981 ਪਿੱਛੋਂ ਪੈਦਾ ਹੋਏ ਸਨ ਅਤੇ ਸਾਲ 2000 ਦੇ ਕੁਝ ਸਾਲ ਪਹਿਲਾਂ ਜਾਂ ਪਿੱਛੋਂ ਅਡਲਟ ਹੋਏ ਸਨ, ਉਹ ਸਾਰੇ 'ਮਿਲੇਨੀਅਲ' ਹਨ। ਸਾਡੇ ਇੰਟਰਨੈੱਟ ਯੁੱਗ ਵਿੱਚ ਪ੍ਰਵਾਨ ਚੜ੍ਹੀ ਇਸ ਪੀੜ੍ਹੀ ਵਾਲੇ ਲੋਕ ਵੱਖਰੀ ਤਰ੍ਹਾਂ ਸੋਚਦੇ ਹਨ। ਆਪਣੀ ਕਾਰ ਖਰੀਦਣ ਦੇ ਲਈ ਪੈਸੇ ਖਰਚਣ ਦੀ ਥਾਂ ਉਹ ਬੈਂਕ ਵਿੱਚ ਪੈਸੇ ਜਮ੍ਹਾਂ ਕਰਵਾ ਕੇ ਉਨ੍ਹਾਂ ਦੇ ਵਿਆਜ਼ ਨਾਲ ਟੈਕਸੀ ਦੇ ਸਫਰ ਨੂੰ ਸੌਖਾ ਤੇ ਸਸਤਾ ਸਮਝਦੇ ਹਨ। ਉਨ੍ਹਾਂ ਦੀ ਇਹ ਵੀ ਸੋਚ ਹੈ ਕਿ ਜਿੰਨੀ ਦੇਰ ਨੂੰ ਸਵੇਰੇ ਉੱਠ ਕੇ ਗੱਡੀ ਧੋਣੀ ਤੇ ਉਸ ਦਾ ਤੇਲ-ਪਾਣੀ ਵੇਖਣਾ ਹੈ, ਉਸ ਤੋਂ ਪਹਿਲਾਂ ਟੈਕਸੀ ਬੂਹੇ ਅੱਗੇ ਆ ਜਾਂਦੀ ਹੈ ਤੇ ਆਪਣੇ ਪੱਲਿਓਂ ਤੇਲ ਦੇ ਪੈਸੇ ਖਰਚਣ, ਹਰ ਤਿੰਨ ਮਹੀਨੇ ਪਿੱਛੋਂ ਸਰਵਿਸ ਅਤੇ ਮੋਬਿਲ ਆਇਲ ਬਦਲਣ ਦੇ ਖਰਚ ਦੇ ਨਾਲ ਟਾਇਰਾਂ ਅਤੇ ਮਸ਼ੀਨਰੀ ਦੀ ਘਸਾਈ ਜਿੰਨੀ ਮਹਿੰਗੀ ਪੈ ਰਹੀ ਹੈ, ਉਸ ਨਾਲੋਂ ਟੈਕਸੀ ਸੇਵਾ ਸਸਤੀ ਜਾਪਦੀ ਹੈ। ਇਹੀ ਨਹੀਂ, ਉਹ ਇਹ ਵੀ ਸੋਚਦੇ ਹਨ ਕਿ ਰਾਤ ਨੂੰ ਘਰ ਮੂਹਰੇ ਗੱਡੀ ਲਾਉਣ ਨੂੰ ਥਾਂ ਨਹੀਂ ਲੱਭਦੀ, ਲੋਕ ਗੱਡੀ ਲਾਉਣ ਤੋਂ ਇੱਕ ਦੂਸਰੇ ਦੇ ਕਤਲ ਵੀ ਕਰਨ ਲੱਗੇ ਹਨ ਤੇ ਬਾਜ਼ਾਰ ਜਾਣਾ ਪਵੇ ਤਾਂ ਓਥੇ ਪਾਰਕਿੰਗ ਦੀ ਥਾਂ ਨਹੀਂ ਲੱਭਦੀ। ਕਿਰਾਏ ਦੀ ਟੈਕਸੀ ਨਾਲ ਇਹ ਝੰਜਟ ਵੀ ਨਹੀਂ ਰਹਿੰਦੇ।

ਇਹ ਸਾਰੀ ਗੱਲ ਠੀਕ ਹੁੰਦੇ ਹੋਏ ਵੀ ਭਾਰਤ ਦੀ ਖਜ਼ਾਨਾ ਮੰਤਰੀ ਅਤੇ ਉਸ ਦੇ ਪਿੱਛੇ ਖੜੀ ਸਰਕਾਰ ਇਸ ਫਰਜ਼ ਨੂੰ ਪਾਲਣ ਦੇ ਪੱਖੋਂ ਕੋਤਾਹੀ ਦੇ ਦੋਸ਼ ਤੋਂ ਨਹੀਂ ਬਚ ਸਕਦੀਆਂ ਕਿ ਦੇਸ਼ ਦੀ ਆਰਥਿਕਤਾ ਨੂੰ ਡਾਵਾਂਡੋਲ ਹੁੰਦਾ ਵੇਖਣ ਪਿੱਛੋਂ ਵੀ ਉਸ ਨੂੰ ਠੁੰਮ੍ਹਣਾ ਦੇਣ ਲਈ ਕੁਝ ਨਹੀਂ ਕੀਤਾ ਗਿਆ। ਜਿੰਨੀ ਗੱਲ ਭਾਰਤ ਦੇ ਨੀਤੀ ਆਯੋਗ ਦੇ ਡਿਪਟੀ ਚੇਅਰਮੈਨ ਦੇ ਮੂੰਹੋਂ ਨਿਕਲ ਜਾਣ ਦੇ ਚੌਵੀ ਘੰਟਿਆਂ ਦੇ ਬਾਅਦ ਉਸੇ ਕੋਲੋਂ ਖੰਡਨ ਕਰਾਇਆ ਗਿਆ, ਜਦੋਂ ਉਹੋ ਗੱਲ ਇਸ ਸਰਕਾਰ ਦੇ ਅੰਦਰੂਨੀ ਸਰਕਲ ਵਿੱਚ ਪਹਿਲਾਂ ਤੋਂ ਪਤਾ ਸੀ ਤਾਂ ਸਮਾਂ ਰਹਿੰਦੇ ਕੁਝ ਕਰਨਾ ਚਾਹੀਦਾ ਸੀ। ਅੱਜ ਕੰਪਨੀਆਂ ਦੇ ਪ੍ਰਬੰਧਕ ਵੀ ਜਦੋਂ ਇਹ ਕਹਿੰਦੇ ਹਨ ਕਿ ਸਾਡੇ ਕੋਲ ਮਾਲ ਬੜਾ ਹੋ ਗਿਆ ਹੈ ਤੇ ਵਿਕਦਾ ਨਹੀਂ ਪਿਆ, ਤਾਂ ਇਸ ਦਾ ਮਤਲਬ ਹੈ ਕਿ ਲੋਕਾਂ ਦੀ ਖਰੀਦ ਸ਼ਕਤੀ ਅਚਾਨਕ ਡਿੱਗਣ ਲੱਗ ਪਈ ਹੈ। ਦੂਸਰਾ ਫਰਕ ਇਹ ਹੈ ਕਿ ਯੋਜਨਾਬੰਦੀ ਦੀ ਘਾਟ ਕਾਰਨ ਲੋੜ ਤੋਂ ਵੱਧ ਮਾਲ ਬਣਾਇਆ ਜਾਂਦਾ ਰਿਹਾ ਹੈ। ਗੁਰਦਿਆਲ ਸਿੰਘ ਗਿਆਨਪੀਠ ਐਵਾਰਡੀ ਅੱਜ ਸਾਡੇ ਕੋਲ ਨਹੀਂ, ਪਰ ਉਨ੍ਹਾਂ ਦੀ ਦਸ ਸਾਲ ਤੋਂ ਵੱਧ ਪਹਿਲਾਂ ਦੀ ਆਖੀ ਗੱਲ ਯਾਦ ਕੀਤੀ ਜਾ ਸਕਦੀ ਹੈ ਕਿ ਪੰਜਾਬ ਦੀ ਜ਼ਮੀਨ ਵਾਸਤੇ ਮਸਾਂ ਅੱਸੀ ਹਜ਼ਾਰ ਟਰੈਕਟਰ ਚਾਹੀਦੇ ਹਨ ਤੇ ਇਸ ਰਾਜ ਵਿੱਚ ਚਾਰ ਲੱਖ ਟਰੈਕਟਰ ਆ ਗਏ ਹਨ, ਜਿਸ ਦਾ ਭਾਵ ਹੈ ਕਿ ਲੋੜੋਂ ਪੰਜ ਗੁਣਾ ਲੋਹਾ ਖੇਤ ਵਿੱਚ ਖਿਲਾਰਿਆ ਗਿਆ ਹੈ। ਨਤੀਜੇ ਵਜੋਂ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੀ ਲੜੀ ਲੰਮੀ ਹੋਈ ਜਾਂਦੀ ਹੈ। ਏਸੇ ਹਫਤੇ ਇੱਕ ਨੌਜਵਾਨ ਕਿਸਾਨ ਖੁਦਕੁਸ਼ੀ ਕਰ ਗਿਆ, ਜਿਸ ਦੇ ਪੜਦਾਦੇ ਨੇ ਕਰਜ਼ੇ ਕਾਰਨ ਏਦਾਂ ਖੁਦਕੁਸ਼ੀ ਕੀਤੀ ਸੀ, ਫਿਰ ਦਾਦੇ ਨੇ ਕੀਤੀ, ਉਸ ਦੇ ਬਾਅਦ ਦਾਦੇ ਦੇ ਭਰਾ ਨੇ ਤੇ ਫਿਰ ਇਸ ਨੌਜਵਾਨ ਦਾ ਬਾਪ ਏਦਾਂ ਹੀ ਖੁਦਕੁਸ਼ੀ ਕਰ ਗਿਆ ਸੀ। ਅੱਗੋਂ ਇਹ ਨੌਬਤ ਕਿਸਾਨੀ ਤੋਂ ਇਲਾਵਾ ਹੋਰ ਖੇਤਰਾਂ ਵਿੱਚ ਵੀ ਆ ਸਕਦੀ ਹੈ।

ਜਦੋਂ ਕਾਰਾਂ ਦੇ ਕਾਰਖਾਨੇ ਬੰਦ ਹੋਣਗੇ ਤਾਂ ਉਨ੍ਹਾਂ ਨੂੰ ਕੱਚਾ ਮਾਲ ਦੇਣ ਵਾਲੇ ਕਾਰਖਾਨੇ ਵੀ ਬੰਦ ਹੋਣਗੇ, ਏਥੇ ਬਣਦਾ ਮਾਲ ਵੇਚਣ ਵਾਲੇ ਸ਼ੋਅਰੂਮ ਵੀ ਬੰਦ ਹੋਣ ਦੀ ਨੌਬਤ ਆਵੇਗੀ। ਓਥੋਂ ਕੱਢੇ ਜਾਣ ਵਾਲੇ ਹਜ਼ਾਰਾਂ ਵਰਕਰ ਆਪਣੇ ਚੁੱਲ੍ਹੇ ਦੀ ਅੱਗ ਕਿੱਦਾਂ ਬਲਦੀ ਰੱਖਣਗੇ, ਇਸ ਬਾਰੇ ਕਚੀਚੀਆਂ ਵੱਟ ਕੇ ਬੋਲਣ ਵਾਲੀ ਖਜ਼ਾਨਾ ਮੰਤਰੀ ਨੇ ਕਦੀ ਸੋਚਣ ਦੀ ਲੋੜ ਹੀ ਨਹੀਂ ਸਮਝੀ। ਏਨੇ ਲੋਕਾਂ ਦੇ ਬੇਰੁਜ਼ਗਾਰ ਹੋਣ ਨਾਲ ਕਈ ਹੋਰ ਖੇਤਰਾਂ ਉੱਤੇ ਵੀ ਅਸਰ ਪਵੇਗਾ। ਸਰਮਾਏਦਾਰੀ ਸਿਰਫ ਕਮਾਈ ਦਾ ਕਾਰੋਬਾਰ ਕਰਨਾ ਜਾਣਦੀ ਹੈ ਅਤੇ ਕਰਦੀ ਹੈ, ਆਪਣੇ ਲਈ ਕਮਾਈ ਕਰਨ ਵਾਲੇ ਲੋਕਾਂ ਦੇ ਜਿੰਦਾ ਰਹਿਣ ਦੀ ਚਿੰਤਾ ਨਹੀਂ ਕਰਦੀ। ਜਦੋਂ ਸਰਕਾਰ ਚਿੰਤਾ ਨਾ ਕਰੇਗੀ ਤਾਂ ਆਖਰ ਉਹ ਵੀ ਚਿੰਤਾ ਕਰਨਾ ਛੱਡ ਦੇਣਗੇ। ਭਾਰਤ ਦੇ ਜਿਹੜੇ ਲੋਕ ਇਹੋ ਜਿਹੀ ਮੰਦੀ ਦਾ ਸ਼ਿਕਾਰ ਹੋ ਕੇ ਅਚਾਨਕ ਘਰੀਂ ਬੈਠ ਜਾਣਗੇ, ਉਹ ਕਿਸੇ ਦਿਨ ਇਸ ਦੇਸ਼ ਦੀ ਹਕੂਮਤ ਲਈ ਟਾਈਮ ਬੰਬ ਵੀ ਸਾਬਤ ਹੋ ਸਕਦੇ ਹਨ। ਪ੍ਰਧਾਨ ਮੰਤਰੀ ਨੂੰ ਇਸ ਦੀ ਚਿੰਤਾ ਨਹੀਂ, ਹੋਰ ਮੁੱਦੇ ਅਹਿਮ ਜਾਪਦੇ ਹਨ।

# ਮੌਜੂਦਾ ਵਿਕਾਸ ਨੀਤੀ ਦੀ ਪਰਖ ਪੜਚੋਲ

-ਓ ਪੀ ਵਰਮਾ (ਪ੍ਰੋ.)-

ਇਹ ਹਰ ਨਾਗਰਿਕ ਦੇ ਹਿੱਤ ਵਿੱਚ ਹੈ ਕਿ ਉਹ ਭਾਰਤ ਦੇ ਮੌਜੂਦਾ ਵਿਕਾਸ ਮਾਡਲ ਨੂੰ ਸਮਝ ਕੇ ਇਸ ਅਨੁਸਾਰ ਆਪਣੇ ਕਾਰੋਬਾਰ ਦੀ ਵਿਉਂਤਬੰਦੀ ਕਰੇ। ਇਹ ਫਰੰਟ 72 ਸਾਲਾਂ ਵਿੱਚ ਕਈ ਦੌਰਾਂ ਵਿੱਚੋਂ ਲੰਘਦਾ ਹੋਇਆ ਹੁਣ 'ਇਕੋ ਖੇਤਰ ਵਿੱਚ ਪ੍ਰਾਈਵੇਟ ਅਤੇ ਸਰਕਾਰੀ ਅਦਾਰੇ ਨਾਲੋ-ਨਾਲ ਚੱਲਦਿਆਂ ਹੀ' ਵਾਲੇ ਪੜਾਅ ਉਤੇ ਪਹੁੰਚ ਗਿਆ ਹੈ। ਇਹ ਸਾਡਾ ਆਦਰਸ਼ ਨਹੀਂ ਸੀ, ਪਰ ਮਜਬੂਰੀ ਵੱਸ ਅਪਣਾਇਆ ਗਿਆ ਵਰਤਾਰਾ ਹੈ ਜੋ 1990-91 ਵਿੱਚ ਸ੍ਰੀ ਨਰਸਿਮਹਾ ਰਾਓ ਦੇ ਪ੍ਰਧਾਨ ਮੰਤਰੀ ਅਤੇ ਡਾ. ਮਨਮੋਹਨ ਸਿੰਘ ਦੇ ਵਿੱਤ ਮੰਤਰੀ ਦੇ ਸਮੇਂ ਆਰੰਭ ਕੀਤਾ ਗਿਆ ਸੀ। ਇਸ ਪਿੱਛੇ ਭਾਰਤ ਨੂੰ ਸੰਸਾਰ ਦੇ ਅਤਿ ਉਨਤ ਹਾਵੀ ਦੇਸ਼ਾਂ ਦੇ ਹੁਕਮਾਂ ਦੀ ਪਾਲਣਾ ਕਰਨ ਲਈ ਮਜਬੂਰ ਹੋਣਾ ਪਿਆ। ਖੱਬੇ ਪੱਖੀ ਵਿਚਾਰਧਾਰਾ ਨੇ 'ਗੈਟ' ਸਮਝੌਤੇ ਦੀ ਬਹੁਤ ਵਿਆਖਿਆ ਅਤੇ ਵਿਰੋਧ ਕੀਤਾ, ਪਰ ਉਹ ਨਾਕਾਫੀ ਹੋਣ ਕਰਕੇ ਅਸਫਲ ਰਿਹਾ।

ਡਾ. ਮਨਮੋਹਨ ਸਿੰਘ ਨੇ ਪ੍ਰਧਾਨ ਮੰਤਰੀ ਬਣਨ ਮਗਰੋਂ ਇਸ ਨੀਤੀ ਦਾ ਸਪੱਸ਼ਟ ਐਲਾਨ ਹੀ ਕਰ ਦਿੱਤਾ, ਜਿਸ ਨੂੰ 'ਪੀ ਪੀ ਪੀ ਮਾਡਲ' ਦਾ ਨਾਮ ਦਿੱਤਾ ਗਿਆ। ਹੁਣ ਵਾਲੀ ਸਰਕਾਰ ਵੀ ਇਸ ਅਨੁਸਾਰ ਹੀ ਕੰਮ ਚਲਾ ਰਹੀ ਹੈ, ਸਗੋਂ ਪ੍ਰਾਈਵੇਟ ਨਿਵੇਸ਼ਕਾਰ ਨੂੰ ਵੱਧ ਮੌਕੇ ਮੁਹੱਈਆ ਕਰ ਰਹੀ ਹੈ। ਸਰਕਾਰੀ ਅਦਾਰੇ ਘਟਦੇ ਅਤੇ ਕਮਜ਼ੋਰ ਹੁੰਦੇ ਜਾ ਰਹੇ ਹਨ। ਸੰਸਾਰ ਵਿੱਚ ਵੀ ਇਹੋ ਨੀਤੀ ਭਾਰੂ ਹੈ।

ਇਸ ਸਾਲ ਦੇ ਆਜ਼ਾਦੀ ਦਿਵਸ ਮੌਕੇ ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਣ ਵਿੱਚ ਦੇਸ਼ ਨੂੰ ਉਚਾਈਆਂ ਤੱਕ ਪਹੁੰਚਾਉਣ ਦਾ ਭਰੋਸਾ ਦਿੰਦਿਆਂ ਕਹਿ ਦਿੱਤਾ ਕਿ 2025 ਤੱਕ ਭਾਰਤ ਨੂੰ ਪੰਜ ਟ੍ਰਿਲੀਅਨ ਡਾਲਰ ਵਾਲੀ ਆਰਥਿਕਤਾ ਤੱਕ ਪਹੁੰਚਾ ਦਿੱਤਾ ਜਵੇਗਾ। ਅਰਥ ਸ਼ਾਸਤਰ ਦਾ ਵਿਦਿਆਰਥੀ ਹੋਣ ਦੇ ਨਾਤੇ ਇਸ ਐਲਾਨ ਉਤੇ ਯਕੀਨ ਨਹੀਂ ਕੀਤਾ ਜਾ ਸਕਦਾ। ਪ੍ਰਧਾਨ ਮੰਤਰੀ ਨੇ ਇਹ ਐਲਾਨ ਲੱਗਦਾ ਹੈ, ਸਿਰਫ ਜੋਸ਼ ਵਿੱਚ ਹੀ ਕੀਤਾ, ਕਿਉਂਕਿ ਆਰਥਿਕ ਤੱਥ ਕੁਝ ਹੋਰ ਦੱਸਦੇ ਹਨ। ਇਸ ਸਮੇਂ ਅਸੀਂ 205 ਬਿਲੀਅਨ ਡਾਲਰ ਤੱਕ ਹੀ ਪਹੁੰਚ ਸਕੇ ਹਾਂ। ਦੇਸ਼ ਦੀ ਬਰਾਮਦ ਆਮਦ ਤੋਂ ਘੱਟ ਹੈ। ਉਦਯੋਗ ਘੱਟ ਰਹੇ ਹਨ। ਖੇਤੀ ਦਾ ਬੁਰਾ ਹਾਲ ਹੈ। ਦੇਸ਼ ਸਾਮਰਾਜ ਦੀ ਮੰਡੀ ਬਣ ਚੁੱਕਾ ਹੈ। ਹਰ ਦੁਕਾਨ ਉਤੇ ਚੀਨ ਦੀਆਂ ਚੀਜ਼ਾਂ ਦੀ ਵਿਕਰੀ ਜ਼ਿਆਦਾ ਹੈ। ਗੁਆਂਢੀ ਦੇਸ਼ ਨਾਲ ਲਗਾਤਾਰ ਤਣਾਅ ਹੈ, ਇਸ ਲਈ ਪਰਮਾਣੂ ਹਥਿਆਰ ਸਾਡੀ ਜ਼ਰੂਰਤ ਬਣ ਗਈ ਹੈ।

ਮੰਨਿਆ ਕਿ ਸਰਕਾਰ ਦਾ ਫਲਸਫਾ ਸਵਦੇਸ਼ੀ ਵਸਤਾਂ ਦੇ ਪੱਖ ਵਿੱਚ ਹੈ, ਪਰ ਇਸ ਉਤੇ ਇਹ ਅਮਲ ਨਹੀਂ ਕਰਾ ਸਕੀ। ਖਪਤਕਾਰ ਹਮੇਸ਼ਾ ਸਸਤੀਆਂ ਚੀਜ਼ਾਂ ਖਰੀਦਣਾ ਪਸੰਦ ਕਰਦੇ ਹਨ। ਇਸੇ ਕਾਰਨ ਸਾਡੇ ਸਾਰੇ ਕਾਰੋਬਾਰ ਚੌਪਟ ਹੋਈ ਜਾਂਦੇ ਹਨ। ਅਸੀਂ ਸੰਸਾਰ ਵਪਾਰ ਸੰਸਥਾ ਦੇ ਹੁਕਮ ਮੰਨਣ ਲਈ ਮਜਬੂਰ ਹਾਂ। ਮੰਨਿ-ਆ ਕਿ ਪ੍ਰਧਾਨ ਮੰਤਰੀ ਨੇ ਸੰਸਾਰ ਦੇ ਉਨਤ ਦੇਸ਼ਾਂ ਨਾਲ ਦੋਸਤਾਨਾ ਸਬੰਧ ਕਾਫੀ ਮਜ਼ਬੂਤ ਕੀਤੇ ਹਨ, ਪਰ ਇਹ ਸਾਡੇ ਆਰਥਿਕ ਟੀਚਿਆਂ ਲਈ ਬਹੁਤੇ ਸਹਾਈ ਨਹੀਂ ਹੋ ਸਕਣਗੇ। ਹਾਂ, ਹੋਰ ਕਈ ਪੱਖਾਂ ਤੋਂ ਇਹ ਸਾਡੀ ਹੌਂਸਲਾ ਅਫਜ਼ਾਈ ਜ਼ਰੂਰ ਕਰਦੇ ਹਨ।

ਦੇਸ਼ ਦੀ ਸਾਰੀ ਵਸੋਂ ਬੇਸ਼ੱਕ ਇਸ ਮਾਡਲ ਨੂੰ ਪਸੰਦ ਨਹੀਂ ਕਰਦੀ ਪਰ ਅਪਣਾਉਣ ਤਾਂ ਸਭ ਨੂੰ ਪੈ ਰਿਹਾ ਹੈ। ਕਿਸਾਨੀ ਅਜੇ ਵੀ ਦੇਸ਼ ਅੰਦਰ ਖਪਤ ਹੋਣ ਵਾਲੀਆਂ ਵਸਤਾਂ ਦੀ ਹੀ ਪੈਦਾਵਾਰ ਕਰਨ ਤੱਕ ਅੱਪੜ ਸਕੀ ਹੈ, ਇਸ ਲਈ ਘਾਟੇ ਦਾ ਸ਼ਿਕਾਰ ਹੈ। ਕਰਜ਼ੇ ਲੈ ਕੇ ਨਵੀਆਂ ਤਕਨੀਕਾਂ ਦੀ ਵਰਤੋਂ ਕਰਦੀ ਹੈ ਜੋ ਵਾਪਸ ਨਹੀਂ ਕੀਤਾ ਜਾ ਰਿਹਾ (ਜਿਊਣ ਨਾਲੋਂ ਮਰ ਜਾਣ ਨੂੰ ਬਿਹਤਰ ਸਮਝੀ ਬੈਠੀ ਹੈ)। ਇਹ ਦੇਸੀ ਅਤੇ ਵਿਦੇਸ਼ੀ ਵਪਾਰ ਚਾਲਾਂ ਤੋਂ ਅਣਜਾਣ ਹੈ।

ਛੋਟੇ ਉਦਯੋਗਪਤੀ ਸਹਾਇਕ ਧੰਦੇ ਹੀ ਕਰਦੇ ਹਨ। ਕੇਵਲ ਖਾਸ ਉਦਯੋਗਪਤੀ/ਕੰਪਨੀਆਂ ਬਣਾ ਕੇ ਵਪਾਰਕ ਦ੍ਰਿਸ਼ ਦੇ ਮੇਚ ਦੀਆਂ ਪ੍ਰਣਾਲੀਆਂ ਅਪਣਾ ਰਹੇ ਹਨ। ਜੋ ਨੌਜਵਾਨ ਇਨ੍ਹਾਂ ਵਿੱਚ ਨੌਕਰੀ ਹਾਸਲ ਕਰ ਲੈਂਦੇ ਹਨ, ਉਨ੍ਹਾਂ ਦੇ ਪਰਵਾਰ ਰੋਟੀ ਜੋਗੇ ਹੋ ਜਾਂਦੇ ਹਨ। ਬਾਕੀ ਛੋਟੇ ਦੁਕਾਨਦਾਰਾਂ ਦੇ ਵਕਤੀ ਨੌਕਰ ਹਨ, ਭਾਵ ਮੰਦੀ ਵੇਲੇ ਹਟਾਏ ਜਾਂਦੇ ਹਨ ਅਤੇ ਲੋੜ ਵੇਲੇ ਦੁਬਾਰਾ ਰੱਖ ਲਏ ਜਾਂਦੇ ਹਨ। ਸਰਕਾਰ ਕੋਲ ਇਨ੍ਹਾਂ ਦਾ ਕੋਈ ਰਿਕਾਰਡ ਨਹੀਂ, ਨਾ ਹੀ ਕੋਈ ਹੱਲ ਹੈ। ਮਜ਼ਦੂਰਾਂ ਦੇ ਹਿੱਤਾਂ ਦੀ ਰਾਖੀ ਲਈ ਬਣੇ ਕਾਨੂੰਨ 40 ਤੋਂ ਘਟਾ ਕੇ ਚਾਰ ਹੀ ਰਹਿ ਗਏ ਹਨ। ਯੂਨੀਅਨਾਂ ਕਮਜ਼ੋਰ ਹੋ ਗਈਆਂ ਹਨ। ਲੇਬਰ ਚੌਂਕਾਂ ਦੀ ਗਿਣਤੀ ਵਧ ਰਹੀ ਹੈ, ਜਿਥੇ ਬੈਠਣ, ਖੜਨ, ਪਾਣੀ, ਪਖਾਨੇ ਆਦਿ ਦੀ ਕੋਈ ਸਹੂਲਤ ਨਹੀਂ।

ਠੇਕੇਦਾਰੀ ਪ੍ਰਬੰਧ ਵਧ ਗਿਆ ਹੈ। ਪੰਜਾਬ ਵਿੱਚ ਇਸ ਪ੍ਰਬੰਧ ਵਿੱਚ ਵੀ ਪਰਵਾਸੀ ਮਜ਼ਦੂਰਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ। ਖੇਤੀ ਘਰੇਲੂ ਨੌਕਰਾਂ ਦੇ ਸਿਰ 'ਤੇ ਹੈ। ਕਿਸਾਨਾਂ ਨੂੰ ਖੇਤਾਂ ਵਿੱਚ ਜਾਣ ਦੀ ਵਿਹਲ ਨਹੀਂ, ਕਿਉਂਕਿ ਉਹ ਸਿਆਸਦਾਨਾਂ ਦੇ ਅੱਗੇ ਪਿੱਛੇ ਬੇਲੋੜਾ ਤੁਰੇ ਫਿਰਦੇ ਹਨ। ਇਹ ਬਿਲਕੁਲ ਅਣ ਉਤਪਾਦਕ ਆਦਤ ਹੈ। ਕਿਸਾਨ ਜਥੇਬੰਦੀਆਂ ਇਕਸੁਰ ਨਹੀਂ, ਤਾਂ ਹੀ ਖੇਤੀ ਪ੍ਰਧਾਨ ਦੇਸ਼ ਵਿੱਚ ਅੱਜ ਤੱਕ ਕੋਈ ਠੋਸ ਲਾਹੇਵੰਦ ਖੇਤੀ ਨੀਤੀ ਨਹੀਂ ਬਣ ਸਕੀ। ਇਸ ਤਰ੍ਹਾਂ ਸਾਡੀ ਕੀਮਤੀ ਮਨੁੱਖੀ ਸ਼ਕਤੀ ਬਰਬਾਦ ਹੋ ਰਹੀ ਹੈ। ਹਰਾ ਇਨਕਲਾਬ ਖੜੋਤ ਵਿੱਚ ਹੈ। ਮੰਡੀਕਰਨ ਦੋਸ਼ ਪੂਰਨ ਹੈ, ਵਿਚੋਲੇ ਵੱਧ ਹਨ, ਜਿਸ ਲਈ ਵੱਡੇ ਸੁਧਾਰਾਂ ਦੀ ਫੌਰੀ ਲੋੜ ਹੈ। ਹੁਣ ਖੇਤੀ ਦੇ ਮਾਹਰ ਅਰਥ ਸ਼ਾਸਤਰੀਆਂ 'ਤੇ ਆਧਾਰਤ ਨਵਾਂ ਖੇਤੀ ਕਮਿਸ਼ਨ ਕਾਇਮ ਕਰਨਾ ਚਾਹੀਦਾ ਹੈ।

ਭਾਰਤ ਦੀ ਵਿਦੇਸ਼ ਨੀਤੀ ਕਾਫੀ ਸਫਲ ਸਿੱਧ ਹੋ ਰਹੀ ਹੈ। ਸਾਡੇ ਗੁਆਂਢੀ ਨਾਲ ਸਬੰਧ ਭਾਵੇਂ ਡਾਵਾਂਡੋਲ ਹਨ, ਪਰ ਦੂਰ ਵਾਲੇ ਦੇਸ਼ ਦੋਸਤੀ ਦੀ ਚੰਗੀ ਮਿਸਾਲ ਹਨ। ਰੂਸ ਸਮੇਤ ਅਮਰੀਕਾ ਵੀ ਵੇਲੇ ਸਿਰ ਸਾਡੀ ਪਿੱਠ 'ਤੇ ਆ ਜਾਂਦੇ ਹਨ, ਪਰ ਅਜੇ ਤੱਕ ਅਸੀਂ ਕਿਸੇ ਸੰਸਾਰ ਪੱਧਰ ਦੀ ਮਜ਼ਬੂਤ ਸੰਸਥਾ ਵਿੱਚ ਸਨਮਾਨਯੋਗ ਸਥਾਨ ਨਹੀਂ ਪ੍ਰਾਪਤ ਕਰ ਸਕੇ। ਹਾਂ, 'ਸਾਰਕ' ਵਾਂਗ ਕੁਝ ਦੇਸ਼ਾਂ ਨਾਲ ਫੋਰਮ ਬਣਾ ਕੇ ਆਪਣਾ ਦਬਾਅ ਵਧਾਉਣ ਲੱਗੇ ਹਾਂ। ਅਸੀਂ ਅਮਨ ਦੇ ਪੁਜਾਰੀ ਹਾਂ। ਆਲੇ ਦੁਆਲੇ ਅਤੇ ਦੂਰ ਦੁਰਾਡੇ ਦੇਸ਼ਾਂ ਵਿੱਚ ਇਸ ਲਹਿਰ ਦੀ ਹਮਾਇਤ ਕਰਦੇ ਰਹਿੰਦੇ ਹਾਂ। ਆਪਣੀ ਹਿੰਮਤ ਅਤੇ ਕੁਰਬਾਨੀਆਂ ਨਾਲ ਵਿਦੇਸ਼ੀ ਹਾਕਮਾਂ ਤੋਂ ਛੁਟਕਾਰਾ ਪ੍ਰਾਪਤ ਕੀਤਾ ਹੈ। ਸਾਡੇ ਦੇਸ਼ ਵਿੱਚ ਹਰ 20-25 ਕਿਲੋਮੀਟਰ 'ਤੇ ਕਿਸੇ ਨਾ ਕਿਸੇ ਸ਼ਹੀਦ ਦੀ ਯਾਦਗਾਰ ਬਣੀ ਹੋਈ ਹੈ। ਇਹੋ ਸਾਡੇ ਪ੍ਰੇਰਨਾ ਸਰੋਤ ਹਨ।

ਭਾਰਤ ਨੂੰ ਕੁਦਰਤ ਵੱਲੋਂ ਹਰ ਸੌਗਾਤ ਮਿਲੀ ਹੋਈ ਹੈ। ਸਾਡੀ ਧਰਤੀ ਜਰਖੇਜ਼ ਹੈ। ਇਸ ਵਿੱਚ ਹਰ ਪ੍ਰਕਾਰ ਦੇ ਖਣਿਜ ਪਦਾਰਥ ਮਿਲਦੇ ਹਨ। ਸਭ ਤੋਂ ਉਤੇ ਹਿਮਾਲਾ ਪਰਬਤ 'ਤੇ ਸਾਰਾ ਸਾਲ ਬਰਫ ਪੈਂਦੀ ਹੈ, ਪਾਣੀ ਕੋਈ ਕਮੀ ਨਹੀਂ। ਲੋੜ ਤਾਂ ਇਸ ਦੀ ਵਿਉਂਤਬਧ, ਸਹੀ ਵਰਤੋਂ ਦੀ ਹੈ। ਸਰਕਾਰ ਦੇ ਸਵਦੇਸ਼ੀ ਫਲਸਫੇ ਅਨੁਸਾਰ ਇਨ੍ਹਾਂ ਸੌਗਾਤਾਂ ਨੂੰ ਨਵੇਂ ਪ੍ਰਸੰਗ ਅਨੁਸਾਰ ਪ੍ਰਫੁਲਤ ਕੀਤਾ ਜਾਣਾ ਜ਼ਰੂਰੀ ਹੈ। ਜੇ ਅਸੀਂ ਇਕੱਲੇ ਨਹੀਂ ਕਰ ਸਕਦੇ ਤਾਂ ਸਾਡੇ ਹਮ ਖਿਆਲ ਦੇਸ਼ ਜਿਵੇਂ ਰੂਸ, ਵੀਅਤਨਾਮ, ਜਾਪਾਨ, ਇੰਡੋਨੇਸ਼ੀਆ ਆਦਿ ਨਾਲ ਹੋਰ ਸਾਂਝ ਵਧਾ ਕੇ ਵੱਡਿਆਂ ਨਾਲ ਸਿਹਤਮੰਦ ਮੁਕਾਬਲਾ ਤਾਂ ਕੀਤਾ ਹੀ ਜਾ ਸਕਦਾ ਹੈ, ਜੋ ਕੌਮਾਂਤਰੀ ਵਪਾਰ ਦਾ ਜ਼ਰੂਰੀ ਅੰਗ ਹੈ।

ਅਸੀਂ ਸੰਸਾਰੀਕਰਨ ਦੇ ਰਾਹ ਨੂੰ ਇਕ-ੱਲੇ ਤਾਂ ਬਦਲ ਨਹੀਂ ਸਕਦੇ, ਹਾਲ ਦੀ ਘੜੀ ਇਸੇ ਚੌਖਟੇ ਵਿੱਚ ਰਹਿੰਦਿਆਂ ਵੀ ਬਹੁਤ ਕੁਝ ਕੀਤਾ ਜਾ ਸਕਦਾ ਹੈ। ਵਿਦੇਸ਼ੀ ਨਿਵੇਸ਼ਕਾਂ ਤੇ ਨਿਰਭਰਤਾ ਭਰੋਸੇਯੋਗ ਨਹੀਂ ਹੁੰਦੀ, ਇਸ ਲਈ ਇਹ ਦਿਨੋ-ਦਿਨ ਘਟਾਈ ਜਾਣੀ ਚਾਹੀਦੀ ਹੈ। ਨਿਵੇਸ਼ ਵਧਾ ਕੇ ਵਿਕਾਸ ਵਿੱਚ ਹਿੱਸਾ ਘਰੇਲੂ ਪੱਧਰ 'ਤੇ ਵੀ ਕਰਨਾ ਸੰਭਵ ਹੈ। ਲੋਕਤੰਤਰ ਵਿੱਚ ਸਿਆਸੀ ਪਾਰਟੀਆਂ/ਗਰੁੱਪ ਤਾਂ ਸੁਭਾਵਕ ਤੌਰ 'ਤੇ ਹੀ ਵੱਧ ਹੁੰਦੇ ਹਨ ਪਰ ਸਮੁੱਚੀ ਵਸੋਂ ਅਨੁਸ਼ਾਸਨ ਵਾਲੀ ਹੈ। ਸੰਕਟ ਵੇਲੇ ਏਕਤਾ ਕਾਇਮ ਹੋ ਜਾਂਦੀ ਹੈ। ਭ੍ਰਿਸ਼ਟ ਲੋਕਾਂ ਨੂੰ ਜੇਲ੍ਹ ਯਾਤਰਾਵਾਂ ਹੋਰਾਂ ਨੂੰ ਵੀ ਸਬਕ ਸਿਖਾਉਂਦੀਆਂ ਹਨ। ਕੁਝ ਲੋਕ ਟੈਕਸ ਚੋਰੀ ਕਰਦੇ ਹਨ। ਜੀ ਐਸ ਟੀ ਨਾਲ ਅਸਿੱਧੇ ਟੈਕਸਾਂ ਵਿੱਚ ਕੁਝ ਸੁਧਾਰ ਹੋਇਆ ਹੈ, ਪਰ ਸਿੱਧੇ ਟੈਕਸ ਅਜੇ ਪੂਰੀ ਤਰ੍ਹਾਂ ਉਗਰਾਹੇ ਨਹੀਂ ਜਾਂਦੇ। ਵਿਭਾਗੀ ਅਮਲੇ ਦਾ ਅਵੇਸਲਾਪਣ ਦੂਰ ਕੀਤਾ ਜਾਣਾ ਜ਼ਰੂਰੀ ਹੈ।

ਵਿਕਾਸ ਦਰ ਦਿਨੋ-ਦਿਨ ਘੱਟ ਰਹੀ ਹੈ। ਇਹ 2004-05 ਵਿੱਚ 9.57 ਫੀਸਦੀ ਸੀ, ਜੋ 2013 ਵਿੱਚ ਘੱਟ ਕੇ 2.3 ਫੀਸਦੀ ਤੱਕ ਆ ਗਈ ਸੀ। ਹੁਣ ਫਿਰ ਲੜਖੜਾ ਗਈ ਸੀ। ਇਸ ਉਤਾਰ ਲਈ ਸੰਸਾਰਕ ਮੰਦੀ ਦਾ ਵੀ ਪ੍ਰਭਾਵ ਹੈ ਅਤੇ ਆਮਦ ਦਾ ਬਰਾਮਦ ਨਾਲੋਂ ਵੱਧ ਹੋਣਾ ਵੀ। ਜੇ ਦੇਸ਼ ਪੰਜ ਟ੍ਰਿਲੀਅਨ ਡਾਲਰ ਤੱਕ ਲੈ ਕੇ ਜਾਣਾ ਹੈ ਤਾਂ ਵਿਕਾਸ ਦਰ 8 ਫੀਸਦੀ ਤੋਂ ਵੱਧ ਹੋਣੀ ਚਾਹੀਦੀ ਹੈ ਪਰ ਮੌਜੂਦਾ ਅੰਦਾਜ਼ੇ 5.7 ਫੀਸਦੀ ਹੀ ਦੱਸ ਰਹੇ ਹਨ। ਇਹ ਤੱਥ ਵਿਸ਼ੇਸ਼ ਧਿਆਨ ਦੀ ਮੰਗ ਕਰਦੇ ਹਨ। ਇਸ ਚੌਖਟੇ ਵਿੱਚ ਅਗਾਂਹਵਧੂ ਵਿਚਾਰਧਾਰਾ ਅਪਣਾ ਕੇ ਹਰ ਨਾਗਰਿਕ ਨੂੰ ਆਪਣੀ ਉਤਪਾਦਕ ਸਮਰੱਥਾ ਵਧਾਉਣ ਦੀ ਜ਼ਰੂਰਤ ਹੈ।

ਇਹ ਟੀਚੇ ਪੂਰਾ ਕਰਨਾ ਅਸੰਭਵ ਨਹੀਂ। ਛੋਟੇ ਕਿਸਾਨ ਮਹਿੰਗੀ ਮਸ਼ੀਨਰੀ ਖਰੀਦ ਨਹੀਂ ਸਕਦੇ, ਪਹਿਲਾਂ ਵਾਂਗ ਸਹਿਕਾਰੀ ਸਮਿਤੀਆਂ ਦੁਆਰਾ ਲੋੜੀਂਦੇ ਸਾਧਨ ਜੁਟਾ ਸਕਦੇ ਹਨ। ਪ੍ਰਧਾਨ ਮੰਤਰੀ ਨੇ ਲਾਲ ਕਿਲ੍ਹੇ ਤੋਂ ਜੋ ਇੱਛਾ ਪ੍ਰਗਟ ਕੀਤੀ ਹੈ, ਹੁਣ ਇਸ ਨੂੰ ਪੂਰਾ ਕਰਨਾ/ਕਰਵਾਉਣਾ ਵੀ ਇਨ੍ਹਾਂ ਦੀ ਹੀ ਜ਼ਿੰਮੇਵਾਰੀ ਬਣ ਜਾਂਦੀ ਹੈ। ਇਸ ਲਈ ਆਰਥਿਕ ਫਰੰਟ ਦੀਆਂ ਅੰਦਰੂਨੀ ਅਤੇ ਬਹਿਰੂਨੀ ਤਰੰਗਾਂ ਅਨੁਸਾਰ ਰੁਜ਼ਗਾਰ ਅਤੇ ਉਤਪਾਦਕਤਾ ਵਧਾਉਣਾ ਜ਼ਰੂਰੀ ਕਾਰਜ ਹਨ। ਦਰਅਸਲ ਸੰਤੁਲਿਤ ਵਿਕਾਸ ਹੀ ਚਿਰ ਸਥਾਈ ਹੁੰਦਾ ਹੈ।

# ਨੌਜਵਾਨ ਪੀੜ੍ਹੀ ਤੇ ਬੌਧਿਕ ਕੰਗਾਲੀ ਦੀ ਸਮੱਸਿਆ

-ਵਰਿੰਦਰ ਸਿੰਘ ਭੁੱਲਰ

ਨੌਜਵਾਨ ਵਰਗ ਕਿਸੇ ਦੇਸ਼ ਦੀ ਰੀੜ੍ਹ ਦੀ ਹੱਡੀ ਹੁੰਦਾ ਹੈ। ਦੇਸ਼ ਦਾ ਭਵਿੱਖ ਉਥੋਂ ਦੇ ਨੌਜਵਾਨਾਂ 'ਤੇ ਨਿਰਭਰ ਕਰਦਾ ਹੈ। ਕਿਸੇ ਦੇਸ਼ ਦੀ ਤਰੱਕੀ ਤੇ ਵਿਕਾਸ ਦਾ ਅੰਦਾਜ਼ਾ ਉਥੋਂ ਦੀ ਜਵਾਨੀ ਦੀ ਸੋਚਣ ਸ਼ਕਤੀ, ਇੱਛਾ ਸ਼ਕਤੀ ਅਤੇ ਕੰਮ ਪ੍ਰਤੀ ਲਗਨ ਅਤੇ ਦ੍ਰਿੜ੍ਹਤਾ ਤੋਂ ਲਾਇਆ ਜਾ ਸਕਦਾ ਹੈ। ਜਿਸ ਦੇਸ਼ ਦੀ ਜਵਾਨੀ ਆਪਣੇ ਵਤਨ ਪ੍ਰਤੀ ਵੱਧ ਸੰਵੇਦਨਸ਼ੀਲ ਅਤੇ ਫਿਕਰਮੰਦ ਹੁੰਦੀ ਹੈ, ਉਸ ਨੂੰ ਵਿਕਾਸ ਤੋਂ ਕੋਈ ਨਹੀਂ ਰੋਕ ਸਕਦਾ, ਬਸ਼ਰਤੇ ਕਿ ਉਥੋਂ ਦਾ ਸਿਆਸੀ ਮਾਹੌਲ ਨੌਜਵਾਨ ਪੀੜ੍ਹੀ ਦੇ ਰਾਹ ਦਾ ਰੋੜਾ ਨ ਹੋਵੇ। ਜਦੋਂ ਚੌਧਰ ਅਤੇ ਨਿੱਜੀ ਲਾਲਚਾਂ ਕਰਕੇ ਦੇਸ਼ ਦੇ ਆਗੂ ਨੌਜਵਾਨ ਪੀੜ੍ਹੀ ਨੂੰ ਆਪਣੇ ਲਈ ਖਤਰਾ ਸਮਝਦੇ ਹੋਣ ਅਤੇ ਉਨ੍ਹਾਂ ਨੂੰ ਆਜ਼ਾਦੀ ਨਾਲ ਕੰਮ ਨਾ ਕਰਨ ਦੇਣ ਤਾਂ ਉਹ ਦੇਸ਼ ਕਦੇ ਅੱਗੇ ਨਹੀਂ ਵਧ ਸਕਦਾ।

ਭਾਰਤ ਦੇਸ਼ ਇਸ ਦੀ ਜਿਉਂਦੀ ਜਾਗਦੀ ਮਿਸਾਲ ਹੈ ਕਿ ਕਿਵੇਂ ਜਵਾਨੀ ਨੂੰ ਬੌਧਿਕ ਪੱਖੋਂ ਕੰਗਾਲ ਕਰਕੇ ਇਸ ਦਾ ਬੁਰਾ ਹਾਲ ਕੀਤਾ ਹੈ ਦੇਸ਼ ਦੇ ਆਗੂਆਂ ਨੇ। ਨਾ ਦੇਸ਼ 'ਚ ਕਿਸੇ ਨੌਜਵਾਨ ਨੂੰ ਆਪਣੇ ਵਿਚਾਰ ਪੇਸ਼ ਕਰਨ ਤੇ ਬੋਲਣ ਦਾ ਮੌਕਾ ਦਿੱਤਾ ਜਾਂਦਾ ਤੇ ਜੇ ਕੋਈ ਅੱਗੇ ਹੋ ਅਜਿਹਾ ਕਰਨਾ ਚਾਹੇ ਤਾਂ ਉਸ ਦੀ ਸੁਣਨ ਦੀ ਬਜਾਏ ਉਸ ਨੂੰ ਠਿੱਠ ਕੀਤਾ ਜਾਂਦਾ ਹੈ।

ਨਵੇਂ ਵਿਚਾਰਾਂ ਦਾ ਆਦਾਨ ਪ੍ਰਦਾਨ ਹੁੰਦੇ ਰਹਿਣਾ ਕਿਸੇ ਦੇਸ਼ ਦੇ ਵਸਨੀਕਾਂ ਲਈ ਸੰਜੀਵਨੀ ਬੂਟੀ ਦਾ ਕੰਮ ਕਰਦਾ ਹੈ। ਇਸ ਨਾਲ ਲੋਕਾਂ ਦਾ ਸਮਾਜਿਕ, ਬੌਧਿਕ ਅਤੇ ਆਰਥਿਕ ਵਿਕਾਸ ਹੁੰਦਾ ਹੈ। ਪਿਛਲੇ ਕੁਝ ਦਹਾਕਿਆਂ ਤੋਂ ਇਸ ਦੇਸ਼ ਦੇ ਸਿਆਸੀ ਆਗੂਆਂ ਨੇ ਆਪਣੀ



ਕੁਰਸੀ ਦੀ ਲਾਲਸਾ ਅਤੇ ਭ੍ਰਿਸ਼ਟਾਚਾਰ 'ਤੇ ਪਰਦਾ ਪਾਉਣ ਖਾਤਰ ਨੌਜਵਾਨ ਪੀੜ੍ਹੀ ਨੂੰ ਕੱਖੋਂ ਹੌਲੀ ਕਰ ਦਿੱਤਾ ਹੈ। ਬੇਰੁਜ਼ਗਾਰੀ ਤੇ ਨਸ਼ਿਆਂ ਦਾ ਅਜਿਹਾ ਹੜ੍ਹ ਲਿਆਂਦਾ ਕਿ ਨੌਜਵਾਨ ਇਨ੍ਹਾਂ ਚੌਧਰੀਆਂ ਦੇ ਮੂਹਰੇ ਖੜਨ ਤੇ ਬੋਲਣ ਯੋਗ ਨਹੀਂ ਰਹੇ। ਇਹ ਸਿਆਸੀ ਆਗੂ ਤੇ ਚੌਧਰੀ, ਨੌਜਵਾਨ ਵਰਗ ਤੋਂ ਆਪਣੇ ਮਤਲਬ ਕੱਢਣਾ ਖੂਬ ਜਾਣਦੇ ਹਨ। ਨੌਜਵਾਨ ਵਰਗ ਇਸ ਬਾਰੇ ਸੋਚਦਾ ਤੱਕ ਨਹੀਂ ਕਿ ਉਨ੍ਹਾਂ ਨੂੰ ਵਰਤਿਆ ਜਾ ਰਿਹਾ ਹੈ। ਚੋਣਾਂ ਦੌਰਾਨ ਅਸੀਂ ਦੇਖਦੇ ਹਾਂ ਕਿ ਕਿਸ ਤਰ੍ਹਾਂ ਸਿਆਸੀ ਪਾਰਟੀਆਂ ਦੇ ਕਾਰਕੁਨ ਨੌਜਵਾਨਾਂ ਨੂੰ ਵਰਗਲਾ ਕੇ ਆਪਣੇ ਆਪ ਨੂੰ ਜਨਤਾ ਦੇ ਸੱਚੇ ਪ੍ਰਤੀਨਿਧ ਸਾਬਤ ਕਰਨ ਤੇ ਆਪਣੀ ਲੋਕਪ੍ਰਿਅਤਾ ਵਿਖਾਉਣ ਖਾਤਰ ਵਰਤ ਜਾਂਦੇ ਹਨ। ਰੈਲੀਆਂ, ਮਾਰਚਾਂ, ਵਿਰੋਧੀ ਧਿਰ ਦਾ ਘਿਰਾਓ ਕਰਨ ਲਈ ਨੌਜਵਾਨ ਪੀੜ੍ਹੀ ਨੂੰ ਵਰਤਿਆ ਜਾਂਦਾ ਹੈ ਅਤੇ ਨੌਜਵਾਨ ਇਨ੍ਹਾਂ 'ਚ ਵਹੀਰਾਂ ਘੱਤ ਕੇ ਸ਼ਾਮਲ ਹੁੰਦੇ ਹਨ। ਅਸਲ ਵਿੱਚ ਸਿਆਸੀ ਤਾਣੇ ਬਾਣੇ ਨੇ ਨੌਜਵਾਨਾਂ ਦੇ ਦਿਮਾਗ ਇਸ ਕਦਰ ਖਾਲੀ ਕਰ ਦਿੱਤੇ ਹਨ ਕਿ ਉਹ ਆਪਣੇ ਚੰਗੇ ਮਾੜੇ ਦੀ ਪਛਾਣ ਨਹੀਂ ਕਰ ਪਾਉਂਦੇ। ਇਨ੍ਹਾਂ ਨੂੰ ਨਸ਼ੇ ਅਤੇ ਹੋਰ ਕਈ ਨਿੱਜੀ ਫਾਇਦਿਆਂ ਲਈ ਇੰਝ ਵਰਗਲਾਇਆ ਜਾਂਦਾ ਹੈ ਕਿ ਚੁੱਪਚਾਪ ਉਨ੍ਹਾਂ ਨਾਲ ਤੁਰ ਪੈਂਦੇ ਹਨ। ਰੈਲੀਆਂ ਦੌਰਾਨ ਜਦ ਕੋਈ ਨੇਤਾ ਭਾਸ਼ਣ ਦੇਵੇ ਤਾਂ ਇਨ੍ਹਾਂ ਨੌਜਵਾਨਾਂ ਨੂੰ ਹਰ ਮਤਲਬੀ ਤੇ ਬੇਮਤਲਬੀ ਗੱਲ 'ਤੇ ਨਾਅਰੇ ਲਾਉਣ ਲਈ ਸੀਮਤ ਰੱਖਿਆ ਜਾਂਦਾ ਹੈ, ਪਰ ਆਪਣੇ ਵਿਚਾਰ ਜਨਤਾ ਅੱਗੇ ਪੇਸ਼ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ। ਅੱਜ ਦੇ ਸੈਲਫੀ ਸੱਭਿਆਚਾਰ ਵਿੱਚ ਕਈ ਲੋਕ ਤਾਂ ਸਿਆਸੀ ਆਗੂਆਂ ਨਾਲ ਫੋਟੋਆਂ ਖਿਚਵਾਉਣ ਦੇ ਲਾਲਚ 'ਚ ਚਲੇ ਜਾਂਦੇ ਹਨ। ਕੋਈ ਸਵਾਲ ਕਰਨ ਦੇ ਬਜਾਏ ਉਹ ਸਿਆਸੀ ਆਗੂ ਨਾਲ ਫੋਟੋ ਖਿਚਵਾ ਕੇ ਹੀ ਆਪਣੇ ਆਪ ਨੂੰ ਧੰਨ ਸਮਝਣ ਲੱਗ ਪੈਂਦੇ ਹਨ।

ਦੂਜੇ ਪਾਸੇ ਇੰਟਰਨੈਟ ਅਤੇ ਸੋਸ਼ਲ ਮੀਡੀਆ ਅਜਿਹੇ ਸਾਧਨ ਬਣ ਗਏ ਹਨ, ਜੋ ਸਾਡੀ ਜਵਾਨੀ ਨੂੰ ਘੁਣ ਵਾਂਗ ਖਾ ਰਹੇ ਹਨ। ਨੌਜਵਾਨ ਵਰਗ ਵਲੋਂ ਇਨ੍ਹਾਂ ਦੀ ਬੇਮਤਲਬ ਤੇ ਬੇਲੋੜੀ ਵਰਤੋਂ ਕੀਤੀ ਜਾ ਰਹੀ ਹੈ, ਜਿਸ ਨਾਲ ਉਨ੍ਹਾਂ ਨੂੰ ਆਪਣੇ ਆਲੇ ਦੁਆਲੇ ਦੀ ਕੋਈ ਖਬਰ ਨਹੀਂ ਰਹਿੰਦੀ। ਇਨ੍ਹਾਂ ਸਾਧਨਾਂ ਦੇ ਚੰਗੇ ਅਤੇ ਉਸਾਰੂ ਪੱਖਾਂ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਇਨ੍ਹਾਂ ਸਾਧਨਾਂ ਨੇ ਪੂਰੀ ਦੁਨੀਆ ਨੂੰ ਇਕ ਥਾਂ ਇਕੱਠਿਆਂ ਕਰਕੇ ਇਕ ਪਿੰਡ ਦਾ ਰੂਪ ਦੇ ਦਿੱਤਾ ਹੈ, ਪਰ ਇਨ੍ਹਾਂ ਦੀ ਜ਼ਿਆਦਾ ਵਰਤੋਂ ਲੋਕਾਂ ਨੂੰ ਆਪਣੇ ਕੰਮਾਂ ਤੇ ਵਿਹਲਪੁਣੇ ਦਾ ਅਹਿਸਾਸ ਨਹੀਂ ਹੋਣ ਦਿੰਦੀ। ਇਸ ਤੋਂ ਬਚਣ ਲਈ ਨੌਜਵਾਨ ਵਰਗ ਨੂੰ ਕੰਮ ਪ੍ਰਤੀ, ਆਪਣੇ ਦੇਸ਼ ਤੇ ਸਮਾਜ ਪ੍ਰਤੀ ਆਪਣੇ ਫਰਜ਼ਾਂ ਨੂੰ ਪਛਾਨਣਾ ਪਵੇਗਾ। ਨੌਜਵਾਨਾਂ ਨੂੰ ਅੱਗੇ ਆਉਣ ਲਈ ਹਰ ਹਾਲ ਯਤਨਸ਼ੀਲ ਰਹਿਣਾ ਚਾਹੀਦਾ ਹੈ ਅਤੇ ਇਨ੍ਹਾਂ ਸਾਰੀਆਂ ਅਲਾਮਤਾਂ ਦੀ ਘੋਖ ਪੜਤਾਲ ਕਰਨੀ ਚਾਹੀਦੀ ਅਤੇ ਇਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਯੋਗ ਅਗਵਾਈ 'ਚ ਠੋਸ ਕਦਮ ਚੁੱਕਣੇ ਚਾਹੀਦੇ ਹਨ। ਆਖਰ ਕਦੋਂ ਤੱਕ ਨੌਜਵਾਨ ਇਨ੍ਹਾਂ ਚੌਧਰੀਆਂ ਅਤੇ ਲੀਡਰਾਂ ਦੇ ਦਿਖਾਏ ਸਬਜ਼ਬਾਗਾਂ 'ਤੇ ਨਿਰਭਰ ਰਹਿਣਗੇ?

ਸਾਡੀ ਇਹ ਤਰਾਸਦੀ ਹੈ ਕਿ ਅੱਜ ਦਾ ਨੌਜਵਾਨ ਆਪਣੇ ਜੀਵਨ 'ਚ ਸੇਧ ਲੈਣ ਲਈ ਆਪਣੇ ਅਸਲੀ ਰੋਲ ਮਾਡਲਾਂ ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਗਦਰੀ ਬਾਬਿਆਂ, ਸੂਰਬੀਰਾਂ ਨੂੰ ਵਿਸਾਰ ਕੇ ਅੱਜ ਦੀ ਚਮਕ ਦਮਕ ਅਤੇ ਦਿਖਾਵੇ ਵਾਲੇ ਜ਼ਿੰਦਗੀ ਦੇ ਫਿਲਮੀ ਕਲਾਕਾਰਾਂ, ਗਾਇਕਾਂ ਆਦਿ ਨੂੰ ਆਪਣੇ ਰੋਲ ਮਾਡਲ ਮੰਨ ਰਿਹਾ ਹੈ, ਜਿਨ੍ਹਾਂ ਦਾ ਅਸਲ ਦੁਨੀਆ ਨਾਲ ਕੋਈ ਵਾਸਤਾ ਨਹੀਂ ਹੁੰਦਾ। ਜਦ ਨੌਜਵਾਨ ਇਨ੍ਹਾਂ ਨੂੰ ਆਪਣੇ ਆਦਰਸ਼ ਮੰਨਣਗੇ ਤਾਂ ਇਨ੍ਹਾਂ ਵੱਲੋਂ ਦੱਸ ਜਾਂਦੇ ਸਬਜ਼ਬਾਗ 'ਤੇ ਯਕੀਨ ਕਰਨਗੇ। ਇਸ ਨੂੰ ਠੱਲ੍ਹ ਪਾਉਣ ਲਈ ਵੱਡੇ ਸੰਘਰਸ਼ ਦੀ ਲੋੜ ਹੈ। ਇਸ ਕਾਰਜ ਲਈ ਉਸਾਰੂ ਸਾਹਿਤ ਬਹੁਤ ਵੱਡੀ ਭੂਮਿਕਾ ਅਦਾ ਕਰ ਸਕਦਾ ਹੈ। ਸਾਨੂੰ ਨੌਜਵਾਨ ਵਰਗ ਨੂੰ ਸਾਹਿਤ ਵੱਲ ਪ੍ਰੇਰਿਤ ਕਰਨਾ ਚਾਹੀਦਾ ਹੈ।

ਮਿੰਨੀ ਕਹਾਣੀਆਂ

## ਖਿੜਕੀ

-ਮਾਸਟਰ ਸੁਖਵਿੰਦਰ ਦਾਨਗੜ੍ਹ

ਟਰੱਕ ਦੀ ਖਿੜਕੀ ਉਤੇ ਲਿਖਿਆ ਸੀ, 'ਵਾਹਿਗੁਰੂ ਬੋਲ, ਖਿੜ੍ਹਕੀ ਖੋਲ੍ਹ।' ਅਚਾਨਕ ਸੜਕ ਉੱਤੇ ਕਈ ਡੰਗਰ ਅੱਗੇ ਆਉਣ ਕਰ ਕੇ ਡਰਾਈਵਰ ਨੂੰ ਪੂਰੀ ਰਫਤਾਰ ਤੇ ਚਲਦਾ ਟਰੱਕ ਰੋਕਣਾ ਪਿਆ। ਉਸ ਦੇ ਗੁੱਸੇ ਦੀ ਕੋਈ ਹੱਦ ਨਾ ਰਹੀ। ਉਸ ਨੇ ਡੰਗਰਾਂ ਦੇ ਪਾਲੀ ਉਤੇ ਕਚੀਚੀਆਂ ਲੈਂਦੇ ਹੋਏ ਨੇ ਖਿੜਕੀ ਖੋਲ੍ਹੀ ਤੇ ਬੋਲਿਆ, ''ਕੰਜਰ ਦਿਆ ਪੁੱਤਰਾ, ਤੈਨੂੰ ਦੀਹਦਾ 'ਨੀ ਅੱਗੇ ਟਰੱਕ ਆਉਂਦੈ...ਭਜਾ ਕੇ ਮੱਝਾਂ ਅੱਗੇ ਕਰ ਲਈਆਂ। ਮੇਰਾ ਸਾਲਾ ਨਾ ਹੋਵੇ ਤਾਂ, ਪਰੇ ਹਟਾ ਇਨ੍ਹਾਂ ਨੂੰ ਛੇਤੀ ਦੇਣੇ।'' ਉਸ ਨੇ ਖਿੜਕੀ ਬੰਦ ਕੀਤੀ ਅਤੇ ਟਰੱਕ ਤੋਰ ਕੇ ਲੈ ਗਿਆ।

## ਪੱਥਰ

-ਬਲਬੀਰ ਸਿੰਘ ਬੱਬੀ

ਮੇਰੇ ਰਿਸ਼ਤੇਦਾਰ ਸੁਖਦੇਵ ਸਿੰਘ ਦੀ ਲੜਕੀ ਦੇ ਤੀਜਾ ਬੱਚਾ ਧੀ ਪੈਦਾ ਹੋਈ। ਉਸ ਤੋਂ ਪਹਿਲਾਂ ਵੀ ਦੋ ਲੜਕੀਆਂ ਸਨ। ਖਬਰਸਾਰ ਲਈ ਮੈਂ ਲੜਕੀ ਦੇ ਪਿੰਡ ਪਰਵਾਰ ਸਮੇਤ ਗਿਆ। ਜਦੋਂ ਘਰ ਵੜੇ ਤਾਂ ਸਭ ਤੋਂ ਪਹਿਲਾਂ ਲੜਕੀ ਦੀ ਸੱਸ ਬੈਠੀ ਮਿਲੀ। ਮੈਂ ਸੁੱਖ-ਸਾਂਦ ਪੁੱਛ ਕੇ ਲੜਕੀ ਦਾ ਹਾਲ-ਚਾਲ ਪੁੱਛਿਆ ਤਾਂ ਮਾਈ ਬੋਲੀ, ''ਕੀ ਦੱਸਾਂ, ਦੋ ਪੱਥਰ ਪਹਿਲਾਂ ਈ, ਤੇ ਆਹ ਇੱਕ ਪੱਥਰ ਰੱਬ ਨੇ ਹੋਰ ਸੁੱਟ 'ਤਾ। ਪਤਾ ਨੀਂ ਸਾਥੋਂ...।''

ਘਰ ਆ ਕੇ ਮੇਰੀ ਅੱਠ ਸਾਲ ਦੀ ਬੇਟੀ ਸੰਦੀਪ ਜੋ ਸਾਡੇ ਨਾਲ ਗਈ ਸੀ, ਕਹਿੰਦੀ, ''ਡੈਡੀ ਪੱਥਰ ਕੀ ਹੁੰਦੈ, ਜੋ ਉਥੇ ਬੇਬੇ ਕਹਿੰਦੀ ਸੀ?''

## ਮੁੱਲ

-ਮਾਸਟਰ ਸੁਖਵਿੰਦਰ ਦਾਨਗੜ੍ਹ

ਨਾਜਰ ਸਿੰਘ ਦੇ ਘਰ ਵਿੱਚ ਨਿੰਮ ਦਾ ਰੁੱਖ ਸੀ। ਨਾਜਰ ਨੇ ਉਸ ਨੂੰ ਆਪਣੇ ਪੁੱਤਰ ਵਾਂਗ ਪਾਲਿਆ ਸੀ। ਕਿਸੇ ਵੇਲੇ ਉਸ ਦੀ ਛਾਂ ਹੇਠਾਂ ਸਾਰਾ ਪਰਵਾਰ ਰੌਣਕਾਂ ਲਾਈ ਰੱਖਦਾ ਸੀ। ਨਾਜਰ ਦੀਆਂ ਦੋਵੇਂ ਧੀਆਂ ਤੇ ਪੁੱਤਰ ਇਸ ਨਿੰਮ ਦੇ ਹੇਠਾਂ ਹੀ ਪੀਂਘਾ ਝੂਟ ਕੇ ਜਵਾਨ ਹੋਏ ਸਨ। ਬੁੱਢੀ ਉਮਰੇ ਭਾਵੇਂ ਉਸ ਦੇ ਚੇਤੇ ਵਿੱਚੋਂ ਨਮੋਲੀਆਂ ਦਾ ਸਾਬਣ ਬਣਾਉਣ ਦਾ ਗੁਰ ਵਿਸਰ ਗਿਆ, ਪਰ ਉਸ ਨੂੰ ਸੱਕ ਰਗੜ ਕੇ ਲਹੂ ਪੀਣੇ ਫੋੜੇ ਦਾ ਕੀਤਾ ਇਲਾਜ ਅੱਜ ਵੀ ਚੰਗੀ ਤਰ੍ਹਾਂ ਯਾਦ ਸੀ। ਨਿੰਮ ਦੀ ਦਾਤਣ ਕੀਤੇ ਬਗੈਰ ਉਸ ਨੇ ਕਦੇ ਚਾਹ ਨਹੀਂ ਪੀਤੀ ਸੀ। ਨਾਜਰ ਦੀ ਇਸ ਰੁੱਖ ਨਾਲ ਬਹੁਤ ਪੀਡੀ ਸਾਂਝ ਪੈ ਗਈ ਸੀ ਕਿਉਂ ਜੋ ਉਸ ਨੇ ਆਪਣੇ ਪੁੱਤਰ ਕਰਮ ਦੇ ਜੰਮਣ ਵੇਲੇ ਅਤੇ ਪੋਤਾ ਹੋਣ ਵੇਲੇ ਇਸੇ ਹੀ ਨਿੰਮ ਦੇ ਪੱਤੇ ਬੰਨ੍ਹੇ ਸਨ।

ਨਾਜਰ ਦੀ ਨੂੰਹ ਵਿਹੜਾ ਸਾਫ ਕਰਨ ਵੇਲੇ ਨਿੰਮ ਦੇ ਝੜੇ ਹੋਏ ਪੱਤੇ ਵੇਖ ਕੇ ਹਰ ਸਮੇਂ ਕਿਚ ਕਿਚ ਕਰਦੀ ਰਹਿੰਦੀ ਸੀ। ਇੱਕ ਦਿਨ ਉਸ ਨੇ ਆਪਣੇ ਪਤੀ ਕਰਮੇ ਨੂੰ ਕਿਹਾ, ''ਮੈਥੋਂ ਨੀਂ ਐਨਾ ਕੂੜ੍ਹਾ ਨਿੱਤ ਹੂੰਝਿਆ ਜਾਂਦਾ, ਉੱਤੋਂ ਸਾਰਾ ਦਿਨ ਪੰਛੀ ਵਿਹੜੇ ਵਿੱਚ ਗੰਦ ਪਾਈ ਰੱਖਦੇ ਨੇ।''

ਰੋਜ਼ ਦੀ ਬੁੜ ਬੁੜ ਤੋਂ ਖਿੱਝੇ ਕਰਮੇ ਨੇ ਆਖਰ ਨਾਜਰ ਨੂੰ ਬਗੈਰ ਦੱਸੇ ਹੀ ਨਿੰਮ ਨੂੰ ਵੇਚਣ ਦਾ ਫੈਸਲਾ ਕਰ ਲਿਆ। ਉਸ ਨੇ ਸ਼ਹਿਰ ਤੋਂ ਵਾਢ ਵਾਲੇ ਬੰਦੇ ਬੁਲਾ ਕੇ ਰੁੱਖ ਦਾ ਮੁੱਲ ਪੰਜ ਹਜ਼ਾਰ ਰੁਪਏ ਕਰ ਦਿੱਤਾ। ਇਹ ਸੁਣ ਕੇ ਕੋਲ ਖੜ੍ਹੇ ਕਰਮੇ ਦਾ ਪੁੱਤਰ ਬੋਲਿਆ, ''ਪਾਪਾ, ਏਨਾ ਘੱਟ ਮੁੱਲ? ਮੈਂ ਵਿਗਿਆਨ ਦੀ ਕਿਤਾਬ ਵਿੱਚ ਪੜ੍ਹਿਐ ਕਿ ਦਸ ਲੱਖ ਰੁਪਏ ਦੀ ਤਾਂ ਇੱਕ ਰੁੱਖ ਆਪਾਂ ਨੂੰ ਸਾਹ ਲੈਣ ਲਈ ਆਕਸੀਜਨ ਗੈਸ ਹੀ ਦੇ ਦਿੰਦੈ।''

ਰੁੱਖ ਦੇ ਇੱਕ ਹੋਰ ਅਣਮੁੱਲੇ ਗੁਣ ਬਾਰੇ ਸੁਣ ਕੇ ਦੂਰ ਖੜ੍ਹੇ ਬੇਵੱਸ ਨਾਜ਼ਰ ਦੀਆਂ ਅੱਖਾਂ ਭਰ ਆਈਆਂ।




## ਵਿਦੇਸ਼ ਭੇਜਣ ਦੇ ਨਾਂਅ ਉੱਤੇ ਤਿੰਨ ਲੱਖ ਠੱਗੇ

ਨਵਾਂ ਸ਼ਹਿਰ, 15 ਸਤੰਬਰ (ਪੋਸਟ ਬਿਊਰੋ)- ਆਸਟਰੇਲੀਆ ਵਿੱਚ ਭੇਜਣ ਦੇ ਸੁਫਨੇ ਨਾਲ ਕੇ ਟ੍ਰੈਵਲ ਏਜੰਟਾਂ ਨੇ ਇੱਕ ਨੌਜਵਾਨ ਨੂੰ ਜਾਲ ਵਿੱਚ ਫਸਾਇਆ ਅਤੇ ਤਿੰਨ ਲੱਖ ਰੁਪਏ ਠੱਗ ਲਏ। ਦੋਸ਼ੀਆਂ ਨੇ ਨੌਜਵਾਨ ਦੀ ਕੋਰਟ ਮੈਰਿਜ ਕਰਵਾਈ ਤੇ ਫਿਰ ਰੁਪਏ ਠੱਗ ਕੇ ਫੋਨ ਚੁੱਕਣਾ ਬੰਦ ਕਰ ਦਿੱਤਾ। ਪੁਲਸ ਉਨ੍ਹਾਂ ਉੱਤੇ ਕੇਸ ਦਰਜ ਕੀਤਾ ਹੈ, ਪਰ ਅਜੇ ਗ੍ਰਿਫਤਾਰੀ ਨਹੀਂ ਹੋ ਸਕੀ। ਇੱਕ ਟਰੈਵਲ ਏਜੰਟ ਬਲਾਚੌਰ ਅਤੇ ਦੂਸਰਾ ਚਾਂਦਪੁਰ ਰੁੜਕੀ ਦਾ ਰਹਿਣ ਵਾਲਾ ਹੈ।

ਇਸ ਵੱਡੀ ਠੱਗੀ ਦਾ ਸ਼ਿਕਾਰ ਹੋਏ ਪਿੰਡ ਜੀਤਪੁਰ ਦੇ ਵਾਸੀ ਜਸਵੀਰ ਕੁਮਾਰ ਨੇ ਦੱਸਿਆ ਕਿ ਉਹ ਵਿਦੇਸ਼ ਜਾਣਾ ਚਾਹੁੰਦਾ ਸੀ ਅਤੇ ਉਸ ਦੇ ਕੁਝ ਜਾਣਕਾਰ ਵਿਦੇਸ਼ ਵਿੱਚ ਹਨ। ਉਹ ਚਾਂਦਪੁਰ ਰੁੜਕੀ ਦੇ ਰਣਜੀਤ ਸਿੰਘ ਉਰਫ ਕਾਕਾ ਤੇ ਬਲਾਚੌਰ ਦੇ ਪਰਮਜੀਤ ਦੇ ਸੰਪਰਕ ਵਿੱਚ ਆਇਆ, ਕਿਉਂਕਿ ਕਿਸੇ ਜਾਣਕਾਰ ਨੇ ਦੋਵਾਂ ਦੇ ਬਾਰੇ ਦੱਸਿਆ ਸੀ। ਇਨ੍ਹਾਂ ਨੇ ਉਸ ਨੂੰ ਜਾਲ ਵਿੱਚ ਫਸਾਉਣ ਲਈ ਝਾਂਸਾ ਦਿੱਤਾ ਕਿ ਉਹ ਉਸ ਨੂੰ ਆਰਾਮ ਨਾਲ ਆਸਟਰੇਲੀਆ ਵਿੱਚ ਭੇਜ ਸਕਦੇ ਹਨ। ਦੋਵਾਂ ਨੇ ਕਿਹਾ ਕਿ ਇਸ ਦੇ ਲਈ ਉਸ ਨੂੰ 3.10 ਲੱਖ ਰੁਪਏ ਖਰਚ ਕਰਨੇ ਹੋਣਗੇ ਅਤੇ ਉਸ ਨੇ ਕਰ ਦਿੱਤੇ।

## ਭਰਾਵਾਂ ਨੇ ਪ੍ਰੇਮ ਵਿਆਹ ਕਰਵਾਉਣ ਵਾਲੀ ਭੈਣ ਅਤੇ ਪਤੀ ਅਗਵਾ ਕਰ ਕੇ ਮਾਰਿਆ

ਤਰਨ ਤਾਰਨ, 15 ਸਤੰਬਰ (ਪੋਸਟ ਬਿਊਰੋ)- ਭਾਰਤ-ਪਾਕਿ ਸਰਹੱਦ ਨੇੜਲੇ ਪਿੰਡ ਨੌਸ਼ਹਿਰਾ ਢਾਲਾ ਵਿਖੇ ਡੇਢ ਮਹੀਨੇ ਵਿੱਚ ਅਣਖ ਦੇ ਨਾਂਅ ਉੱਤੇ ਦੂਸਰੀ ਵੱਡੀ ਘਟਨਾ ਹੋਣ ਨਾਲ ਸਰਹੱਦੀ ਖੇਤਰ ਵਿੱਚ ਦਹਿਸ਼ਤ ਦਾ ਮਹੌਲ ਹੈ।

ਅੱਜ ਐਤਵਾਰ ਸਵੇਰੇ ਦੋ ਭਰਾਵਾਂ ਨੇ ਪ੍ਰੇਮ ਵਿਆਹ ਕਰਵਾਉਣ ਵਾਲੀ ਆਪਣੀ ਭੈਣ ਅਤੇ ਉਸ ਦੇ ਪਤੀ ਨੂੰ ਕਤਲ ਕਰ ਦਿੱਤਾ। ਇਸ ਦੌਰਾਨ ਲੜਕੇ ਦੀ ਮੌਕੇ ਉੱਤੇ ਮੌਤ ਹੋ ਗਈ ਤੇ ਲੜਕੀ ਨੇ ਹਸਪਤਾਲ ਜਾ ਕੇ ਦਮ ਤੋੜ ਦਿੱਤਾ। ਘਟਨਾ ਦਾ ਪਤਾ ਚੱਲਦੇ ਸਾਰ ਡੀ ਐੱਸ ਪੀ ਕੰਵਲਵਜੀਤ ਸਿੰਘ ਔਲਖ ਮੌਕੇ ਉੱਤੇ ਪੁੱਜੇ। ਇਸ ਬਾਰੇ ਥਾਣਾ ਸਰਾਏ ਅਮਾਨਤ ਖਾਂ ਦੀ ਪੁਲਿਸ ਨੇ ਦੋਸ਼ੀਆਂ ਦੇ ਖ਼ਿਲਾਫ਼ ਹੱਤਿਆ ਦਾ ਕੇਸ ਦਰਜ ਕਰ ਕੇ ਲਾਸ਼ਾਂ ਕਬਜ਼ੇ ਵਿੱਚ ਲੈ ਲਈਆਂ ਹਨ। ਮ੍ਰਿਤਕ ਲੜਕੇ ਦੇ ਪਿਤਾ ਸੁਖਦੇਵ ਸਿੰਘ ਨੇ ਦੱਸਿਆ ਕਿ ਉਸ ਦੇ ਪੁੱਤਰ ਅਮਨਦੀਪ ਸਿੰਘ ਨੇ ਪਿੰਡ ਗਹਿਰੀ ਦੀ ਅਮਨਪ੍ਰੀਤ ਕੌਰ ਨਾਲ ਚਾਰ ਮਹੀਨੇ ਪਹਿਲਾਂ ਪ੍ਰੇਮ ਵਿਆਹ ਕਰਾਇਆ ਸੀ, ਪਰ ਲੜਕੀ ਪਰਿਵਾਰ ਦੇ ਕੁਝ ਮੈਂਬਰ ਇਸ ਤੋਂ ਨਰਾਜ਼ ਸਨ। ਐਤਵਾਰ ਸਵੇਰੇ ਉਸ ਦਾ ਲੜਕਾ ਅਤੇ ਨੂੰਹ ਘਰੋਂ ਦਵਾਈ ਲੈਣ ਆਪਣੇ ਮੋਟਰਸਾਈਕਲ ਉੱਤੇ ਗਏ ਸਨ ਅਤੇ ਜਦੋਂ ਉਹ ਵਾਪਸ ਆ ਰਹੇ ਸਨ ਤਾਂ ਕੁਝ ਲੋਕਾਂ ਨੇ ਗੱਡੀ ਦੀ ਟੱਕਰ ਮਾਰ ਕੇ ਥੱਲੇ ਸੁੱਟ ਦਿੱਤਾ ਅਤੇ ਅਗਵਾ ਕਰਨ ਦੇ ਬਾਅਦ ਗੋਲ਼ੀਆਂ ਮਾਰ ਕੇ ਅਤੇ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ। ਡੀ ਐਸ ਪੀ ਕੰਵਲਜੀਤ ਸਿੰਘ ਨੇ ਦੱਸਿਆ ਕਿ ਅਗਵਾ ਕਰ ਕੇ ਮਾਰ ਦੇਣ ਦੇ ਦੋਸ਼ ਹੇਠ ਥਾਣਾ ਸਰਾਏ ਅਮਾਨਤ ਖਾਂ ਵਿਖੇ ਮ੍ਰਿਤਕ ਲੜਕੀ ਦੇ ਪਿਤਾ ਅਮਰਜੀਤ ਸਿੰਘ ਪੁੱਤਰ ਸਰਵਨ ਸਿੰਘ, ਭਰਾ ਮਨਜੀਤ ਸਿੰਘ, ਤਾਏ ਦੇ ਪੁੱਤਰਾਂ ਗੁਭਿੰਦਰ ਸਿੰਘ, ਸੁਰਜੀਤ ਸਿੰਘ ਅਤੇ ਹਰਵਿੰਦਰ ਸਿੰਘ ਬੰਸੀ ਪੁੱਤਰ ਕਰਨੈਲ ਸਿੰਘ ਦੇ ਖਿਲਾਫ ਕੇਸ ਦਰਜ ਕਰ ਲਿਆ ਤੇ ਪੁਲਿਸ ਦੀਆਂ ਟੀਮਾਂ ਬਣਾ ਕੇ ਦੋਸ਼ੀਆਂ ਦੀ ਭਾਲ ਲਈ ਭੇਜ ਦਿੱਤੀਆਂ ਗਈਆਂ ਹਨ ਤੇ ਜਲਦੀ ਹੀ ਉਨ੍ਹਾਂ ਕਾਬੂ ਕਰ ਲਿਆ ਜਾਵੇਗਾ।

## ਸੜਕ ਹਾਦਸੇ ਵਿੱਚ ਐਕਟਿਵਾ ਸਵਾਰ ਮਾਂ-ਪੁੱਤਰ ਦੀ ਮੌਤ

ਕਾਲਾ ਸੰਘਿਆ, 15 ਸਤੰਬਰ (ਪੋਸਟ ਬਿਊਰੋ)- ਨੇੜਲੇ ਪਿੰਡ ਬਨਵਾਲੀਪੁਰ ਦੀ ਸੜਕ 'ਤੇ ਪੁਲ ਨੇੜੇ ਹੌਂਡਾ ਸਿਟੀ ਗੱਡੀ ਵੱਲੋਂ ਕੁਚਲਣ ਨਾਲ ਐਕਟਿਵਾ ਸਵਾਰ ਮਾਂ ਪੁੱਤ ਦੀ ਮੌਤ ਹੋ ਗਈ ਤੇ ਇੱਕ ਔਰਤ ਜ਼ਖਮੀ ਹੋ ਗਈ।

ਮਿਲੀ ਜਾਣਕਾਰੀ ਅਨੁਸਾਰ ਪਿੰਡ ਬਨਵਾਲੀਪੁਰ ਦੀ ਵਾਸੀ ਰਿਤਿਕਾ ਆਪਣੇ ਪੁੱਤਰ ਅਤੇ ਆਪਣੀ ਭਤੀਜ ਨੂੰਹ ਤਮੰਨਾ ਚਾਹਲ ਨਾਲ ਆਪਣੀ ਐਕਟਿਵਾ ਉਤੇ ਕਾਲਾ ਸੰਘਿਆ ਤੋਂ ਦਵਾਈ ਲੈਣ ਜਾ ਰਹੀ ਸੀ ਕਿ ਬਨਵਾਲੀਪੁਰ ਪੁਲ ਤੋਂ ਉਤਰਨ ਵੇਲੇ ਤੇਜ਼ ਰਫਤਾਰ ਕਾਰ ਨਾਲ ਟੱਕਰ ਹੋ ਗਈ। ਰਾਹਗੀਰਾਂ ਨੇ ਜ਼ਖਮੀਆਂ ਨੂੰ ਸਿਵਲ ਹਸਪਤਾਲ ਕਾਲਾ ਸੰਘਿਆ ਪਹੁੰਚਾਇਆ, ਜਿੱਥੋਂ ਮੁੱਢਲੀ ਸਹਾਇਤਾ ਪਿੱਛੋਂ ਉਨ੍ਹਾਂ ਨੂੰ ਜਲੰਧਰ ਭੇਜ ਦਿੱਤਾ ਗਿਆ, ਪਰ ਰਸਤੇ ਵਿੱਚ ਚਾਰ ਸਾਲਾ ਬੱਚਾ ਮਨਰਾਜ ਚਾਹਲ ਤੇ ਉਸ ਦੀ ਮਾਂ ਰਿਤਿਕਾ ਦੀ ਮੌਤ ਹੋ ਗਈ। ਜ਼ਖਮੀ ਔਰਤ ਜਲੰਧਰ ਨੇੜਲੇ ਨਿੱਜੀ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ।

## ਪ੍ਰੇਮ ਸੰਬੰਧਾਂ ਦਾ ਖੁਲਾਸਾ ਕਰਨ ਪਿੱਛੋਂ ਖੁਦਕੁਸ਼ੀ

ਮਖੂ, 15 ਸਤੰਬਰ (ਪੋਸਟ ਬਿਊਰੋ)- ਪਿੰਡ ਲਹਿਰਾ ਬੇਟ ਦੇ ਸਵਰਨ ਸਿੰਘ ਨੇ ਆਪਣੇ ਪ੍ਰੇਮ ਸੰਬੰਧਾਂ ਦੇ ਦੌਰਾਨ ਕੀਤੀਆਂ ਗਲਤ ਹਰਕਤਾਂ ਦਾ ਸੋਸ਼ਲ ਮੀਡੀਆ 'ਤੇ ਖੁਲਾਸਾ ਕਰਨ ਪਿੱਛੋਂ ਸਲਫਾਸ ਖਾ ਕੇ ਖੁਦਕੁਸ਼ੀ ਕਰ ਲਈ। ਪਤਾ ਲੱਗਾ ਹੈ ਕਿ ਸਲਫਾਸ ਖਾਣ ਤੋਂ ਬਾਅਦ ਵਿਗੜਦੀ ਹਾਲਤ ਦੇਖ ਕੇ ਪਰਵਾਰ ਵਾਲੇ ਉਸ ਨੂੰ ਮਖੂ ਦੇ ਇੱਕ ਨਿੱਜੀ ਹਸਪਤਾਲ ਲੈ ਕੇ ਗਏ ਤਾਂ ਡਾਕਟਰਾਂ ਨੇ ਸਵਰਨ ਸਿੰਘ ਨੂੰ ਫਰੀਦਕੋਟ ਰੈਫਰ ਕਰ ਦਿੱਤਾ, ਜਿੱਥੇ ਉਸ ਦੀ ਮੌਤ ਹੋ ਗਈ।

ਇਸ ਸੰਬੰਧ ਵਿੱਚ ਦੱਸਿਆ ਗਿਆ ਹੈ ਕਿ ਮਖੂ ਪੁਲਸ ਨੇ ਛਾਪੇ ਦੌਰਾਨ ਸਵਰਨ ਸਿੰਘ ਦੀ ਪ੍ਰੇਮਿਕਾ ਦੇ ਲੜਕੇ ਨੂੰ ਨਸ਼ੇ ਵਾਲੀਆਂ ਗੋਲੀਆਂ ਸਮੇਤ ਫੜਿਆ ਸੀ ਅਤੇ ਪ੍ਰੇਮਿਕਾ ਨੇ ਆਪਣੇ ਪੁੱਤਰ ਨੂੰ ਬੇਕਸੂਰ ਦੱਸ ਕੇ ਪ੍ਰੇਮੀ ਨੂੰ ਨਸ਼ੇ ਵਾਲੀਆਂ ਗੋਲੀਆਂ ਦਾ ਸਾਜ਼ਿਸ਼ ਕਰਤਾ ਕਹਿ ਦਿੱਤਾ ਸੀ। ਪ੍ਰੇਮਿਕਾ ਦੀ ਬੇਵਫਾਈ ਤੋਂ ਦੁਖੀ ਹੋ ਕੇ ਸਵਰਨ ਸਿੰਘ ਨੇ ਆਪਣੇ 19 ਸਾਲ ਦੇ ਪ੍ਰੇਮ ਸੰਬੰਧਾਂ ਵਿੱਚ ਰਲ ਕੇ ਕੀਤੇ ਗਲਤ ਕੰਮਾਂ ਦਾ ਖੁਲਾਸਾ ਕਰ ਦਿੱਤਾ। ਉਸ ਨੇ ਮਰਨ ਤੋਂ ਪਹਿਲਾਂ ਲਾਈਵ ਹੋ ਕੇ ਕੀਤੇ ਖੁਲਾਸੇ 'ਚ ਵਿੱਚ ਕਿਹਾ ਕਿ 2001 ਤੋਂ ਉਸ ਦੇ ਪ੍ਰੇਮ ਸੰਬੰਧ ਪਿੰਡ ਦੀ ਇੱਕ ਔਰਤ ਨਾਲ ਸਨ, ਜਿਸ ਦੇ ਰਾਹ ਦਾ ਰੋੜਾ ਦੇਖ ਕੇ ਪ੍ਰੇਮੀ-ਪ੍ਰੇਮਿਕਾ ਨੇ ਚਾਰ ਸਤੰਬਰ 2014 ਨੂੰ ਪ੍ਰੇਮਿਕਾ ਦੇ ਪਤੀ ਰਸਾਲ ਸਿੰਘ ਦਾ ਕਤਲ ਕਰ ਦਿੱਤਾ ਅਤੇ ਇਸ ਨੂੰ ਪ੍ਰੇਮਿਕਾ ਨੇ ਕੁਦਰਤੀ ਮੌਤ ਦੱਸ ਕੇ ਅੰਤਿਮ ਸਸਕਾਰ ਕਰ ਦਿੱਤਾ ਸੀ। ਜਦੋਂ ਪ੍ਰੇਮਿਕਾ ਦਾ ਪੁੱਤਰ ਜਵਾਨ ਹੋ ਗਿਆ ਤਾਂ ਉਹ ਆਪਣੀ ਮਾਂ ਨੂੰ ਮਾੜੇ ਕੰਮਾਂ ਤੋਂ ਵਰਜਦਾ ਸੀ, ਜਦ ਕਿ ਉਕਤ ਪ੍ਰੇਮ ਸੰਬੰਧਾਂ ਦੀ ਪਿੰਡ 'ਚ ਲੰਮੇ ਸਮੇਂ ਤੋਂ ਚਰਚਾ ਸੀ। ਮਰਨ ਤੋਂ ਪਹਿਲਾਂ ਦੇ ਬਿਆਨ 'ਚ ਸਵਰਨ ਸਿੰਘ ਕਹਿ ਰਿਹਾ ਸੀ ਕਿ ਅੱਯਾਸ਼ੀ ਦੇ ਰਾਹ ਦਾ ਰੋੜਾ ਸਮਝ ਕੇ ਪ੍ਰੇਮਿਕਾ ਨੇ ਪੁੱਤਰ ਨੂੰ ਨਸ਼ੇ ਦੇ ਕੇਸ ਵਿੱਚ ਫਸਾਉਣ ਲਈ ਮਸ਼ਵਰਾ ਦਿੱਤਾ। ਅਸੀਂ ਦੋਵਾਂ ਨੇ ਘਰ ਰੱਖੀਆਂ ਨਸ਼ੇ ਵਾਲੀਆਂ ਗੋਲੀਆਂ ਦੀ ਜਾਣਕਾਰੀ ਕੱਲ੍ਹ ਪੁਲਸ ਨੂੰ ਦਿੱਤੀ। ਜਦੋਂ ਪੁਲਸ ਨੇ ਪ੍ਰੇਮਿਕਾ ਬਲਵਿੰਦਰ ਕੌਰ ਦੇ ਮੁੰਡੇ ਨੂੰ ਫੜਿਆ ਤਾਂ ਪ੍ਰੇਮਿਕਾ ਦਾ ਪੁੱਤਰ ਮੋਹ ਜਾਗ ਪਿਆ। ਉਸ ਨੇ ਪੁਲਸ ਨੂੰ ਕਿਹਾ ਕਿ ਮੇਰਾ ਪੁੱਤਰ ਬੇਕਸੂਰ ਹੈ, ਨਸ਼ੇ ਦੀਆਂ ਗੋਲੀਆਂ ਸਵਰਨ ਸਿੰਘ ਨੇ ਰਖਵਾਈਆਂ ਸਨ।

ਥਾਣਾ ਮੁਖੀ ਇੰਸਪੈਕਟਰ ਜਤਿੰਦਰ ਸਿੰਘ ਨੇ ਇਸ ਵਿੱਚ ਪ੍ਰੇਮਿਕਾ ਦੇ ਮੁੰਡੇ ਨੂੰ ਬੇਗੁਨਾਹ ਕਹਿ ਕੇ ਕੇਸ ਦੀ ਜਾਂਚ ਕਰਨ ਦੀ ਗੱਲ ਕਹੀ। ਉਨ੍ਹਾਂ ਨੇ ਮੰਨਿਆ ਕਿ ਖੁਲਾਸੇ ਦੀ ਵੀਡੀਓ ਉਨ੍ਹਾਂ ਕੋਲ ਪਹੁੰਚ ਗਈ ਹੈ।

### ਮਾਮਲਾ ਥਾਣੇਦਾਰ 'ਤੇ ਹਮਲੇ ਦਾ :

## ਮੁੱਖ ਮੰਤਰੀ ਦੇ ਹੁਕਮ ਉੱਤੇ ਤਿੰਨ ਪੁਲਸੀਏ ਤੇ ਇੱਕ ਹੋਮਗਾਰਡ ਨੌਕਰੀ ਤੋਂ ਕੱਢੇ ਗਏ

ਚੰਡੀਗੜ੍ਹ, 15 ਸਤੰਬਰ (ਪੋਸਟ ਬਿਊਰੋ)- ਜ਼ਿਲਾ ਤਰਨ ਤਾਰਨ ਦੀ ਪੁਲਸ ਵੱਲੋਂ ਥਾਣਾ ਲੋਪੋਕੇ ਹੇਠ ਪਿੰਡ ਚੋਗਾਵਾਂ ਵਿਖੇ ਇੱਕ ਪੁਲਸ ਅਫਸਰ ਦੀ ਕੁੱਟਮਾਰ ਦੀ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਣ ਦਾ ਸਖਤ ਨੋਟਿਸ ਲੈਂਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੱਲ੍ਹ ਉਨ੍ਹਾਂ ਪੁਲਸ ਵਾਲਿਆਂ ਦੀ ਬਰਖਾਸਤਗੀ ਦੇ ਹੁਕਮ ਕੀਤੇ ਹਨ, ਜਿਹੜੇ ਉਸ ਮੌਕੇ ਮੌਜੂਦ ਸਨ, ਜਦੋਂ ਨਸ਼ਾ ਤਸਕਰਾਂ ਦਾ ਗੈਂਗ ਸਬ ਇੰਸਪੈਕਟਰ ਦੀ ਕੁੱਟਮਾਰ ਕਰ ਰਿਹਾ ਸੀ, ਪਰ ਉਸ ਨੂੰ ਬਚਾਉਣ ਦੀ ਕੋਈ ਕਾਰਵਾਈ ਨਹੀਂ ਸੀ ਕੀਤੀ। ਮੁੱਖ ਮੰਤਰੀ ਦੇ ਹੁਕਮਾਂ 'ਤੇ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਦਿਨਕਰ ਗੁਪਤਾ ਨੇ ਛਾਪਾ ਮਾਰਨ ਵਾਲੀ ਪੁਲਸ ਟੀਮ ਦੀ ਭੂਮਿਕਾ ਬਾਰੇ ਵੀ ਆਈ ਜੀ ਬਾਰਡਰ ਤੋਂ ਜਾਂਚ ਕਰਵਾਈ ਹੈ।

ਵਰਨਣ ਯੋਗ ਹੈ ਕਿ ਇਸ ਟੀਮ ਵਿੱਚ ਥਾਣਾ ਕੱਚਾ ਪੱਕਾ ਦੇ ਸਬ ਇੰਸਪੈਕਟਰ ਬਲਦੇਵ ਸਿੰਘ ਮੌਜੂਦ ਸਨ, ਜਿਨ੍ਹਾਂ ਨੇ 13 ਸਤੰਬਰ ਦੀ ਸਵੇਰ ਵੇਲੇ ਪਿੰਡ ਚੋਗਾਵਾਂ ਥਾਣਾ ਲੋਪੋਕੇ ਵਿਖੇ ਛਾਪਾ ਮਾ-



ਰਿਆ ਸੀ। ਇਸ ਰਿਪੋਰਟ ਉੱਤੇ ਤਿੰਨ ਪੁਲਸ ਮੁਲਾਜ਼ਮ, ਜਿਨ੍ਹਾਂ ਵਿੱਚ ਏ ਐੱਸ ਆਈ ਸਤਵਿੰਦਰ ਸਿੰਘ, ਹੌਲਦਾਰ ਗੁਰਵਿੰਦਰ ਸਿੰਘ ਤੇ ਸਿਪਾਹੀ ਨਿਸ਼ਾਨ ਸਿੰਘ ਸ਼ਾਮਲ ਸਨ ਦੇ ਨਾਲ ਹੋਮਗਾਰਡ ਜਵਾਨ ਦਰਸ਼ਨ ਸਿੰਘ ਨੂੰ ਡਿਊਟੀ 'ਚ ਕੋਤਾਹੀ ਅਤੇ ਮੌਕੇ ਉਤੇ ਕੋਈ ਕਾਰਵਾਈ ਨਾ ਕਰਨ ਦੇ ਦੋਸ਼ ਹੇਠ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਐੱਸ ਐੱਚ ਓ ਝਿਰਮਲ ਸਿੰਘ, ਥਾਣਾ ਕੱਚਾ ਪੱਕਾ, ਜ਼ਿਲ੍ਹਾ ਤਰਨ ਤਾਰਨ ਨੂੰ ਇਸ ਘਟਨਾ ਬਾਰੇ ਤਸੱਲੀ ਬਖਸ਼ ਤੱਥ ਨਾ ਪੇਸ਼ ਕਰਨ ਕਰ ਕੇ ਲਾਈਨ ਹਾਜ਼ਰ ਕਰ ਦਿੱਤਾ ਗਿਆ ਹੈ। ਪੁਲਸ ਦੇ ਅਨੁਸਾਰ ਪੰਜ ਦੋਸ਼ੀ ਗ੍ਰਿਫਤਾਰ ਕਰ ਲਏ ਹਨ ਅਤੇ ਇਨ੍ਹਾਂ ਸਣੇ 25-30 ਅਣਪਛਾਤੇ ਲੋਕਾਂ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ। ਗ੍ਰਿਫਤਾਰ ਕੀਤੇ ਲੋਕਾਂ ਦੀ ਪਛਾਣ ਸ਼ਮਸ਼ੇਰ ਸਿੰਘ, ਗੁਰਜਿੰਦਰ ਸਿੰਘ, ਦਿਲਬਾਗ ਸਿੰਘ ਅਤੇ ਸਰਮੇਲ ਸਿੰਘ (ਸਾਰੇ ਚੋਗਾਵਾਂ) ਅਤੇ ਸ਼ੁੱਭ (ਵਾਸੀ ਟਪਿਆਲਾ) ਵਜੋਂ ਹੋਈ ਹੈ।

ਪੁਲਸ ਦੇ ਡੀ ਜੀ ਪੀ ਨੇ ਕੱਲ੍ਹ ਆਈ ਜੀ ਬਾਰਡਰ ਅਤੇ ਐੱਸ ਐੱਸ ਪੀ ਅੰਮ੍ਰਿਤਸਰ ਦਿਹਾਤੀ ਨੂੰ ਨਸ਼ਾ ਤਸਕਰ ਅਮਨਦੀਪ ਸਿੰਘ ਅਤੇ ਉਸ ਦੇ ਭਰਾ ਗਗਨਦੀਪ ਸਿੰਘ ਸਮੇਤ ਸਾਰੇ ਦੋਸ਼ੀਆਂ ਵਿਰੁੱਧ ਸਖਤ ਕਾਰਵਾਈ ਲਈ ਨਿਰਦੇਸ਼ ਦਿੱਤੇ ਸਨ। ਇਸ ਬਾਰੇ ਡੀ ਜੀ ਪੀ ਨੇ ਦੱਸਿਆ ਕਿ ਪੁਲਸ ਟੀਮ 10 ਸਤੰਬਰ ਨੂੰ ਐੱਨ ਡੀ ਪੀ ਐੱਸ ਐਕਟ ਦੀ ਧਾਰਾ 21, 22, 29 ਹੇਠ ਦਰਜ ਕੇਸ ਨੰਬਰ 64 ਦੇ ਸੰਬੰਧ ਵਿੱਚ, ਜਿਸ ਵਿੱਚ ਤਰਨ ਤਾਰਨ ਪੁਲਸ ਨੇ 152 ਗਰਾਮ ਹੈਰੋਇਨ ਬਰਾਮਦ ਕੀਤੀ ਸੀ, ਅਮਨਦੀਪ ਸਿੰਘ ਦੇ ਘਰ ਛਾਪਾ ਮਾਰਨ ਲਈ ਉਸ ਪਿੰਡ ਗਈ ਸੀ, ਜਿੱਥੇ ਅਮਨਦੀਪ ਸਿੰਘ ਤੇ ਉਸ ਦੇ ਭਰਾ ਨੇ ਆਪਣੇ ਘਰ ਲੋਕਾਂ ਨੂੰ ਇਕੱਠੇ ਕਰ ਕੇ ਸਬ ਇੰਸਪੈਕਟਰ ਦੇ ਕਤਲ ਦੀ ਕੋਸ਼ਿਸ਼ ਕੀਤੀ।

## ਵਿਆਹ ਦਾ ਜਾਅਲੀ ਸਰਟੀਫਿਕੇਟ ਦੇਣ ਵਾਲੇ ਗ੍ਰੰਥੀ ਵਿਰੁੱਧ ਕੇਸ ਦਰਜ

ਮਲੋਟ, 15 ਸਤੰਬਰ (ਪੋਸਟ ਬਿਊਰੋ)- ਇਸ ਨਗਰ ਦੇ ਹਰਜਿੰਦਰ ਨਗਰ ਵਿਖੇ ਘਰ ਵਿੱਚ ਗੁਰਦੁਆਰਾ ਸਾਹਿਬ ਬਣਾ ਕੇ ਘਰੋਂ ਭੱਜੇ ਅਤੇ ਮਾਪਿਆਂ ਦੀ ਮਰਜ਼ੀ ਤੋਂ ਬਿਨਾਂ ਦੂਰ ਦੁਰਾਡੇ ਤੋਂ ਆਏ ਲੜਕੇ ਲੜਕੀਆਂ ਦਾ ਬਿਨਾਂ ਲਾਵਾਂ ਫੇਰੇ, ਰਾਤ ਬਰਾਤੇ ਮੋਟੀ ਰਕਮ ਲੈ ਕੇ ਵਿਆਹ ਕਰਨ ਅਤੇ ਜਾਅਲੀ ਸਰਟੀਫਿਕੇਟ ਤਿਆਰ ਕਰਕੇ ਦੇਣ ਵਾਲੇ ਗ੍ਰੰਥੀ ਉੱਤੇ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਇਸ ਬਾਰੇ ਅਗਲੀ ਕਾਰਵਾਈ ਜਾਰੀ ਹੈ।

ਪਤਾ ਲੱਗਾ ਹੈ ਕਿ ਇਸ ਗ੍ਰੰਥੀ ਵੱਲੋਂ ਘਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਰੱਖ ਕੇ ਸੇਵਾ ਸੰਭਾਲ ਨਾ ਕਰਨ ਦਾ ਦੋਸ਼ ਵੀ ਸੀ ਅਤੇ ਉਹ ਮੁਹੱਲਾ ਵਾਸੀਆਂ ਨਾਲ ਲੜਾਈ ਝਗੜਾ ਵੀ ਕਰਦਾ ਸੀ। ਬਲਦੇਵ ਸਿੰਘ ਮੈਨੇਜਰ ਸ੍ਰੀ ਦਰਬਾਰ ਸਾਹਿਬ ਮੁਕਤਸਰ ਸਾਹਿਬ ਨੇ ਦੱਸਿਆ ਕਿ ਗ੍ਰੰਥੀ ਕਰਨ ਸਿੰਘ ਵਾਸੀ ਵਾਰਡ ਨੰਬਰ 26 ਮਲੋਟ ਨੇ ਆਪਣੇ ਘਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਰੱਖੇ ਹੋਏ ਸਨ, ਜਿਨ੍ਹਾਂ ਦੀ ਸੇਵਾ ਸੰਭਾਲ ਨਾ ਹੋਣ ਕਰਕੇ ਇਨ੍ਹਾਂ ਦਾ ਨਿਰਾਦਰ ਹੋ ਰਿਹਾ ਸੀ। ਘਰ ਦੀ ਜਗ੍ਹਾ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਰੱਖਣ ਯੋਗ ਨਹੀਂ ਸੀ। ਉਨ੍ਹਾਂ ਦੱਸਿਆ ਕਿ ਇਹ ਸਰੂਪ ਉਸ ਘਰ ਤੋਂ ਲੈ ਆਉਣ ਲਈ ਜਥੇਦਾਰ ਅਕਾਲ ਤਖਤ ਸਾਹਿਬ ਦਾ ਹੁਕਮ ਹੋਇਆ ਤਾਂ ਇਸ ਬਾਰੇ 9 ਜੂਨ ਨੂੰ ਕਾਰਵਾਈ ਕੀਤੀ ਗਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਛੇ ਸਰੂਪ, ਦੋ ਸੰਥਿਆ ਸੈਂਚੀਆਂ ਭਾਗ ਪਹਿਲਾ ਤੇ ਦੂਜਾ ਉਕਤ ਸਥਾਨ ਤੋਂ ਲਿਆ ਕੇ ਸ੍ਰੀ ਦਰਬਾਰ ਸਾਹਿਬ ਵਿਖੇ ਬਿਰ-ਾਜਮਾਨ ਕਰ ਲਏ ਹਨ, ਪਰ ਅਜੇ ਵੀ ਓਥੇ ਦੋ ਸਰੂਪ ਹਨ, ਜਿਹੜੇ ਮੁਹੱਲਾ ਨਿਵਾਸੀ ਚੁੱਕਣ ਨਹੀਂ ਦੇ ਰਹੇ ਅਤੇ ਇਕੱਠੇ ਹੋ ਕੇ ਲੜਾਈ ਝਗੜਾ ਕਰਦੇ ਹਨ। ਉਨ੍ਹਾਂ ਦੱਸਿਆ ਕਿ ਜਦ ਸਰੂਪ ਲਿਆਉਣ ਲਈ ਕਾਰਵਾਈ ਕੀਤੀ ਗਈ ਤਾਂ ਇਨ੍ਹਾਂ ਦੀ ਪੜਤਾਲ ਕਰਨ 'ਤੇ ਪਤਾ ਲੱਗਾ ਕਿ ਇਨ੍ਹਾਂ ਤੋਂ ਲਿਆਂਦੀ ਸੰਥਿਆ ਸੈਂਚੀ ਭਾਗ ਦੂਜਾ ਨੂੰ ਅੱਗ ਦਾ ਸੇਕ ਲੱਗਾ ਹੋਇਆ ਹੈ। ਥਾਣਾ ਮਲੋਟ ਪੁਲਸ ਨੇ ਇਸ ਸ਼ਿਕਾਇਤ 'ਤੇ ਪੜਤਾਲ ਉਪਰੰਤ ਗ੍ਰੰਥੀ ਕਰਨ ਸਿੰਘ ਪੁੱਤਰ ਮੱਖਣ ਸਿੰਘ ਵਾਸੀ ਵਾਰਡ ਨੰਬਰ-26 ਮਲੋਟ ਵਿਰੁੱਧ ਕੇਸ ਦਰਜ ਕਰ ਲਿਆ ਹੈ।

## ਗਾਇਕ ਐਲੀ ਮਾਂਗਟ ਤੇ ਉਸ ਦੇ ਸਾਥੀ ਨੂੰ ਜੇਲ੍ਹ ਭੇਜਿਆ

ਐੱਸ ਏ ਐੱਸ ਨਗਰ, 15 ਸਤੰਬਰ (ਪੋਸਟ ਬਿਊਰੋ)- ਸੋਹਾਣਾ ਪੁਲਸ ਨੇ ਪੰਜਾਬੀ ਗੀਤ ਬਾਰੇ ਫੇਸਬੁਕ 'ਤੇ ਇਤਰਾਜ਼ ਯੋਗ ਟਿੱਪਣੀਆਂ ਕਰਨ ਅਤੇ ਧਮਕੀਆਂ ਦੇਣ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤੇ ਪੰਜਾਬੀ ਗਾਇਕ ਹਰਕੀਰਤ ਸਿੰਘ ਉਰਫ ਐਲੀ ਮਾਂਗਟ ਅਤੇ ਹਰਦੀਪ ਸਿੰਘ ਵਾਲੀਆ ਨੂੰ ਦੋ ਦਿਨਾ ਪੁਲਸ ਰਿਮਾਂਡ ਖਤਮ ਹੋਣ ਪਿੱਛੋਂ ਕੱਲ੍ਹ ਡਿਊਟੀ ਮੈਜਿਸਟਰੇਟ ਅਮਿਤ ਬਖਸ਼ੀ ਦੀ ਅਦਾਲਤ ਵਿੱਚ ਪੇਸ਼ ਕੀਤਾ ਤਾਂ ਅਦਾਲਤ ਨੇ ਐਲੀ ਮਾਂਗਟ ਤੇ ਵਾਲੀਆ ਨੂੰ 14 ਦਿਨ ਲਈ ਰੂਪਨਗਰ ਜੇਲ੍ਹ ਵਿੱਚ ਭੇਜ ਦਿੱਤਾ ਹੈ। ਇਸ ਤੋਂ ਪਹਿਲਾਂ ਉਨ੍ਹਾਂ ਦਾ ਸਰਕਾਰੀ ਹਸਪਤਾਲ ਤੋਂ ਮੈਡੀਕਲ ਕਰਾਇਆ ਗਿਆ।

ਅਦਾਲਤ ਨੇ ਐਲੀ ਮਾਂਗਟ ਨੂੰ 27 ਸਤੰਬਰ ਨੂੰ ਮੁੜ ਅਦਾਲਤ ਵਿੱਚ ਪੇਸ਼ ਕਰਨ ਨੂੰ ਕਿਹਾ ਹੈ। ਇਸ ਮੌਕੇ ਐਲੀ ਮਾਂਗਟ ਦੇ ਵੱਡੀ ਗਿਣਤੀ ਪ੍ਰਸ਼ੰਸਕ ਜ਼ਿਲ੍ਹਾ ਅਦਾਲਤ ਕੰਪੈਲਕਸ ਦੇ ਅੰਦਰ ਤੇ ਬਾਹਰ ਆਏ ਹੋਏ ਸਨ, ਪਰ ਮੁਲਜ਼ਮਾਂ ਨੂੰ ਆਪਣੇ ਵਾਹਨ ਦੀ ਥਾਂ ਪੁਲਸ ਚਿੱਟੇ ਰੰਗ ਦੀ ਪ੍ਰਾਈਵੇਟ ਕਾਰ ਵਿੱਚ ਲੈ ਕੇ ਆਈ ਅਤੇ ਬੇਸਮੈਂਟ ਵਿੱਚੋਂ ਸਿੱਧਾ ਕੋਰਟ ਰੂਮ ਵਿੱਚ ਲੈ ਗਈ। ਇਸ ਦੌਰਾਨ ਸੋਹਾਣਾ ਪੁਲਸ ਦੀ ਮੁੱਢਲੀ ਜਾਂਚ ਵਿੱਚ ਫਾਇਰਿੰਗ ਦੀ ਗੱਲ ਨਹੀਂ ਨਿਕਲੀ ਤੇ ਨਾ ਦੋ ਦਿਨਾਂ ਦੇ ਪੁਲਸ ਰਿਮਾਂਡ ਦੌਰਾਨ ਗਾਇਕ ਜਾਂ ਉਸ ਦੇ ਕਿਸੇ ਸਮਰਥਕ ਕੋਲੋਂ ਹਥਿਆਰ ਬਰਾਮਦ ਹੋਏ ਹਨ। ਪੁਲਸ ਨੂੰ ਘਟਨਾ ਦੇ ਸਥਾਨ ਤੋਂ ਕੋਈ ਚੱਲਿਆ ਹੋਇਆ ਕਾਰਤੂਸ ਵੀ ਨਹੀਂ ਮਿਲਿਆ, ਜਦੋਂ ਕਿ ਗਾਇਕ ਦੀ ਗ੍ਰਿਫਤਾਰੀ ਵੇਲੇ ਅਦਾਲਤ ਵਿੱਚ ਪੁਲਸ ਨੇ ਜੱਜ ਨੂੰ ਦੱਸਿਆ ਸੀ ਕਿ ਗਾਇਕ ਐਲੀ ਮਾਂਗਟ ਦੇ ਸਮਰਥਕਾਂ ਨੇ ਫਾਇਰਿੰਗ ਕੀਤੀ ਸੀ ਤੇ ਪੁਲਸ ਰਿਮਾਂਡ ਵੀ ਇਹ ਦਲੀਲ ਦੇ ਕੇ ਲਿਆ ਸੀ ਕਿ ਉਸ ਕੋਲੋਂ ਹਥਿਆਰ ਬਰਾਮਦ ਕਰਨੇ ਅਤੇ ਹੋਰ ਪੁੱਛਗਿੱਛ ਕਰਨੀ ਹੈ।

## ਨੂੰਹ ਅਤੇ ਕੁੜਮਣੀ ਤੋਂ ਤੰਗ ਆ ਕੇ ਖੁਦਕੁਸ਼ੀ ਕਰ ਲਈ

ਭਿੱਖੀਵਿੰਡ, 15 ਸਤੰਬਰ (ਪੋਸਟ ਬਿਊਰੋ)- ਥਾਣਾ ਭਿੱਖੀਵਿੰਡ ਦੇ ਪਿੰਡ ਕਾਲੇ ਦੇ ਕਿਸਾਨ ਨੇ ਆਪਣੀ ਨੂੰਹ ਤੇ ਕੁੜਮਣੀ ਤੋਂ ਤੰਗ ਆ ਕੇ ਜ਼ਹਿਰੀਲੀ ਦਵਾਈ ਪੀ ਕੇ ਜ਼ਿੰਦਗੀ ਸਮਾਪਤ ਕਰ ਲਈ ਹੈ।

ਮ੍ਰਿਤਕ ਗੁਰਨਾਮ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ ਕਾਲੇ ਦੇ ਭਤੀਜੇ ਗੁਰਵਿੰਦਰ ਸਿੰਘ ਪੁੱਤਰ ਸਵਰਨ ਸਿੰਘ ਨੂੰ ਪੁਲਸ ਨੂੰ ਦੱਸਿਆ ਕਿ ਗੁਰਨਾਮ ਸਿੰਘ ਦੇ ਲੜਕੇ ਅਵਤਾਰ ਸਿੰਘ ਦੇ ਸਾਲੇ ਸ਼ਮਸ਼ੇਰ ਸਿੰਘ ਪੁੱਤਰ ਪੂਰਨ ਸਿੰਘ, ਮਾੜੀ ਗੌੜ ਸਿੰਘ ਨੇ ਆਪਣੀ ਮਾਤਾ ਜੋਗਿੰਦਰ ਕੌਰ ਨਾਲ ਮਿਲ ਕੇ ਗੁਰਨਾਮ ਸਿੰਘ ਦੇ ਪੁੱਤਰ ਰਣਜੀਤ ਸਿੰਘ ਦੀ ਸਾਲ 2010 ਵਿੱਚ ਹੱਤਿਆ ਕਰ ਦਿੱਤੀ ਸੀ। ਇਸ ਕਤਲ ਕੇਸ ਵਿੱਚ ਜਿਥੇ ਸ਼ਮਸ਼ੇਰ ਸਿੰਘ ਜੇਲ੍ਹ ਅੰਦਰ ਕੈਦ ਕੱਟ ਰਿਹਾ, ਉਥੇ ਉਸ ਦੀ ਮਾਤਾ ਜੋਗਿੰਦਰ ਕੌਰ ਜ਼ਮਾਨਤ 'ਤੇ ਬਾਹਰ ਹੈ। ਗੁਰਵਿੰਦਰ ਸਿੰਘ ਨੇ ਦੱਸਿਆ ਅਵਤਾਰ ਸਿੰਘ ਦੀ ਪਤਨੀ ਕੰਵਲਜੀਤ ਕੌਰ ਅਤੇ ਮਾਂ ਜੋਗਿੰਦਰ ਕੌਰ ਨੇ ਬਦਲੇ ਦੀ ਭਾਵਨਾ ਨਾਲ ਬੀਤੇ ਦਿਨੀਂ ਪੁਲਸ ਹੈਲਪਲਾਈਨ 'ਤੇ ਕਾਲ ਕਰਕੇ ਗੁਰਨਾਮ ਸਿੰਘ ਉਤੇ ਬਲਾਤਕਾਰ ਦਾ ਦੋਸ਼ ਲਾਇਆ ਤਾਂ ਭਿੱਖੀਵਿੰਡ ਪੁਲਸ ਨੇ ਗੁਰਨਾਮ ਸਿੰਘ ਨੂੰ ਗ੍ਰਿਫਤਾਰ ਕਰ ਕੇ ਜਾਂਚ ਸ਼ੁਰੂ ਕਰ ਲਈ ਤੇ ਇਸ ਦੌਰਾਨ ਪਿੰਡ ਦੇ ਮੋਹਤਬਰਾਂ ਵੱਲੋਂ ਗੁਰਨਾਮ ਸਿੰਘ ਦੀ ਸਫਾਈ ਦਿੱਤੇ ਜਾਣ 'ਤੇ ਉਸ ਨੂੰ ਛੱਡ ਦਿੱਤਾ ਸੀ। ਇਸ ਦੇ ਬਾਅਦ ਹੈਲਪਲਾਈਨ ਨੂੰ ਰਿਪੋਰਟ ਬਣਾ ਕੇ ਭੇਜ ਦਿੱਤੀ ਗਈ। ਕੰਵਲਜੀਤ ਕੌਰ ਵੱਲੋਂ ਬਲਾਤਕਾਰ ਦਾ ਦੋਸ਼ ਲਾਉਣ ਤੋਂ ਦੁਖੀ ਹੋਏ ਗੁਰਨਾਮ ਸਿੰਘ ਨੇ ਕੱਲ੍ਹ ਸਵੇਰੇ ਜ਼ਹਿਰੀਲੀ ਦਵਾਈ ਪੀ ਕੇ ਖੁਦਕੁਸ਼ੀ ਕਰ ਲਈ। ਵਰਨਣ ਯੋਗ ਹੈ ਕਿ ਮ੍ਰਿਤਕ ਗੁਰਨਾਮ ਸਿੰਘ ਦੀ ਜੇਬ 'ਚੋਂ ਮਿਲੇ ਕਾਗਜ਼ ਦੇ ਟੁਕੜੇ ਉਤੇ ਉਸ ਨੇ ਆਪਣੇ ਦਸਤਖਤਾਂ ਹੇਠ ਲਿਖੇ ਸੁਸਾਈਡ ਨੋਟ 'ਚ ਨੂੰਹ ਕੰਵਲਜੀਤ ਕੌਰ ਅਤੇ ਕੁੜਮਣੀ ਜੋਗਿੰਦਰ ਕੌਰ ਨੂੰ ਆਪਣੀ ਮੌਤ ਦਾ ਜ਼ਿੰਮੇਵਾਰ ਦੱਸਿਆ ਹੈ। ਥਾਣਾ ਭਿੱਖੀਵਿੰਡ ਦੇ ਮੁਖੀ ਚੰਦਰ ਭੂਸ਼ਣ ਨੇ ਦੱਸਿਆ ਕਿ ਕੰਵਲਜੀਤ ਕੌਰ ਪਤਨੀ ਅਵਤਾਰ ਸਿੰਘ, ਜੋਗਿੰਦਰ ਕੌਰ ਪਤਨੀ ਪੂਰਨ ਸਿੰਘ ਵਾਸੀ ਮਾੜੀ ਗੌੜ ਸਿੰਘ ਖਿਲਾਫ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕੀਤੀ ਗਈ ਹੈ।

## ਜਲੰਧਰ ਦੀ ਸਹਾਇਕ ਕਮਿਸ਼ਨਰ ਅਨੂਪ੍ਰੀਤ ਕੌਰ ਸਸਪੈਂਡ

### * 1.63 ਕਰੋੜ ਦੇ ਘਪਲੇ ਵਿੱਚ ਜਾਂਚ ਰਿਪੋਰਟ ਤੋਂ ਬਾਅਦ ਕਾਰਵਾਈ

ਤਰਨ ਤਾਰਨ, 15 ਸਤੰਬਰ (ਪੋਸਟ ਬਿਊਰੋ)- ਤਰਨ ਤਾਰਨ ਜ਼ਿਲੇ ਵਿੱਚ ਐਸ ਡੀ ਐਮ ਵਜੋਂ ਤਾਇਨਾਤ ਰਹਿ ਚੁੱਕੀ ਪੀ ਸੀ ਐਸ ਅਫਸਰ ਡਾ. ਅਨੂਪ੍ਰੀਤ ਕੌਰ ਨੂੰ ਇਕ ਕਰੋੜ 63 ਲੱਖ ਰੁਪਏ ਦੇ ਨੈਸ਼ਨਲ ਹਾਈਵੇ-54 ਵਿੱਚ ਹੋਏ ਗਬਨ ਅਤੇ ਭਾਰਤ-ਪਾਕਿ ਸਰਹੱਦ 'ਤੇ ਕੰਡਿਆਲੀ ਤਾਰ ਤੋਂ ਪਾਰ ਜ਼ਮੀਨ ਦੇ ਕਿਸਾਨਾਂ ਦੇ ਮੁਆਵਜ਼ੇ 'ਚ ਹੋਏ ਗਬਨ ਦੇ ਮਾਮਲੇ ਵਿੱਚ ਪੰਜਾਬ ਦੇ ਗਵਰਨਰ ਵੀ ਪੀ ਸਿੰਘ ਬਦਨੌਰ ਦੇ ਹੁਕਮਾਂ 'ਤੇ ਸਸਪੈਂਡ ਕਰ ਦਿੱਤਾ ਗਿਆ ਹੈ।

ਪਤਾ ਲੱਗਾ ਹੈ ਕਿ ਤਰਨ ਤਾਰਨ ਅਤੇ ਪੱਟੀ ਵਿੱਚ ਐਸ ਡੀ ਐਮ ਰਹਿ ਚੁੱਕੀ ਡਾ. ਅਨੂਪ੍ਰੀਤ ਕੌਰ ਅਤੇ ਪੰਜ ਹੋਰ ਲੋਕਾਂ ਉੱਤੇ ਇਸ ਮਾਮਲੇ ਵਿੱਚ ਥਾਣਾ ਪੱਟੀ ਵਿੱਚ ਧੋਖਾਧੜੀ ਦਾ ਕੇਸ ਵੀ ਦਰਜ ਹੋ ਚੁੱਕਾ ਹੈ। ਤਰਨ ਤਾਰਨ ਦੇ ਡਿਪਟੀ ਕਮਿਸ਼ਨਰ ਪ੍ਰਦੀਪ ਕੁਮਾਰ ਸੱਭਰਵਾਲ ਵੱਲੋਂ ਸਰਕਾਰ ਨੂੰ ਭੇਜੀ ਜਾਂਚ ਰਿਪੋਰਟ ਤੋਂ ਬਾਅਦ ਇਹ ਫੈਸਲਾ



ਲਿਆ ਗਿਆ ਹੈ। ਵਰਨਣ ਯੋਗ ਹੈ ਕਿ ਬਠਿੰਡਾ-ਤਰਨ ਤਾਰਨ ਨੈਸ਼ਨਲ ਹਾਈਵੇ ਬਣਾਉਣ ਸਮੇਂ ਉਸ ਸਮੇਂ ਐਸ ਡੀ ਐਮ ਪੱਟੀ ਵਜੋਂ ਸੇਵਾ ਨਿਭਾ ਰਹੀ ਡਾ. ਅਨੂਪ੍ਰੀਤ ਕੌਰ ਵੱਲੋਂ ਵੱਖ-ਵੱਖ ਲੋਕਾਂ ਦੇ ਖਾਤੇ ਵਿੱਚ 1,63,67,900 ਰੁਪਏ ਪਾ ਕੇ ਗਬਨ ਕਰਨ ਦਾ ਭੇਦ ਖੁੱਲ੍ਹਾ ਸੀ। ਇਸ ਤੋਂ ਇਲਾਵਾ ਕੰਡਿਆਲੀ ਤਾਰ ਤੋਂ ਪਾਰ ਸਰਹੱਦੀ ਕਿਸਾਨਾਂ ਦੀ ਜ਼ਮੀਨ ਲਈ ਆਏ ਮੁਆਵਜ਼ੇ 'ਚ ਵੀ ਗਬਨ ਕੀਤੇ ਜਾਣ ਦੀ ਗੱਲ ਨਿਕਲੀ ਸੀ। ਇਸ ਸ਼ਿਕਾਇਤ ਪਿੱਛੋਂ ਡਿਪਟੀ ਕਮਿਸ਼ਨਰ ਪ੍ਰਦੀਪ ਕੁਮਾਰ ਸੱਭਰਵਾਲ ਵੱਲੋਂ ਰਿਪੋਰਟ ਬਣਾ ਕੇ ਪੰਜਾਬ ਸਰਕਾਰ ਨੂੰ ਭੇਜੀ ਗਈ ਸੀ, ਜਿਸ ਦੇ ਆਧਾਰ 'ਤੇ ਚੀਫ ਸੈਕਟਰੀ ਕਰਨ ਅਵਤਾਰ ਸਿੰਘ ਵੱਲੋਂ ਗਵਰਨਰ ਦੇ ਹੁਕਮਾਂ ਉੱਤੇ ਇਸ ਸਮੇਂ ਸਹਾਇਕ ਕਮਿਸ਼ਨਰ (ਸ਼ਿਕਾਇਤਾਂ) ਵਜੋਂ ਜਲੰਧਰ ਵਿੱਚ ਤਾਇਨਾਤ ਪੀ ਸੀ ਐਸ ਅਫਸਰ ਅਨੂਪ੍ਰੀਤ ਕੌਰ ਨੂੰ ਪੰਜਾਬ ਸਿਵਲ ਸਰਵਿਸਿਜ਼ (ਸਜ਼ਾ ਤੇ ਅਪੀਲ) ਨਿਯਮਾਂਵਲੀ, 1970 ਦੇ ਨਿਯਮ ਚਾਰ ਹੇਠ ਸਸਪੈਂਡ ਕੀਤਾ ਗਿਆ ਹੈ। ਇਸ ਦੇ ਨਾਲ ਇਹ ਵੀ ਹੁਕਮ ਜਾਰੀ ਕੀਤਾ ਗਿਆ ਕਿ ਸਸਪੈਂਸ਼ਨ ਦੇ ਸਮੇਂ ਉਨ੍ਹਾਂ ਨੂੰ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਦੀਆਂ ਸ਼ਰਤਾਂ ਅਨੁਸਾਰ ਗੁਜ਼ਾਰਾ ਭੱਤਾ ਮਿਲੇਗਾ ਤੇ ਇਸ ਦੌਰਾਨ ਉਨ੍ਹਾਂ ਦਾ ਹੈਡਕੁਆਰਟਰ ਚੰਡੀਗੜ੍ਹ ਰਹੇਗਾ ਅਤੇ ਸੈਕਟਰੀ ਪ੍ਰਸੋਨਲ ਦੀ ਪ੍ਰਵਾਨਗੀ ਤੋਂ ਬਿਨਾਂ ਆਪਣਾ ਹੈਡਕੁਆਟਰ ਵੀ ਨਹੀਂ ਛੱਡੇਗੀ।

## ਮੁਹੰਮਦ ਸਦੀਕ ਦਾ ਜਾਤ ਸਰਟੀਫਿਕੇਟ ਰੱਦ ਕਰਨ ਦੀ ਮੰਗ ਉੱਤੇ ਸੁਣਵਾਈ ਅੱਗੇ ਪਈ

ਚੰਡੀਗੜ੍ਹ, 15 ਸਤੰਬਰ (ਪੋਸਟ ਬਿਊਰੋ)- ਫਰੀਦਕੋਟ ਲੋਕ ਸਭਾ ਹਲਕੇ ਤੋਂ ਪਾਰਲੀਮੈਂਟ ਮੈਂਬਰ ਅਤੇ ਉਘੇ ਪੰਜਾਬੀ ਗਾਇਕ ਮੁਹੰਮਦ ਸਦੀਕ ਨੂੰ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਅਨੁਸੂਚਿਤ ਜਾਤ ਨੂੰ ਸਰਟੀਫਿਕੇਟ ਰੱਦ ਕਰਨ ਦੀ ਮੰਗ ਬਾਰੇ ਲੋਕ ਹਿੱਤ ਪਟੀਸ਼ਨ 'ਤੇ ਸੁਣਵਾਈ ਅਗਲੇ ਸਾਲ 21 ਜਨਵਰੀ ਤੱਕ ਮੁਲਤਵੀ ਕਰ ਦਿੱਤੀ ਗਈ ਹੈ।



ਕੱਲ੍ਹ ਇਸ ਮਾਮਲੇ ਵਿੱਚ ਸਦੀਕ ਦੇ ਵਕੀਲ ਨੇ ਪੇਸ਼ ਹੋ ਕੇ ਕਿਹਾ ਸੀ ਕਿ ਜਵਾਬ ਦੇਣ ਲਈ ਦੋ ਹਫਤੇ ਦਾ ਸਮਾਂ ਚਾਹੀਦਾ ਹੈ, ਜਿਸ ਉੱਤੇ ਚੀਫ ਜਸਟਿਸ ਕ੍ਰਿਸ਼ਨਾ ਮੁਰਾਰੀ ਅਤੇ ਜਸਟਿਸ ਅਰੁਣ ਪੱਲੀ ਦੀ ਡਿਵੀਜ਼ਨ ਬੈਂਚ ਨੇ ਸੁਣਵਾਈ ਅੱਗੇ ਪਾ ਦਿੱਤੀ ਹੈ। ਵਰਨਣ ਯੋਗ ਹੈ ਕਿ ਇਸ ਪਟੀਸ਼ਨ ਉਤੇ ਸਦੀਕ ਨੂੰ ਅਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਜਵਾਬ ਪੇਸ਼ ਕਰਨ ਲਈ ਕਿਹਾ ਗਿਆ ਸੀ। ਜਲੰਧਰ ਦੇ ਕਮਲਜੀਤ ਸਿੰਘ ਨੇ ਇੱਕ ਪਟੀਸ਼ਨ ਦਾਖਲ ਕਰਕੇ ਕਿਹਾ ਸੀ ਕਿ ਮੁਸਲਮਾਨ ਧਰਮ ਵਿੱਚ ਕੋਈ ਜਾਤ ਨਹੀਂ ਹੁੰਦੀ, ਮੁਹੰਮਦ ਸਦੀਕ ਜਨਮ ਤੋਂ ਮੁਸਲਮਾਨ ਹਨ ਅਤੇ ਉਨ੍ਹਾਂ ਨੇ 2006 'ਚ ਸਿੱਖ ਧਰਮ ਅਪਣਾਇਆ ਸੀ, ਜਿਸ ਦੇ ਆਧਾਰ ਉੱਤੇ ਉਨ੍ਹਾਂ ਦਾ ਅਨੁਸੂਚਿਤ ਜਾਤ ਦਾ ਸਰਟੀਫਿਕੇਟ ਬਣਿਆ ਸੀ।

## ਗੰਭੀਰ ਬਿਮਾਰੀ ਤੋਂ ਪੀੜਤ ਬੱਚੀ ਅਨਮੋਲ ਬੇਰੀ ਇੱਕ ਦਿਨ ਲਈ ਫਿਰੋਜ਼ਪੁਰ ਦੀ ਡੀ ਸੀ ਬਣੀ

ਫਿਰੋਜ਼ਪੁਰ, 15 ਸਤੰਬਰ (ਪੋਸਟ ਬਿਊਰੋ)- ਲੋਕੋਮਟਰ ਨਾਂਅ ਦੇ ਗੰਭੀਰ ਰੋਗ ਤੋਂ ਪੀੜਤ 15 ਸਾਲਾਂ ਦੀ ਦਸਵੀਂ ਕਲਾਸ ਦੀ ਟੌਪਰ ਵਿਦਿਆਰਥਣ ਅਨਮੋਲ ਬੇਰੀ ਦੀ ਡਿਪਟੀ ਕਮਿਸ਼ਨਰ ਬਣਨ ਦੀ ਇੱਛਾ ਪੂਰੀ ਹੋ ਗਈ, ਜਦੋਂ ਸਥਾਨਕ ਡਿਪਟੀ ਕਮਿਸ਼ਨਰ ਚੰਦਰ ਗੈਂਦ ਨੇ ਇਸ ਵਿਸ਼ੇਸ਼ ਬੱਚੀ ਨੂੰ ਇੱਕ ਦਿਨ ਦਾ ਡੀ ਸੀ ਹੋਣ ਦਾ ਅਹਿਸਾਸ ਕਰਾਇਆ।

ਕੀਤੇ ਗਏ ਵਾਅਦੇ ਮੁਤਾਬਕ ਚੰਦਰ ਗੈਂਦ ਇੱਕ ਦਿਨ ਲਈ ਡਿਪਟੀ ਕਮਿਸ਼ਨਰ ਬਣੀ ਅਨਮੋਲ ਨੂੰ ਲੈਣ ਲਈ ਖੁਦ ਉਸ ਦੇ ਘਰ ਪੁੱਜੇ ਅਤੇ ਆਪਣੀ ਸਰਕਾਰੀ ਗੱਡੀ ਵਿੱਚ ਬਿਠਾ ਕੇ ਉਸ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਲੈ ਕੇ ਆਏ। ਇਥੇ ਬੱਚੀ ਦਾ ਰੈਡ ਕਾਰਪੈਟ ਨਾਲ ਸਵਾਗਤ ਕੀਤਾ ਗਿਆ। ਡਿਪਟੀ ਕਮਿਸ਼ਨਰ ਨੇ ਅਨਮੋਲ ਨੂੰ ਫਿਰੋਜ਼ਪੁਰ ਜ਼ਿਲ੍ਹੇ ਲਈ 'ਬੇਟੀ ਬਚਾਓ, ਬੇਟੀ ਪੜ੍ਹਾਓ' ਮੁਹਿੰਮ ਦਾ ਬਰਾਂਡ



ਅੰਬੈਸਡਰ ਨਿਯੁਕਤ ਕਰਨ ਦਾ ਐਲਾਨ ਕੀਤਾ। ਉਨ੍ਹਾਂ ਦੱਸਿਆ ਕਿ ਅਨਮੋਲ ਇੱਕ ਗੰਭੀਰ ਰੋਗ ਤੋਂ ਪੀੜਤ ਹੋਣ ਕਾਰਨ ਉਸ ਦੇ ਸਰੀਰਕ ਵਿਕਾਸ ਰੁਕ ਗਿਆ ਹੈ। 15 ਸਾਲਾਂ ਦੀ ਅਨਮੋਲ ਦੀ ਲੰਬਾਈ ਅਜੇ ਦੋ ਫੁੱਟ ਅੱਠ ਇੰਚ ਹੈ, ਪਰ ਪੜ੍ਹਾਈ ਵਿੱਚ ਉਸ ਦਾ ਕੋਈ ਮੁਕਾਬਲਾ ਨਹੀਂ।

ਅਨਮੋਲ ਨੂੰ ਡਿਪਟੀ ਕਮਿਸ਼ਨਰ ਦੀ ਕੁਰਸੀ ਦੇ ਨਾਲ ਕੁਰਸੀ 'ਤੇ ਬਿਠਾਇਆ ਗਿਆ। ਇਸ ਦੌਰਾਨ ਅਨਮੋਲ ਬੇਰੀ ਨੇ ਸੁਝਾਅ ਦਿੱਤੇ ਕਿ ਸਭ ਤੋਂ ਪਹਿਲਾਂ ਸ਼ਹਿਰ ਦੀਆਂ ਟੁੱਟੀਆਂ ਸੜਕਾਂ ਦਾ ਕੰਮ ਹੋਣਾ ਚਾਹੀਦਾ ਹੈ। ਫਿਰ ਉਸ ਨੇ ਸਿਵਲ ਹਸਪਤਾਲ ਦਾ ਦੌਰਾ ਕੀਤਾ ਅਤੇ ਮਾਡਰਨ ਐਮਰਜੈਂਸੀ ਵਾਰਡ ਦਾ ਉਦਘਾਟਨ ਕੀਤਾ।

## ਹਾਈ ਕਮਾਂਡ ਨੇ ਸੁਨੀਲ ਜਾਖੜ ਦਾ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਤੋਂ ਅਸਤੀਫਾ ਰੱਦ ਕੀਤਾ

### * ਜਾਖੜ ਨੇ ਸਰਗਰਮੀ ਫਿਰ ਸ਼ੁਰੂ ਕੀਤੀ

ਚੰਡੀਗੜ੍ਹ, 15 ਸਤੰਬਰ, (ਪੋਸਟ ਬਿਊਰੋ)-ਪੰਜਾਬ ਦੀ ਕਾਂਗਰਸ ਦੇ ਸਾਬਕਾ ਪ੍ਰਧਾਨ ਵਜੋਂ ਸੁਨੀਲ ਜਾਖੜ ਦਾ ਅਸਤੀਫਾ ਇਸ ਪਾਰਟੀ ਦੀ ਹਾਈ ਕਮਾਂਡ ਨੇ ਰੱਦ ਕਰ ਦਿੱਤਾ ਹੈ। ਪੰਜਾਬ ਦੇ ਕਾਂਗਰਸ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮਾਰੀ ਨੇ ਇਸ ਬਾਰੇ ਸੁਨੀਲ ਜਾਖੜ ਨੂੰ ਭੇਜੇ ਪੱਤਰ ਵਿਚ ਸਾਫ ਕਿਹਾ ਹੈ ਕਿ ਪਾਰਟੀ ਲਈਉਨ੍ਹਾਂ ਦੀਆਂ ਸੇਵਾਵਾਂ ਦੇਖਦੇ ਹੋਏ ਇਹ ਅਹੁਦਾ ਉਨ੍ਹਾਂ ਕੋਲ ਹੀ ਜਾਰੀ ਰੱਖਿਆ ਜਾਵੇਗਾ।

ਵਰਨਣ ਯੋਗ ਹੈ ਕਿ ਗੁਰਦਾਸਪੁਰ ਲੋਕ ਸਭਾ ਹਲਕੇ ਤੋਂ ਫਿਲਮ ਸਟਾਰ ਸੰਨੀ ਦਿਓਲ ਤੋਂ ਚੋਣ ਹਾਰ ਜਾਣ ਮਗਰੋਂ ਸੁਨੀਲ ਜਾਖੜ ਨੇ 23 ਮਈ ਨੂੰ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਪੰਜਾਬ ਕਾਂਗਰਸ ਦੀਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ ਸੀ। ਜਾਣਕਾਰ ਸੂਤਰਾਂ ਮੁਤਾਬਕ ਪਾਰਟੀ ਹਾਈ ਕਮਾਂਡ ਨੇ ਇਹ ਫੈਸਲਾ ਪੰਜਾਬ ਵਿੱਚ ਹੋ ਰਹੀਆਂ ਉਪ ਚੋਣਾਂ ਦੇ ਕਾਰਨਲਿਆ ਹੈ। ਸਮਝਿਆ ਜਾਂਦਾ ਹੈ ਕਿ ਹਰਿਆਣਾ ਵਿਧਾਨ ਸਭਾ ਦੀਆਂ ਆਮ ਚੋਣਾਂ ਦੇ ਨਾਲ ਪੰਜਾਬ ਦੇ ਚਾਰਵਿਧਾਨ ਸਭਾ ਹਲਕਿਆਂ ਜਲਾਲਾ-ਬਾਦ, ਦਾਖਾ, ਫਗਵਾੜਾ ਤੇ ਮੁਕੇਰੀਆਂ ਵਿੱਚਵੀ ਅਕਤੂਬਰ ਵਿਚ ਵੀ ਉਪ ਚੋਣਾਂ ਹੋਣ ਦਾ ਸਬੱਬ ਬਣ ਸਕਦਾ ਹੈ।



ਪਾਰਟੀ ਇਹ ਸਮਝਦੀ ਹੈ ਕਿ ਪਾਰਲੀਮੈਂਟ ਚੋਣਾਂ ਦੇ ਬਾਅਦ ਸਮੀਕਰਣ ਬਦਲ ਗਏਹਨ ਤੇਨਵੇਂ ਹਾਲਾਤ ਵਿਚ ਪਾਰਟੀ ਕਿਸੇ ਤਰ੍ਹਾਂ ਦਾ ਬਦਲਾਓ ਕਰਨ ਦਾ ਇਰਾਦਾ ਨਾ ਹੋਣ ਕਰਕੇ ਪਾਰਟੀ ਹਾਈ ਕਮਾਂਡ ਨੇ ਸੁਨੀਲ ਜਾਖੜ ਦੀਆਂ ਸੇਵਾਵਾਂ ਨੂੰ ਜਾਰੀ ਰੱਖਣ ਲਈ ਉਨ੍ਹਾਂ ਦਾ ਅਸਤੀਫ਼ਾ ਰੱਦ ਕਰ ਦਿੱਤਾ ਹੈ।

ਤਾਜ਼ਾ ਖਬਰ ਹੈ ਕਿ ਹਾਈ ਕਮਾਨ ਵੱਲੋਂ ਅਸਤੀਫ਼ਾ ਰੱਦ ਕਰਨ ਪਿੱਛੋਂ ਸੁਨੀਲ ਜਾਖੜ ਨੇ ਪਾਰਟੀ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਅਤੇ 17 ਸਤੰਬਰ ਨੂੰ ਪਾਰਟੀ ਦੇ ਚੁਣੇ ਹੋਏ ਮੈਂਬਰ ਪਾਰਲੀਮੈਂਟ, ਵਿਧਾਇਕਾਂ, ਮੀਤ ਪ੍ਰਧਾਨਾਂ, ਜਨਰਲ ਸਕੱਤਰਾਂ ਅਤੇ ਜ਼ਿਲ੍ਹਾ ਪ੍ਰਧਾਨਾਂ ਦੀ ਮੀਟਿੰਗ ਸੱਦ ਲਈ ਹੈ। ਸੁਨੀਲ ਜਾਖੜ ਦੇ ਅਸਤੀਫ਼ੇ ਨਾਲਪੰਜਾਬ ਦੀ ਕਾਂਗਰਸ ਦੀਆਂ ਗਤੀਵਿਧੀਆਂ ਠੱਪ ਹੋ ਗਈਆਂ ਸਨ ਅਤੇ ਕਈਮਾਮਲਿਆਂ ਉੱਤੇ ਕਾਂਗਰਸ ਦੀਆਂ ਵਿਰੋਧੀ ਧਿਰਾਂ ਦੇ ਆਗੂਆਂ ਨੇ ਸਰਕਾਰ ਉੱਤੇ ਹਮਲਾਵਰ ਰੁਖ਼ ਬਣਾਈ ਰੱਖਿਆ ਸੀ।



# ਪਾਕਿ ਫੌਜ ਨੇ ਲਾਸ਼ਾਂ ਲੈਣ ਲਈ ਚਿੱਟਾ ਝੰਡਾ ਲਹਿਰਾਇਆ

## * ਬਾਕੀ ਲਾਸ਼ਾਂ ਚੁੱਕ ਕੇ ਕਸ਼ਮੀਰੀ ਜਵਾਨਾਂ ਦੀਆਂ ਲਾਸ਼ਾਂ ਛੱਡ ਗਏ



ਸ੍ਰੀਨਗਰ, 15 ਸਤੰਬਰ (ਪੋਸਟ ਬਿਊਰੋ)- ਇਸ ਵਕਤ ਜਦੋਂ ਪਾਕਿਸਤਾਨ ਕਸ਼ਮੀਰੀਆਂ ਦਾ ਹਮਦਰਦ ਹੋਣ ਦਾ ਦਾਅਵਾ ਕਰ ਰਿਹਾ ਹੈ, ਓਦੋਂ ਵੀ ਹਾਲਾਤ ਦੱਸਦੇ ਹਨ ਕਿ ਉਹ ਕਸ਼ਮੀਰੀਆਂ ਨੂੰ ਦੂਜੇ ਦਰਜੇ ਦਾ ਨਾਗਰਿਕ ਮੰਨਦਾ ਹੈ।

ਪਾਕਿਸਤਾਨ ਦੀ ਇਸ ਮਾਨਸਿਕਤਾ ਦੀ ਪੁਸ਼ਟੀ ਉੱਤਰੀ ਕਸ਼ਮੀਰ ਵਿੱਚ ਕੰਟਰੋਲ ਰੇਖਾ ਉੱਤੇ ਮਾਰੇ ਗਏ ਪਾਕਿ ਫੌਜ ਦੇ ਜਵਾਨਾਂ ਦੀਆਂ ਲਾਸ਼ਾਂ ਨਾਲ ਕੀਤੇ ਗਏ ਦੋਹਰੇ ਵਿਹਾਰ ਤੋਂ ਹੋਈ ਹੈ। ਜੰਮੂ-ਕਸ਼ਮੀਰ ਦੇ ਗੁਲਮਰਗ ਸਬ ਸੈਕਟਰ ਸਾਹਮਣੇ ਹਾਜੀਪੀਰ ਵਿੱਚ ਭਾਰਤੀ ਫੌਜ ਦੀ ਜਵਾਬੀ ਕਾਰਵਾਈ ਵਿੱਚ ਮਾਰੇ ਗਏ ਦੋ ਪਾਕਿਸਤਾਨੀ ਫੌਜੀਆਂ ਦੀਆਂ ਲਾਸ਼ਾਂ ਪਾਕਿਸਤਾਨੀ ਫੌਜ ਨੇ ਚਿੱਟਾ ਝੰਡਾ ਵਿਖਾ ਕੇ ਚੁੱਕ ਲਈਆਂ ਹਨ, ਪਰ ਕੇਰਨ ਸੈਕਟਰ ਵਿੱਚ ਡੇਢ ਮਹੀਨੇ ਤੋਂ ਪਈਆਂ ਸੱਤ ਲਾਸ਼ਾਂ ਨੂੰ ਅੱਜ ਤੱਕ ਨਹੀਂ ਚੁੱਕਿਆ ਗਿਆ। ਇਸ ਦਾ ਇੱਕੋ ਕਾਰਨ ਇਹ ਹੈ ਕਿ ਹਾਜੀਪੀਰ ਵਿੱਚ ਮਾਰੇ ਗਏ ਫੌਜੀ ਪੰਜਾਬੀ ਮੁਸਲਮਾਨ ਹਨ ਅਤੇ ਕੇਰਨ ਵਿੱਚ ਮਾਰੇ ਗਏ ਫੌਜੀ ਨਾਰਦਰਨ ਲਾਈਟ ਇਨਫੈਂਟਰੀ (ਐੱਨ ਐੱਲ ਆਈ) ਨਾਲ ਸੰਬੰਧਤ ਹਨ, ਜਿਹੜੀ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਅਤੇ ਗਿਲਗਿਤ-ਬਾਲਟਿਸਤਾਨ ਦੇ ਨਾਗਰਿਕਾਂ ਦੀ ਭਰਤੀ ਕਰਨ ਨਾਲ ਬਣਾਈ ਗਈ ਹੈ। ਇਸ ਸੰਬੰਧ ਵਿੱਚ ਫੌਜੀ ਸੂਤਰਾਂ ਮੁਤਾਬਕ ਫਾਇਰਿੰਗ ਵਿੱਚ ਪਾਕਿਸਤਾਨ ਦੀ ਫੌਜ ਦਾ ਸਿਪਾਹੀ ਗੁਲਾਮ ਰਸੂਲ ਮਾਰਿਆ ਗਿਆ, ਜਿਹੜਾ ਪੰਜਾਬ ਸੂਬੇ ਦੇ ਬਹਾਲਵਪੁਰ ਦਾ ਵਸਨੀਕ ਸੀ। ਉਸ ਦੀ ਲਾਸ਼ ਚੁੱਕਣ ਦੀ ਕੋਸ਼ਿਸ਼ ਕਰ ਰਿਹਾ ਇੱਕ ਹੋਰ ਪਾਕਿਸਤਾਨੀ ਫੌਜੀ ਵੀ ਮਾਰਿਆ ਗਿਆ। ਉਹ ਵੀ ਪੰਜਾਬੀ ਸੀ। ਭਾਰਤੀ ਫੌਜ ਦੀ ਫਾਇਰਿੰਗ ਰੇਂਜ ਵਿੱਚ ਹੋਣ ਕਾਰਨ ਪਾਕਿਸਤਾਨੀ ਫੌਜ ਇਨ੍ਹਾਂ ਦੀਆਂ ਲਾਸ਼ਾਂ ਨਹੀਂ ਸੀ ਚੁੱਕ ਸਕਦੀ। ਸ਼ੁੱਕਰਵਾਰ ਨੂੰ ਪਾਕਿਸਤਾਨੀ ਫੌਜ ਨੇ ਭਾਰਤੀ ਟਿਕਾਣਿਆਂ ਵੱਲ ਸੰਕੇਤ ਕਰਦੇ ਹੋਏ ਚਿੱਟਾ ਝੰਡਾ ਲਹਿਰਾਇਆ, ਜਿਸ ਦਾ ਮਤਲਬ ਇੱਕ ਤਰ੍ਹਾਂ ਹਥਿਆਰ ਸੁੱਟਣਾ ਹੁੰਦਾ ਹੈ। ਇਸ ਦੇ ਪਹਿਲਾਂ ਪਾਕਿਸਤਾਨੀ ਫੌਜ ਨੇ ਅੱਠ ਸਤੰਬਰ ਰਾਤ ਉੱਤਰੀ ਕਸ਼ਮੀਰ ਦੇ ਉੜੀ ਸੈਕਟਰ ਵਿੱਚ ਭਾਰਤੀ ਫੌਜ ਦੇ ਟਿਕਾਣਿਆਂ 'ਤੇ ਗੋਲੀਬਾਰੀ ਕੀਤੀ ਸੀ, ਜਿਸ ਵਿੱਚ ਇੱਕ ਜਵਾਨ ਅਤੇ ਇੱਕ ਸਥਾਨਕ ਨਾਗਰਿਕ ਜ਼ਖਮੀ ਹੋਇਆ ਸੀ। ਭਾਰਤੀ ਫੌਜ ਨੇ ਵੀ ਜਵਾਬੀ ਕਾਰਵਾਈ ਕੀਤੀ ਤਾਂ ਉੜੀ ਸੈਕਟਰ ਦੇ ਹਾਜੀਪੀਰ ਦੱਰੇ 'ਚ ਪਾਕਿਸਤਾਨੀ ਚੌਕੀਆਂ ਤੋਂ ਫਿਰ ਭਾਰਤ ਵੱਲ ਨੂੰ ਗੋਲਾਬਾਰੀ ਹੋਈ। ਇਸ ਦੌਰਾਨ ਪਾਕਿਸਤਾਨੀ ਫੌਜ ਦੇ ਇੱਕ ਦਸਤੇ ਨੇ ਅੱਗੇ ਵਧਣ ਦੀ ਕੋਸ਼ਿਸ਼ ਕੀਤੀ। ਭਾਰਤੀ ਜਵਾਨਾਂ ਨੇ ਜਵਾਬੀ ਕਾਰਵਾਈ ਕਰਦੇ ਹੋਏ ਪਾਕਿ ਫੌਜ ਦੀ ਨਿਗਰਾਨੀ ਚੌਕੀ ਨੂੰ ਉਡਾ ਦਿੱਤਾ ਤੇ ਉਸ ਦੇ ਦੋ ਫੌਜੀ ਮਾਰੇ ਸਨ। ਹੈਰਾਨ ਕਰਨ ਵਾਲੀ ਗੱਲ ਇਹ ਸੀ ਕਿ ਪਾਕਿ ਫੌਜ ਨੇ ਪੰਜਾਬੀ ਫੌਜੀਆਂ ਦੀਆਂ ਲਾਸ਼ਾਂ ਚਿੱਟਾ ਝੰਡਾ ਵਿਖਾ ਕੇ ਚੁੱਕ ਲਈਆਂ, ਪਰ ਇਸ ਤੋਂ ਪਹਿਲਾਂ ਦੇ ਮਾਰੇ ਹੋਏ ਕਸ਼ਮੀਰੀ ਮੂਲ ਵਾਲੇ ਪਾਕਿਸਤਾਨੀ ਫੌਜੀਆਂ ਦੀਆਂ ਲਾਸ਼ਾਂ ਅਜੇ ਤੱਕ ਨਹੀਂ ਚੁੱਕੀਆਂ।

# ਮੱਧ ਪ੍ਰਦੇਸ਼ ਵਿੱਚ ਡੱਡੂ ਅਤੇ ਡੱਡੀ ਦਾ ਪਹਿਲਾਂ ਵਿਆਹ ਅਤੇ ਫਿਰ ਤਲਾਕ ਕਰਵਾਇਆ ਗਿਆ

ਭੋਪਾਲ, 15 ਸਤੰਬਰ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਵਿੱਚ ਮੀਂਹ ਦੀ ਮੰਨਤ ਲਈ ਕਰੀਬ ਦੋ ਮਹੀਨੇ ਪਹਿਲਾਂ ਇਸ ਰਾਜ ਦੀ ਰਾਜਧਾਨੀ ਭੋਪਾਲ ਵਿੱਚ ਮਿੱਟੀ ਨਾਲ ਬਣਾਏ ਡੱਡੂ ਅਤੇ ਡੱਡੀ ਦਾ ਵਿਆਹ ਕਰਵਾਇਆ ਗਿਆ ਸੀ, ਪਰ ਬਹੁਤ ਸਾਰੇ ਇਲਾਕਿਆਂ ਵਿੱਚ ਪੈ ਰਹੇ ਭਾਰੀ ਮੀਂਹ ਤੋਂ ਪਰੇਸ਼ਾਨ ਹੋ ਕੇ ਦੋਵਾਂ ਦਾ ਤਲਾਕ ਕਰਵਾਇਆ ਗਿਆ ਹੈ।



ਇੰਦਰਪੁਰੀ ਇਲਾਕੇ ਵਿੱਚ ਓਮ ਸ਼ਿਵ ਸ਼ਕਤੀ ਮੰਡਲ ਦੇ ਮੈਂਬਰਾਂ ਨੇ ਡੱਡੂ ਅਤੇ ਡੱਡੀ ਦਾ ਵਿਆਹ ਕਰਵਾਇਆ ਸੀ ਤੇ ਕੱਲ੍ਹ ਤਲਾਕ ਵੀ ਉਨ੍ਹਾਂ ਨੇ ਹੀ ਕਰਵਾਇਆ ਹੈ। ਇਸ ਬਾਰੇ ਓਮ ਸ਼ਿਵ ਸ਼ਕਤੀ ਮੰਡਲ ਦੇ ਆਗੂ ਸੁਰੇਸ਼ ਅਗਰਵਾਲ ਨੇ ਦੱਸਿਆ ਕਿ ਇਸ ਰਾਜ ਵਿੱਚ ਭਾਰੀ ਬਰਸਾਤ ਲਈ ਇਸ ਵਰ੍ਹੇ ਜੁਲਾਈ ਵਿੱਚ ਮਿੱਟੀ ਦਾ ਡੱਡੂ ਤੇ ਡੱਡੀ ਬਣਾ ਕੇ ਉਨ੍ਹਾਂ ਦਾ ਵਿਆਹ ਏਥੋਂ ਦੇ ਮਹਾਦੇਵ ਮੰਦਰ ਵਿੱਚ ਕਰਵਾਇਆ ਗਿਆ ਸੀ। ਇਸ ਤੋਂ ਬਾਅਦ ਸੂਬੇ ਵਿੱਚ ਭਾਰੀ ਬਰਸਾਤ ਹੋ ਰਹੀ ਹੈ ਅਤੇ ਲੋਕ ਇਸ ਤੋਂ ਪ੍ਰੇਸ਼ਾਨ ਹੋ ਗਏ ਹਨ। ਉਨ੍ਹਾਂ ਕਿਹਾ ਕਿ ਕੁਝ ਲੋਕਾਂ ਨੇ ਮੀਂਹ ਨੂੰ ਰੋਕਣ ਲਈ ਉਨ੍ਹਾਂ ਦਾ ਤਲਾਕ ਕਰਾਉਣ ਦੀ ਸਲਾਹ ਦਿੱਤੀ ਤਾਂ ਇਸੇ ਮੰਦਰ ਵਿੱਚ ਦੋਵਾਂ ਦਾ ਤਲਾਕ ਕਰਵਾ ਕੇ ਪਾਣੀ ਵਿੱਚ ਵਿਸਰਜਨ ਕੀਤਾ ਗਿਆ ਹੈ।

# ਚਾਰ ਬੱਚਿਆਂ ਦੀ ਮਾਂ ਦੀ ਨਸਬੰਦੀ ਫੇਲ, ਪੰਜਵਾਂ ਬੱਚਾ ਹੋ ਗਿਆ

ਵਾਰਾਣਸੀ, 15 ਸਤੰਬਰ (ਪੋਸਟ ਬਿਊਰੋ)- ਬਲੀਆ ਜ਼ਿਲ੍ਹੇ ਦੇ ਚਿੜਬੜਾਗਾਓਂ ਥਾਣਾ ਖੇਤਰ ਦੇ ਉਸਰੌਲੀ ਪਿੰਡ ਦੀ ਰਹਿਣ ਵਾਲੀ ਚਾਰ ਬੱਚਿਆਂ ਦੀ ਮਾਂ ਵਿਭਾ ਨੇ ਸਰਕਾਰ ਦੇ 'ਛੋਟਾ ਪਰਵਾਰ ਸੁਖੀ ਪਰਵਾਰ' ਦੇ ਨਾਅਰੇ ਨੂੰ ਧਿਆਨ ਵਿੱਚ ਰੱਖ ਕੇ ਇਸ ਸਾਲ ਮਾਰਚ ਵਿੱਚ ਨਸਬੰਦੀ ਕਰਵਾਈ ਸੀ। ਆਪਰੇਸ਼ਨ ਦੇ ਦੋ ਮਹੀਨਿਆਂ ਬਾਅਦ ਉਸ ਨੂੰ ਪਤਾ ਲੱਗਾ ਕਿ ਉਹ ਦੁਬਾਰਾ ਗਰਭਵਤੀ ਹੋ ਗਈ ਹੈ। ਇਸ ਦੇ ਬਾਅਦ ਪੰਜਵਾਂ ਬੱਚਾ ਹੋ ਗਿਆ ਹੈ। ਮਜ਼ਦੂਰੀ ਕਰ ਕੇ ਪਰਵਾਰ ਦਾ ਖਰਚਾ ਚਲਾਉਣ ਵਾਲੇ ਅੱਛੇ ਲਾਲ ਦੀ ਪਤਨੀ ਵਿਭਾ ਇਸ ਵੇਲੇ ਚਾਰ ਮਹੀਨਿਆਂ ਦੀ ਗਰਭਵਤੀ ਹੈ। ਨਸਬੰਦੀ ਫੇਲ ਹੋਣ ਉੱਤੇ ਵਿਭਾ ਦੇ ਪਤੀ ਅੱਛੇ ਲਾਲ ਨੇ ਕਿਹਾ ਕਿ ਡਾਕਟਰਾਂ ਦੀ ਲਾਪਰਵਾਹੀ ਦਾ ਇਹ ਸਿੱਟਾ ਹੈ। ਉਸ ਦੇ ਪਹਿਲਾਂ ਹੀ ਚਾਰ ਬੱਚੇ ਹਨ, ਗਰੀਬੀ ਕਾਰਨ ਉਹ ਪੰਜਵੇਂ ਬੱਚੇ ਦਾ ਪਾਲਣ-ਪੋਸ਼ਣ ਨਹੀਂ ਕਰ ਸਕਦਾ। ਅੱਛੇ ਲਾਲ ਨੇ ਕਿਹਾ ਕਿ ਉਹ ਜਦੋਂ ਪਤਨੀ ਦੀ ਨਸਬੰਦੀ ਕਰਨ ਵਾਲੇ ਡਾਕਟਰ ਨੂੰ ਸ਼ਿਕਾਇਤ ਕਰਨ ਗਿਆ ਤਾਂ ਡਾਕਟਰ ਨੇ ਕਿਹਾ ਕਿ ਬੱਚੇ ਦੇ ਜਨਮ ਪਿੱਛੋਂ ਉਹ ਦੁਬਾਰਾ ਨਸਬੰਦੀ ਕਰ ਦੇਣਗੇ। ਵਿਭਾ ਨੇ ਗੁੱਸੇ ਵਿੱਚ ਕਿਹਾ ਕਿ ਜਿਹੜਾ ਪੰਜਵਾਂ ਬੱਚਾ ਹੋਵੇਗਾ, ਉਸ ਨੂੰ ਉਹ ਆਪਣੇ ਕੋਲ ਨਹੀਂ ਰੱਖੇਗੀ, ਬੱਚਾ ਅਸੀਂ ਸਰਕਾਰ ਨੂੰ ਸੌਗਾਤ ਵਿੱਚ ਦਿਆਂਗੇ।

# ਐਂਬੂਲੈਂਸ ਵਿੱਚ ਆਕਸੀਜਨ ਮੁੱਕਣ ਨਾਲ ਸਵਾ ਮਹੀਨੇ ਦੇ ਬੱਚੇ ਦੀ ਮੌਤ

ਕੈਥਲ, 15 ਸਤੰਬਰ (ਪੋਸਟ ਬਿਊਰੋ)- ਹਰਿਆਣਾ ਦੇ ਇਸ ਸ਼ਹਿਰ ਦੇ ਇੱਕ ਹਸਪਤਾਲ ਵਿੱਚ ਦਾਖਲ ਸਵਾ ਮਹੀਨੇ ਦੇ ਬੱਚੇ ਦੀ ਸਿਹਤ ਵਿਗੜਨ ਪਿੱਛੋਂ ਡਾਕਟਰਾਂ ਨੇ ਪੀ ਜੀ ਆਈ ਚੰਡੀਗੜ੍ਹ ਰੈਫਰ ਕਰ ਦਿੱਤਾ। ਪਰਵਾਰ ਵਾਲੇ ਉਸ ਨੂੰ ਨਿੱਜੀ ਐਂਬੂਲੈਂਸ ਵਿੱਚ ਲੈ ਕੇ ਚੰਡੀਗੜ੍ਹ ਰਵਾਨਾ ਹੋ ਗਿਆ। ਰਸਤੇ ਵਿੱਚ ਐਂਬੂਲੈਂਸ ਵਿੱਚ ਲੱਗੇ ਸਿਲੰਡਰ ਦੀ ਆਕਸੀਜਨ ਖਤਮ ਹੋ ਗਈ ਅਤੇ ਸਮੇਂ ਸਿਰ ਦੂਸਰੇ ਸਿਲੰਡਰ ਦਾ ਪ੍ਰਬੰਧ ਨਾ ਹੋਣ ਕਾਰਨ ਬੱਚੇ ਦੀ ਮੌਤ ਹੋ ਗਈ। ਪਰਵਾਰ ਨੇ ਵਾਪਸ ਆ ਕੇ ਸਿਵਲ ਲਾਈਨ ਥਾਣਾ ਵਿੱਚ ਘਟਨਾ ਦੀ ਸ਼ਿਕਾਇਤ ਦਿੱਤੀ ਅਤੇ ਐਂਬੂਲੈਂਸ ਦੇ ਚਾਲਕ ਤੇ ਇਸ ਦੇ ਮਾਲਕ ਦੇ ਖਿਲਾਫ ਕੇਸ ਦਰਜ ਕਰਵਾ ਕੇ ਕਾਰਵਾਈ ਦੀ ਮੰਗ ਕੀਤੀ ਹੈ।

ਬ੍ਰਾਹਮਣੀਵਾਲ ਪਿੰਡ ਦੇ ਸਾਹਿਲ ਨੇ ਦੱਸਿਆ ਕਿ ਪਤਨੀ ਊਸ਼ਾ ਨੇ ਸਵਾ ਮਹੀਨੇ ਪਹਿਲਾ ਬੇਟੇ ਨੂੰ ਜਨਮ ਦਿੱਤਾ ਸੀ। ਚਾਰ-ਪੰਜ ਦਿਨ ਬਾਅਦ ਪਤਨੀ ਨੂੰ ਬੁਖਾਰ ਹੋ ਗਿਆ ਤਾਂ ਮਾਂ ਦਾ ਦੁੱਧ ਪੀਣ ਨਾਲ ਬੱਚੇ ਦੀ ਵੀ ਤਬੀਅਤ ਵਿਗੜਨ ਲੱਗੀ। ਉਸ ਨੂੰ ਜੀਵਨ ਜੋਤੀ ਹਸਪਤਾਲ ਲੈ ਕੇ ਗਏ ਅਤੇ ਦੋ ਦਿਨ ਇਲਾਜ ਪਿੱਛੋਂ ਸੁਧਾਰ ਹੋਣ 'ਤੇ ਘਰ ਲੈ ਗਏ, ਪ੍ਰੰਤੂ ਅਗਲੇ ਦਿਨ ਫਿਰ ਸਿਹਤ ਵਿਗੜ ਗਈ। ਉਹ ਦਿੱਲੀ ਹਸਪਤਾਲ ਵਿੱਚ ਲੈ ਗਏ, ਜਿੱਥੇ ਡਾਕਟਰਾਂ ਨੇ ਪੀ ਜੀ ਆਈ ਚੰਡੀਗੜ੍ਹ ਨੂੰ ਰੈਫਰ ਕਰ ਦਿੱਤਾ। ਉਹ ਇੱਕ ਨਿੱਜੀ ਐਂਬੂਲੈਂਸ 2800 ਰੁਪਏ ਵਿੱਚ ਕਿਰਾਏ ਉਤੇ ਲੈ ਕੇ ਜਦੋਂ ਪੀ ਜੀ ਆਈ ਨੂੰ ਚੱਲੇ ਤਾਂ ਨਾਗਲ ਦੇ ਨੇੜੇ ਸਿਲੰਡਰ ਵਿੱਚ ਆਕਸੀਜਨ ਮੁੱਕ ਗਈ। ਪਰਵਾਰ ਨੇ ਐਂਬੂਲੈਂਸ ਵਿੱਚ ਰੱਖੇ ਦੂਸਰੇ ਸਿਲੰਡਰ ਲਾਉਣ ਦੇ ਲਈ ਕਿਹਾ ਤਾਂ ਚਾਲਕ ਨੇ ਦੱਸਿਆ ਕਿ ਉਹ ਖਾਲੀ ਹੈ। ਆਕਸੀਜਨ ਨਾ ਮਿਲਣ ਕਾਰਨ ਬੱਚੇ ਦੀ ਮੌਤ ਹੋ ਗਈ। ਉਹ ਲਾਸ਼ ਐਂਬੂਲੈਂਸ ਵਿੱਚ ਲੈ ਕੇ ਸਿਵਲ ਹਸਪਤਾਲ ਪਹੁੰਚੇ ਤਾਂ ਐਂਬੂਲੈਂਸ ਚਾਲਕ ਫਰਾਰ ਹੋ ਗਿਆ।

# ਕੋਲਕਾਤਾ ਏਅਰਪੋਰਟ ਉੱਤੇ ਜਹਾਜ਼ ਉੱਤੇ ਸ਼ਹਿਦ ਦੀਆਂ ਮੱਖੀਆਂ ਦਾ ਹਮਲਾ

## * ਦੋ ਘੰਟੇ ਦੇਰੀ ਨਾਲ ਫਲਾਈਟ ਉੱਡ ਸਕੀ



ਕੋਲਕਾਤਾ, 15 ਸਤੰਬਰ (ਪੋਸਟ ਬਿਊਰੋ)- ਪੱਛਮੀ ਬੰਗਾਲ ਵਿੱਚ ਕੋਲਕਾਤਾ ਦੇ ਨੇਤਾਜੀ ਸੁਭਾਸ ਚੰਦਰ ਬੋਸ ਕੌਮਾਂਤਰੀ ਹਵਾਈ ਅੱਡੇ ਉੱਤੇ ਐਤਵਾਰ ਸਵੇਰੇ ਏਅਰ ਇੰਡੀਆ ਦੇ ਇਕ ਜਹਾਜ਼ ਉੱਤੇ ਸ਼ਹਿਦ ਦੀਆਂ ਮੱਖੀਆਂ ਦੇ ਝੁੰਡ ਨੇ ਹਮਲਾ ਕਰ ਦਿੱਤਾ। ਇਸ ਜਹਾਜ਼ ਵਿੱਚ ਬੰਗਲਾ ਦੇਸ਼ ਦੇ ਆਈ ਟੀ ਮੰਤਰੀ ਹਸਨ ਮਹਿਮੂਦ ਅਤੇ ਬੰਗਲਾ ਦੇਸ਼ ਹਾਈ ਕਮਿਸ਼ਨ ਦੇ ਕਈ ਸੀਨੀਅਰ ਅਧਿਕਾਰੀ ਵੀ ਸਨ। ਬਾਅਦ ਵਿੱਚ ਫਾਇਰ ਬ੍ਰਿਗੇਡ ਮੁਲਾਜ਼ਮਾਂ ਦੀ ਮਦਦ ਨਾਲ ਮੱਖੀਆਂ ਨੂੰ ਹਟਾਇਆ ਗਿਆ ਅਤੇ ਦੋ ਘੰਟੇ ਤੋਂ ਵੱਧ ਦੇਰੀ ਨਾਲ ਜਹਾਜ਼ ਆਪਣੀ ਮੰਜ਼ਿਲ ਵੱਲ ਉਡਾਣ ਭਰ ਸਕਿਆ।

ਅੱਜ ਐਤਵਾਰ ਸਵੇਰੇ ਏਅਰ ਇੰਡੀਆ ਦਾ ਜਹਾਜ਼ ਤ੍ਰਿਪੁਰਾ ਦੀ ਰਾਜਧਾਨੀ ਅਗਰਤਲਾ ਦੀ ਉਡਾਣ ਲਈ ਤਿਆਰ ਸੀ ਤੇ ਪਾਇਲਟ ਜਹਾਜ਼ ਨੂੰ ਟੈਕਸੀ ਵੇਅ ਤੋਂ ਰਨਵੇਅ ਉੱਤੇ ਲੈ ਗਿਆ, ਪਰ ਉਸੇ ਵੇਲੇ ਸ਼ਹਿਦ ਦੀਆਂ ਮੱਖੀਆਂ ਦੇ ਝੁੰਡ ਨੇ ਉਸ ਉੱਤੇ ਹਮਲਾ ਕਰ ਦਿੱਤਾ ਤੇ ਜਹਾਜ਼ ਦੇ ਸਾਹਮਣੇ ਤੇ ਇਕ ਸਾਈਡ ਦੇ ਹਿੱਸੇ ਨੂੰ ਘੇਰ ਲਿਆ, ਜਿਸ ਨਾਲ ਪਾਇਲਟ ਨੂੰ ਮੁਸ਼ਕਲਾਂ ਆਉਣ ਲੱਗੀਆਂ। ਕਾਫ਼ੀ ਮਿਹਨਤ ਮਗਰੋਂ ਪਾਇਲਟ ਇਨ੍ਹਾਂ ਮੱਖੀਆਂ ਹਟਾ ਨਾ ਸਕੇ ਤਾਂ ਏਅਰ ਟ੍ਰੈਫਿਕ ਕੰਟਰੋਲ (ਏ ਟੀ ਸੀ) ਨਾਲ ਸੰਪਰਕ ਕੀਤਾ ਗਿਆ। ਇਸ ਦੇ ਪਿੱਛੋਂ ਜਹਾਜ਼ ਨੂੰ ਫਿਰ ਵਾਪਸ ਟੈਕਸੀ ਵੇਅ ਉੱਤੇ ਲਿਜਾਇਆ ਗਿਆ ਅਤੇ ਕੁਝ ਦੇਰ ਬਾਅਦ ਪਾਇਲਟਾਂ ਨੇ ਫਿਰ ਉਡਾਣ ਭਰਨ ਦੀ ਕੋਸ਼ਿਸ਼ ਕੀਤੀ, ਪਰ ਇਸ ਵਾਰ ਵੱਡੀ ਗਿਣਤੀ ਵਿੱਚ ਇਨ੍ਹਾਂ ਮੱਖੀਆਂ ਨੇ ਫਿਰ ਹਮਲਾ ਕਰ ਦਿੱਤਾ। ਇਸ ਨਾਲ ਜਹਾਜ਼ ਵਿੱਚ ਸਵਾਰ ਬੰਗਲਾ ਦੇਸ਼ ਦੇ ਮੰਤਰੀ ਹਸਨ ਮਹਿਮੂਦ ਨਾਲ ਉਸ ਵਿੱਚ ਸਵਾਰ ਹੋਰ ਮੁਸਾਫ਼ਰਾਂ ਨੂੰ ਵੀ ਮੁਸ਼ਕਲਾਂ ਆਈਆਂ ਤੇ ਏਅਰ ਇੰਡੀਆ ਦੇ ਮੁਲਾਜ਼ਮ ਵੀ ਪਰੇਸ਼ਾਨ ਹੋਏ। ਵਾਰ-ਵਾਰ ਮੱਖੀਆਂ ਦੇ ਹਮਲੇ ਤੋਂ ਪਰੇਸ਼ਾਨ ਹੋ ਕੇ ਉਨ੍ਹਾਂ ਤੋਂ ਛੁਟਕਾਰੇ ਲਈ ਫਾਇਰ ਬ੍ਰਿਗੇਡ ਵਿਭਾਗ ਦੀ ਮਦਦ ਲਈ ਅਤੇ ਫਾਇਰ ਬ੍ਰਿਗੇਡ ਮੁਲਾਜ਼ਮਾਂ ਨੇ ਕਾਫ਼ੀ ਮਿਹਨਤ ਨਾਲ ਇਨ੍ਹਾਂ ਮੱਖੀਆਂ ਦੇ ਝੁੰਡ ਨੂੰ ਜਹਾਜ਼ ਤੋਂ ਪਾਸੇ ਕੀਤਾ। ਉਸ ਤੋਂ ਬਾਅਦ ਦੁਪਹਿਰ 12 ਵਜੇ ਦੇ ਕਰੀਬ ਜਹਾਜ਼ ਅਗਰਤਲਾ ਲਈ ਉਡਾਣ ਭਰ ਸਕਿਆ।

# ਮੋਬਾਈਲ ਫੋਨ ਦਾ ਖਾਸ ਨੰਬਰ 12 ਲੱਖ ਦਾ ਵਿਕਿਆ

ਮੇਰਠ, 15 ਸਤੰਬਰ (ਪੋਸਟ ਬਿਊਰੋ)- ਕਿਸੇ ਵੀ ਚੀਜ਼ ਲਈ ਦੀਵਾਨਗੀ ਸਿਰ ਚੜ੍ਹ ਕੇ ਬੋਲਦੀ ਹੈ। ਮਨਪਸੰਦ ਮੋਬਾਈਲ ਨੰਬਰ ਪਾਉਣ ਲਈ ਲੋਕ ਲੱਖਾਂ-ਕਰੋੜਾਂ ਤੱਕ ਖਰਚ ਕੀਤੇ ਜਾਂਦੇ ਹਨ। ਇਸ ਦੀ ਨਵੀਂ ਮਿਸਾਲ ਪਤਾ ਲੱਗੀ ਹੈ।

ਮੂਲ ਰੂਪ ਨਾਲ ਕਾਨਪੁਰ ਦੇ ਵਾਸੀ ਹਿਮਾਂਸ਼ੂ ਕੇਡੀਆ ਨੇ ਮੇਰਠ ਦੇ ਬੀ ਐੱਸ ਐੱਨ ਐੱਲ ਦਫਤਰ ਤੋਂ ਇੱਕ ਫੈਂਸੀ ਨੰਬਰ ਲਈ 11 ਲੱਖ 91 ਹਜ਼ਾਰ 918 ਰੁਪਏ ਖਰਚ ਕੀਤੇ ਹਨ। ਜਿਸ ਨੰਬਰ ਲਈ ਇਹ ਰਕਮ ਖਰਚ ਕੀਤੀ ਗਈ ਹੈ, ਉਸ ਦੇ ਸ਼ੁਰੂ ਦੇ ਤਿੰਨ ਅੰਕਾਂ ਨੂੰ ਛੱਡ ਕੇ ਬਾਕੀ ਸਾਰੇ 9999999 ਹਨ। ਬੀ ਐੱਸ ਐੱਨ ਐੱਲ ਮੇਰਠ ਦੇ ਬੁਲਾਰੇ ਨੇ ਕਿਹਾ ਕਿ ਬੀ ਐਸ ਐਨ ਐਲ ਦੇ ਕਿਸੇ ਵੀ ਮੋਬਾਈਲ ਫੋਨ ਨੰਬਰ ਲਈ ਖਰਚ ਕੀਤੀ ਗਈ ਇਹ ਅੱਜ ਤੱਕ ਦੀ ਸਭ ਤੋਂ ਵੱਡੀ ਰਕਮ ਹੈ। ਕਾਨਪੁਰ ਵਿੱਚ ਸਤਰੰਜੀ ਮੋਹਲ ਦੇ ਵਾਸੀ ਹਿਮਾਂਸ਼ੂ ਕੇਡੀਆ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕਾਨਪੁਰ ਵਿੱਚ ਫੈਂਸੀ ਨੰਬਰ ਲੈਣ ਲਈ ਸੰਪਰਕ ਕੀਤਾ ਤਾਂ ਬਿਡ ਹੋਣ ਬਾਰੇ ਵੈਸਟ ਯੂ ਪੀ ਸਰਕਲ ਦੇ ਇਸ ਨੰਬਰ ਦੀ ਜਾਣਕਾਰੀ ਮਿਲੀ। ਮੈਂ ਬੋਲੀ ਲਾਈ ਅਤੇ ਪਹਿਲਾਂ ਦਿੱਲੀ, ਫਿਰ ਮੇਰਠ ਆ ਕੇ ***9999999 ਨੰਬਰ ਹਾਸਲ ਕੀਤਾ। ਮੇਰੀ ਕੋਸ਼ਿਸ਼ ਅਤੇ ਨੰਬਰ ਮਿਲਣ ਵਿੱਚ ਦੋ ਮਹੀਨੇ ਲੱਗ ਗਏ। ਕੰਸਟ੍ਰਕਸ਼ਨ ਕਾਰੋਬਾਰ ਨਾਲ ਜੁੜੇ ਹਿਮਾਂਸ਼ੂ ਕਹਿੰਦੇ ਹਨ ਕਿ ਉਨ੍ਹਾਂ ਨੂੰ ਫੈਂਸੀ ਨੰਬਰ ਦਾ ਸ਼ੌਕ ਹੈ, ਇਸ ਲਈ ਉਨ੍ਹਾਂ ਨੇ ਇਹ ਨੰਬਰ ਲਿਆ ਹੈ, ਜਿਹੜਾ ਜ਼ਿੰਦਗੀ ਭਰ ਸਾਥ ਰਹੇਗਾ।

# ਲਾਲੂ-ਰਾਬੜੀ ਦੀ ਨੂੰਹ ਸਹੁਰੇ ਘਰੋਂ ਰੋਂਦੀ ਵਿਲਕਦੀ ਨਿਕਲੀ



ਪਟਨਾ, 15 ਸਤੰਬਰ (ਪੋਸਟ ਬਿਊਰੋ)- ਲਾਲੂ ਪ੍ਰਸਾਦ ਦੇ ਪਰਵਾਰ 'ਚ ਉਠਿਆ ਤੂਫਾਨ ਹੋਰ ਗੰਭੀਰ ਹੋ ਗਿਆ ਹੈ। ਉਨ੍ਹਾਂ ਦੇ ਬੇਟੇ ਅਤੇ ਨੂੰਹ ਵਿੱਚ ਵੱਖ ਹੋਣ ਦਾ ਮਾਮਲਾ ਘਰ ਵਿਹੜੇ, ਕੋਰਟ ਕਚਹਿਰੀ ਤੋਂ ਨਿਕਲ ਕੇ ਸੜਕ 'ਤੇ ਦਿਸਣ ਲੱਗਾ ਹੈ। ਲਾਲੂ ਦੇ ਵੱਡੇ ਪੁੱਤਰ ਤੇਜਪ੍ਰਤਾਪ ਯਾਦਵ ਦੀ ਪਤਨੀ ਐਸ਼ਵਰਿਆ ਰਾਏ ਕੱਲ੍ਹ ਅਚਾਨਕ ਆਪਣੇ ਸਹੁਰੇ ਘਰੋਂ ਰੋਂਦੀ ਹੋਈ ਬਾਹਰ ਨਿਕਲੀ ਤਾਂ ਚਰਚਾ ਸ਼ਰੇਆਮ ਹੋਣ ਲੱਗ ਪਈ ਹੈ। ਕਿਹਾ ਜਾ ਰਿਹਾ ਹੈ ਕਿ ਉਹ ਆਪਣੇ ਪੇਕੇ ਘਰ ਗਈ ਅਤੇ ਕੁਝ ਹੀ ਦੇਰ ਬਾਅਦ ਫਿਰ ਸਹੁਰੇ ਘਰ ਪਰਤ ਆਈ ਹੈ।

ਐਸ਼ਵਰਿਆ ਦੀ ਚਾਲ, ਰੋਂਦੀ ਸੂਰਤ ਅਤੇ ਤੇਵਰਾਂ ਤੋਂ ਲੱਗਾ ਕਿ ਰਾਬੜੀ ਦੇਵੀ ਦੀ 'ਸੁਲੱਖਣੀ ਨੂੰਹ' ਆਪਣੇ ਸਹੁਰੇ ਘਰ 'ਚ ਖੁਸ਼ ਨਹੀਂ ਹੈ। ਵਿਆਹ ਤੋਂ ਬਾਅਦ ਜਦੋਂ ਐਸ਼ਵਰਿਆ ਆਪਣੇ ਸਹੁਰੇ ਘਰ ਆਈ ਸੀ ਤਾਂ ਰਾਂਚੀ ਜੇਲ੍ਹ ਵਿੱਚ ਬੰਦ ਲਾਲੂ ਪ੍ਰਸਾਦ ਨੂੰ ਮੈਡੀਕਲ ਆਧਾਰ 'ਤੇ ਸ਼ਰਤਾਂ ਨਾਲ ਜ਼ਮਾਨਤ ਮਿਲ ਗਈ ਸੀ, ਜਿਸ ਤੋਂ ਬਾਅਦ ਰਾਬੜੀ ਨੇ ਐਸ਼ਵਰਿਆ ਨੂੰ ਸੁਲੱਖਣੀ ਨੂੰਹ ਦੱਸਿਆ ਸੀ, ਪਰ ਕੁਝ ਦਿਨ ਬਾਅਦ ਵਿਗਾੜ ਸ਼ੁਰੂ ਹੋ ਗਿਆ ਸੀ। ਕੱਲ੍ਹ ਦੁਪਹਿਰ ਐਸ਼ਵਰਿਆ ਆਪਣੀ ਸੱਸ ਰਾਬੜੀ ਦੇਵੀ ਦੀ ਸਰਕਾਰੀ ਰਿਹਾਇਸ਼ ਦੇ ਮੁੱਖ ਦਰਵਾਜ਼ੇ ਤੋਂ ਰੋਂਦੀ ਹੋਈ ਨਿਕਲੀ ਅਤੇ ਸੜਕ 'ਤੇ ਸਾਹਮਣੇ ਲੱਗੀ ਆਪਣੇ ਪਿਤਾ ਦੀ ਗੱਡੀ ਵਿੱਚ ਤੇਜ਼ੀ ਨਾਲ ਜਾ ਕੇ ਬੈਠ ਗਈ। ਐਸ਼ਵਰਿਆ ਘਰ ਤੋਂ ਇਕੱਲੀ ਨਿਕਲੀ ਸੀ। ਤੇਜਪ੍ਰਤਾਪ ਤੇ ਐਸ਼ਵਰਿਆ ਦਾ ਵਿਆਹ ਪਿਛਲੇ ਸਾਲ 12 ਮਈ ਨੂੰ ਹੋਇਆ ਸੀ। ਪਹਿਲੀ ਨਵੰਬਰ ਨੂੰ ਤੇਜਪ੍ਰਤਾਪ ਨੇ ਤਲਾਕ ਮੰਗ ਲਿਆ ਸੀ। ਇਸ ਤੋਂ ਬਾਅਦ ਉਨ੍ਹਾਂ ਆਪਣੀ ਮਾਂ ਰਾਬੜੀ ਦੇਵੀ ਦੀ ਸਰਕਾਰੀ ਰਿਹਾਇਸ਼ ਵਿੱਚ ਆਉਣਾ ਜਾਣਾ ਛੱਡ ਦਿੱਤਾ ਅਤੇ ਆਪਣੇ ਲਈ ਰਾਜਧਾਨੀ ਵਿੱਚ ਵੱਖਰੀ ਸਰਕਾਰੀ ਰਿਹਾਇਸ਼ ਅਲਾਟ ਕਰਵਾ ਲਈ। ਵਿਆਹ ਦੇ ਬਾਅਦ ਤੋਂ ਐਸ਼ਵਰਿਆ ਆਪਣੇ ਸਹੁਰੇ ਘਰ ਵਿੱਚ ਹੀ ਰਹਿ ਰਹੀ ਹੈ।

## ਇਨਫੋਰਸਮੈਂਟ ਨੂੰ ਝਟਕਾ

# ਰਾਬਰਟ ਵਾਡਰਾ ਨੂੰ ਅਦਾਲਤ ਨੇ ਵਿਦੇਸ਼ ਜਾਣ ਦੀ ਇਜਾਜ਼ਤ ਦਿੱਤੀ

ਨਵੀਂ ਦਿੱਲੀ, 15 ਸਤੰਬਰ, (ਪੋਸਟ ਬਿਊਰੋ)- ਮਨੀ ਲਾਂਡਰਿੰਗ ਕੇਸ ਵਿੱਚ ਪੇਸ਼ਗੀ ਜ਼ਮਾਨਤ ਉੱਤੇ ਚੱਲ ਰਹੇ ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਦੇ ਦਾਮਾਦ ਰਾਬਰਟ ਵਾਡਰਾ ਨੂੰ ਰਾਊਜ ਐਵੇਨਿਊ ਵਿਸ਼ੇਸ਼ ਅਦਾਲਤ ਨੇ ਅੱਜ ਵਿਦੇਸ਼ ਜਾਣ ਦੀ ਇਜਾਜ਼ਤ ਦੇ ਦਿੱਤੀ ਹੈ। ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਵੱਲੋਂ ਕੀਤੇ ਵਿਰੋਧ ਨੂੰ ਨਜ਼ਰ ਅੰਦਾਜ਼ ਕਰ ਕੇ ਵਿਸ਼ੇਸ਼ ਜੱਜ ਅਰਵਿੰਦ ਕੁਮਾਰ ਨੇ ਰਾਬਰਟ ਵਾਡਰਾ ਨੂੰ 25 ਲੱਖ ਰੁਪਏ ਦੇ ਨਿਜੀ ਮੁਚਲਕੇ ਉੱਤੇ 21 ਸਤੰਬਰ ਤੋਂ 10 ਅਕਤੂਬਰ ਤਕ ਸਪੇਨ ਜਾਣ ਦੀ ਸ਼ਰਤਾਂ ਸਹਿਤ ਇਜਾਜ਼ਤ ਦਿੱਤੀ ਹੈ।



ਵਿਸ਼ੇਸ਼ ਅਦਾਲਤ ਨੇ ਕਿਹਾ ਹੈ ਕਿ ਈ ਡੀ ਦਾ ਪੂਰਾ ਕੇਸ ਮੁੱਖ ਤੌਰ ਉੱਤੇ ਦਸਤਾਵੇਜ਼ ਉੱਤੇ ਆਧਾਰਿਤ ਹੈ ਅਤੇ ਈ ਡੀ ਇਹ ਦੱਸਣ ਤੋਂ ਨਾਕਾਮ ਰਹੀ ਹੈ ਕਿ ਕਿਸੇ ਪੱਧਰ ਉੱਤੇ ਵਾਡਰਾ ਨੇ ਦਸਤਾਵੇਜ਼ਾਂ ਨਾਲ ਛੇੜਛਾੜ ਜਾਂ ਫਿਰ ਗਵਾਹਾਂ ਨੂੰ ਪ੍ਰਭਾਵਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਕਿਸੇ ਆਧਾਰ ਦੇ ਬਿਨਾਂ ਜਾਂਚ ਏਜੰਸੀ ਮੰਨ ਰਹੀ ਹੈ ਕਿ ਦਸਤਾਵੇਜ਼ਾਂ ਨਾਲ ਰਾਬਰਟ ਵਾਡਰਾ ਛੇੜਛਾੜ ਕਰ ਸਕਦੇ ਹਨ। ਵਾਡਰਾ ਦਿੱਲੀ ਦੇ ਰਹਿਣ ਵਾਲੇ ਹਨ ਤੇ ਸਮਾਜ ਵਿੱਚ ਉਨ੍ਹਾਂ ਦੀ ਵੱਖਰੀ ਪਛਾਣ ਹੈ ਤੇ ਉਨ੍ਹਾਂ ਦੇ ਪਰਿਵਾਰ ਦੀ ਜਾਇਦਾਦ ਵੀ ਭਾਰਤ ਵਿੱਚ ਹੈ। ਇਹ ਸਾਰੇ ਪਹਿਲੂ ਦੇਖ ਕੇ ਸਪੇਨ ਜਾਣ ਲਈ ਉਸ ਨੂੰ ਇਜਾਜ਼ਤ ਦਿੱਤੀ ਜਾਂਦੀ ਹੈ, ਪਰ ਦੇਸ਼ ਛੱਡਣ ਤੋਂ ਪਹਿਲਾਂ ਵਾਡਰਾ ਨੂੰ ਅਦਾਲਤ ਨੂੰ ਦੱਸਣਾ ਪਵੇਗਾ ਅਤੇ ਜਾਂਚ ਏਜੰਸੀ ਨੂੰ ਸਪੇਨ ਦਾ ਪਤਾ ਅਤੇ ਮੋਬਾਈਲ ਨੰਬਰ ਵੀ ਦੱਸਣਾ ਪਵੇਗਾ। ਵਾਪਸ ਆਉਣ ਦੇ 24 ਘੰਟੇ ਪਹਿਲਾਂ ਵਾਡਰਾ ਅਦਾਲਤ ਨੂੰ ਇਸ ਦੀ ਸੂਚਨਾ ਦੇਣੀ ਹੋਵੇਗੀ ਅਤੇ ਦਸਤਾਵੇਜ਼ਾਂ ਨਾਲ ਛੇੜਛਾੜ ਨਹੀਂ ਕਰਨਗੇ।

# ਜਾਅਲਸਾਜ਼ੀ ਦੇ ਦੋਸ਼ ਹੇਠ ਦਿੱਲੀ ਹਵਾਈ ਅੱਡੇ ਤੋਂ ਮੋਗੇ ਦਾ ਵਾਸੀ ਗ੍ਰਿਫਤਾਰ

ਨਵੀਂ ਦਿੱਲੀ, 15 ਸਤੰਬਰ (ਪੋਸਟ ਬਿਊਰੋ)- ਦਿੱਲੀ ਹਵਾਈ ਅੱਡੇ ਉਤੇ ਹਾਂਗ ਕਾਂਗ ਤੋਂ ਆ ਰਹੇ ਪੰਜਾਬ ਦੇ ਜ਼ਿਲ੍ਹਾ ਮੋਗਾ ਦੇ ਇੱਕ 68 ਸਾਲਾ ਵਿਅਕਤੀ ਨੂੰ ਜਾਅਲਸਾਜ਼ੀ ਕਰ ਕੇ 89 ਸਾਲਾਂ ਦੇ ਬਜ਼ੁਰਗ ਵਿਅਕਤੀ ਦਾ ਭੇਸ ਧਾਰਨ ਅਤੇ ਫਰਜ਼ੀ ਪਾਸਪੋਰਟ ਰੱਖਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਹੈ।

ਇਸ ਸੰਬੰਧ ਵਿੱਚ ਅਧਿਕਾਰੀਆਂ ਨੇ ਦੱਸਿਆ ਕਿ ਗੁਰਦੀਪ ਸਿੰਘ, ਜਿਹੜਾ ਪੰਜਾਬ ਦੇ ਜ਼ਿਲ੍ਹਾ ਮੋਗਾ ਦਾ ਵਸਨੀਕ ਹੈ, ਨੇ ਹਾਂਗਕਾਂਗ ਵਿੱਚ ਪੱਕੀ ਰਿਹਾਇਸ਼ ਹਾਸਲ ਕਰਨ ਲਈ ਫਰਜ਼ੀ ਪਾਸਪੋਰਟ ਅਤੇ ਫਰਜ਼ੀ ਨਾਂਅ ਕਰਨੈਲ ਸਿੰਘ ਦੀ ਵਰਤੋਂ ਕੀਤੀ ਹੈ। ਇਸ ਤੋਂ ਪਹਿਲਾਂ ਹਵਾਈ ਅੱਡੇ ਤੋਂ 32 ਸਾਲਾਂ ਦੇ ਇੱਕ ਨੌਜਵਾਨ ਨੂੰ 81 ਸਾਲਾਂ ਦੇ ਵਿਅਕਤੀ ਦਾ ਭੇਸ ਧਾਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਸੀ। ਉਸ ਨੇ ਆਪਣੇ ਵਾਲ ਤੇ ਦਾੜ੍ਹੀ ਸਫੈਦ ਰੰਗ ਨਾਲ ਰੰਗੇ ਹੋਏ ਸਨ ਅਤੇ ਨਿਊ ਯਾਰਕ ਦੇ ਜਹਾਜ਼ 'ਤੇ ਚੜ੍ਹਨ ਲਈ ਵ੍ਹੀਲਚੇਅਰ 'ਤੇ ਐਤਵਾਰ ਨੂੰ ਹਵਾਈ ਅੱਡੇ ਆਇਆ ਸੀ।



ਦਿੱਲੀ ਹਵਾਈ ਅੱਡੇ ਦੇ ਇਮੀਗਰੇਸ਼ਨ ਅਧਿਕਾਰੀ ਨੇ ਪੁਲਸ ਨੂੰ ਦੱਸਿਆ ਕਿ ਗੁਰਦੀਪ ਸਿੰਘ ਇੰਦਰਾ ਗਾਂਧੀ ਜਦੋਂ ਏਥੇ ਆਇਆ ਤਾਂ ਉਸ ਨੇ ਕਰਨੈਲ ਸਿੰਘ ਨਾਂਅ ਦਾ ਪਾਸਪੋਰਟ ਦਿੱਤਾ। ਜਾਂਚ ਅਧਿਕਾਰੀ ਨੇ ਦੇਖਿਆ ਕਿ ਪਾਸਪੋਰਟ ਉੱਤੇ ਜਨਮ ਤਰੀਕ 20 ਅਕਤੂਬਰ 1930 ਹੈ, ਜਦੋਂ ਕਿ ਉਹ ਵਿਅਕਤੀ ਘੱਟ ਉਮਰ ਦਾ ਲੱਗਦਾ ਸੀ। ਡੂੰਘਾਈ ਨਾਲ ਪੜਤਾਲ ਕਰਨ 'ਤੇ ਉਸ ਦੀ ਅਸਲੀ ਪਛਾਣ ਗੁਰਦੀਪ ਵਜੋਂ ਹੋਈ। ਡੀ ਸੀ ਪੀ (ਹਵਾਈ ਅੱਡਾ) ਸੰਜੇ ਭਾਟੀਆ ਨੇ ਦੱਸਿਆ ਕਿ ਭਾਰਤੀ ਇਮੀਗਰੇਸ਼ਨ ਵਿਭਾਗ ਨੂੰ ਧੋਖਾ ਦੇਣ ਅਤੇ ਫਰਜ਼ੀ ਪਾਸਪੋਰਟ 'ਤੇ ਯਾਤਰਾ ਕਰਨ ਦੇ ਦੋਸ਼ ਹੇਠ ਉਸ ਖਿਲਾਫ ਕੇਸ ਦਰਜ ਕੀਤਾ ਗਿਆ ਹੈ।

# ਹਿੰਦੀ ਦਿਵਸ ਮੌਕੇ ਅਮਿਤ ਸ਼ਾਹ ਵੱਲੋਂ ਸਾਰੇ ਭਾਰਤ ਵਿੱਚ 'ਇਕ ਭਾਸ਼ਾ' ਦੀ ਵਕਾਲਤ

## * ਵਿਰੋਧੀ ਧਿਰ ਦੇ ਆਗੂਆਂ ਨੇ ਬਿਆਨ ਵਾਪਸ ਲੈਣ ਨੂੰ ਕਿਹਾ

ਨਵੀਂ ਦਿੱਲੀ, 15 ਸਤੰਬਰ, (ਪੋਸਟ ਬਿਊਰੋ)-ਭਾਰਤ ਦੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਸ਼ਨੀਵਾਰ ਕਿਹਾ ਕਿ ਦੇਸ਼ ਨੂੰ ਇਕੱਠਾ ਕਰਨ ਦਾ ਕੰਮ ਜੇ ਕੋਈ ਭਾਸ਼ਾ ਕਰ ਸਕਦੀ ਹੈ ਤਾਂ ਉਹ ਹਿੰਦੀਹੈ।

ਅੱਜ'ਹਿੰਦੀ ਦਿਵਸ' ਮੌਕੇ ਉਨ੍ਹਾਂ ਨੇ ਕਿਹਾ ਕਿ ਭਾਰਤ ਕਈ ਭਾਸ਼ਾਵਾਂ ਦਾ ਦੇਸ਼ ਹੈ ਤੇ ਹਰ ਕਿਸੇ ਭਾਸ਼ਾ ਦਾ ਅਪਣਾ ਮਹੱਤਵ ਹੈ, ਪਰ ਪੂਰੇ ਦੇਸ਼ ਦੀ ਇੱਕ ਭਾਸ਼ਾ ਹੋਣਾ ਬੇਹੱਦ ਜਰੂਰੀ ਹੈ, ਜਿਹੜੀ ਦੁਨੀਆ ਵਿਚ ਉਸ ਦੀ ਪਛਾਣ ਬਣੇ। ਉਨ੍ਹਾ ਨੇ ਕਿਹਾ ਕਿ ਭਾਰਤ ਨੂੰ ਏਕਤਾ ਦੀ ਡੋਰ ਵਿਚ ਬੰਨ੍ਹਣ ਦਾ ਕੰਮ ਜੇ ਕੋਈ ਭਾਸ਼ਾ ਕਰ ਸਕਦੀ ਹੈ ਤਾਂ ਉਹ ਹਿੰਦੀ ਹੈ। ਉਨ੍ਹਾਂ ਨੇ ਮਹਾਤਮਾ ਗਾਂਧੀ ਅਤੇ ਸਰਦਾਰ ਵੱਲਭਭਾਈ ਪਟੇਲ ਦੇ ਸੁਪਨੇ ਪੂਰੇ ਕਰਨ ਲਈ ਰੋਜ਼ ਦੇ ਕੰਮਾਂ ਵਿਚ ਹਿੰਦੀ ਦੀ ਵਰਤੋਂ ਵਧਾਉਣ ਉੱਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਹਿੰਦੀ ਸਾਡੇ ਦੇਸ਼ ਦੀਆਂ 22 ਅਨੁਸੂਚਿਤ ਭਾਸ਼ਾਵਾਂ ਵਿਚੋਂ ਇਕ ਹੈ ਅਤੇ ਉਹ ਦੇਸ਼ ਦੇ ਸਾਰੇ ਲੋਕਾਂ ਨੂੰ ਅਪੀਲ ਕਰਦੇ ਹਨ ਕਿ ਸਾਰੇ ਆਪੋ-ਆਪਣੀ ਮਾਂ ਬੋਲੀ ਦੀ ਵਰਤੋਂ ਨੂੰ ਵਧਾਉਣ ਦੇ ਨਾਲ ਹੀ ਹਿੰਦੀ ਭਾਸ਼ਾ ਦੀ



ਵਰਤੋਂ ਕਰ ਕੇ ਸਰਦਾਰ ਪਟੇਲ ਦੇ ਸੁਪਨੇ ਨੂੰ ਪੂਰਾ ਕਰਨ ਵਿਚ ਯੋਗਦਾਨ ਦੇਣ।

ਅਮਿਤ ਸ਼ਾਹ ਦੇ ਇਸ ਬਿਆਨ ਪਿੱਛੋਂ ਕੁਝ ਵਿਰੋਧੀ ਪਾਰਟੀਆਂ ਨੇ ਉਨ੍ਹਾਨੂੰ ਅਪਣਾ ਬਿਆਨ ਵਾਪਸ ਲੈਣ ਦੀ ਮੰਗ ਕੀਤੀ ਹੈ। ਤਮਿਲਨਾਡੂ ਤੋਂ ਡੀਐਮਕੇ ਪਾਰਟੀ ਦੇ ਪ੍ਰਧਾਨ ਐਮ ਕੇ ਸਟਾਲਿਨ ਨੇ ਅਮਿਤ ਸ਼ਾਹ ਨੂੰ ਇਹ ਬਿਆਨ ਵਾਪਸ ਲੈਣ ਨੂੰ ਕਿਹਾ ਹੈ। ਹੈਦਰਾਬਾਦ ਤੋਂ ਪਾਰਲੀਮੈਂਟ ਮੈਂਬਰ ਅਸਦੁਦੀਨ ਓਵੈਸੀ ਨੇ ਵੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ 'ਇਕ ਦੇਸ਼, ਇਕ ਭਾਸ਼ਾ'ਵਾਲੇ ਵਿਚਾਰ ਦਾ ਵਿਰੋਧ ਕੀਤਾ ਤੇ ਕਿਹਾ ਕਿ ਹਿੰਦੀ ਇਸ ਦੇਸ਼ ਦੇ ਹਰ ਭਰਤੀ ਦੀ ਮਾਂ ਬੋਲੀ ਨਹੀਂ ਹੈ ਅਤੇ ਭਾਰਤ 'ਹਿੰਦੀ, ਹਿੰਦੂ ਅਤੇ ਹਿੰਦੂਤੱਵ' ਤੋਂ ਕਿਤੇ ਵੱਡਾ ਹੈ। ਤ੍ਰਿਣਮੂਲ ਕਾਂਗਰਸ ਦੀ ਪ੍ਰਧਾਨ ਅਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਟਵੀਟ ਕਰ ਕੇ ਲਿਖਿਆ ਕਿ ਸਾਨੂੰ ਸਾਰੀਆਂ ਭਾਸ਼ਾਵਾਂ ਤੇ ਹਰਸਭਿਆਚਾਰ ਦਾ ਆਦਰ ਕਰਨਾ ਚਾਹੀਦਾ ਹੈ। ਕਈ ਹੋਰ ਧਿਰਾਂ ਨੇ ਵੀ ਅਮਿਤ ਸ਼ਾਹ ਦੇ ਇਸ ਬਿਆਨ ਨਾਲ ਅਸਹਿਮਤੀ ਵਿਖਾਈ ਹੈ।



# ਡੋਨਾਲਡ ਟਰੰਪ ਵੱਲੋਂ ਐਲਾਨ: ਓਸਾਮਾ ਬਿਨ ਲਾਦੇਨ ਦਾ ਪੁੱਤਰ ਵੀ ਮਾਰਿਆ ਗਿਐ

ਵਾਸ਼ਿੰਗਟਨ, 15 ਸਤੰਬਰ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਮਾਰੇ ਜਾ ਚੁੱਕੇ ਸਿਖਰਲੇ ਅੱਤਵਾਦੀ ਓਸਾਮਾ ਬਿਨ ਲਾਦੇਨ ਦਾ ਪੁੱਤਰ ਹਮਜ਼ਾ ਬਿਨ ਲਾਦੇਨ ਮਾਰ ਦਿੱਤਾ ਗਿਆ ਹੈ।



ਇੱਕ ਟਵੀਟ ਰਾਹੀਂਡੋਨਾਲਡ ਟਰੰਪ ਨੇ ਦੱਸਿਆ ਕਿ ਅਲ-ਕਾਇਦਾ ਦਾ ਮੁੱਢ ਬੰਨ੍ਹਣ ਵਾਲੇ ਓਸਾਮਾ ਬਿਨ ਲਾਦੇਨ ਦੇ ਪੁੱਤਰ ਤੇ ਇਸ ਜਥੇਬੰਦੀ ਨੂੰ ਚਲਾਉਣ ਵਾਲੇ ਸਿਆਸੀ ਵਾਰਸ ਹਮਜ਼ਾ ਬਿਨ ਲਾਦੇਨ ਨੂੰ ਅਫਗਾਨਿਸਤਾਨ-ਪਾਕਿਸਤਾਨ ਬਾਰਡਰ ਉੱਤੇ ਅੱਤਵਾਦ ਰੋਕੂ ਕਾਰਵਾਈ ਵਿੱਚ ਮਾਰ ਦਿੱਤਾ ਗਿਆ ਹੈ। ਅਮਰੀਕੀ ਰਾਸ਼ਟਰਪਤੀ ਟਰੰਪ ਨੇ ਉਸ ਸਥਾਨ ਦੇ ਬਾਰੇ ਨਹੀਂ ਦੱਸਿਆ, ਜਿਥੇ ਅਮਰੀਕੀ ਫੌਜ ਨੇ ਹਮਜ਼ਾ ਬਿਨ ਲਾਦੇਨ ਨੂੰ ਮਾਰਿਆ ਅਤੇ ਕਿਹੜੇ ਹਾਲਾਤ ਵਿਚ ਮਾਰਿਆ ਹੈ।

ਵਰਨਣ ਯੋਗ ਹੈ ਕਿ ਓਸਾਮਾ ਦੇ ਪੁੱਤਰ ਹਮਜ਼ਾ ਬਿਨ ਲਾਦੇਨ ਵੱਲੋਂ ਆਖਰੀ ਜਨਤਕ ਬਿਆਨ ਸਾਲ 2018 ਵਿਚ ਅਲ ਕਾਇਦਾ ਦੀ ਮੀਡੀਆ ਬਰਾਂਚ ਨੇ ਜਾਰੀ ਕੀਤਾ ਸੀ, ਜਿਸ ਵਿਚ ਉਸ ਨੇ ਸਾਊਦੀ ਅਰਬ ਨੂੰ ਧਮਕੀ ਦਿੱਤੀ ਤੇ ਅਰਬ ਟਾਪੂ ਦੇ ਲੋਕਾਂ ਨੂੰ ਮੌਕੇ ਦੇ ਹਾਕਮਾਂ ਵਿਰੁੱਧ ਬਗਾਵਤ ਕਰਨ ਲਈ ਕਿਹਾ ਸੀ।

ਦੂਸਰੇ ਪਾਸੇ ਇਸ ਸਾਲ ਮਾਰਚ ਵਿੱਚ ਅਮਰੀਕਾ ਦੀ ਸਰਕਾਰ ਨੇ ਹਮਜ਼ਾ ਬਿਨ ਲਾਦੇਨ ਦਾ ਪਤਾ ਦੱਸਣ ਵਾਲੇ ਲਈ 10 ਲੱਖ ਡਾਲਰ ਦੇ ਇਨਾਮ ਦਾ ਐਲਾਨ ਕੀਤਾ ਅਤੇ ਕਿਹਾ ਸੀ ਕਿ ਹਮਜ਼ਾ ਆਪਣੇ ਪਿਤਾ ਦੀ ਮੌਤ ਦਾ ਬਦਲਾ ਲੈਣ ਲਈ ਉਸ ਉੱਤੇ ਹਮਲੇ ਕਰਨ ਦੀ ਸਾਜ਼ਿਸ਼ ਰਚ ਰਿਹਾ ਹੈ। ਯੂ ਐੱਨ ਸਕਿਓਰਟੀ ਕੌਂਸਲ ਨੇ ਹਮਜ਼ਾ ਬਿਨ ਲਾਦੇਨ ਦਾ ਨਾਂ ਆਪਣੀ ਪਾਬੰਦੀਆਂ ਦੀ ਸੂਚੀ ਵਿਚ ਪਾ ਦਿੱਤਾ ਸੀ। ਇਸ ਪਿੱਛੋਂ ਸਾਊਦੀ ਅਰਬ ਨੇ ਯੂ ਐੱਨ ਸਕਿਓਰਟੀ ਕੌਂਸਲ ਅਤੇ ਅਮਰੀਕਾ ਵਲੋਂ ਹਮਜ਼ਾ ਬਾਰੇ ਸਖ਼ਤ ਫੈਸਲੇ ਲੈਣ ਨੂੰ ਵੇਖਦੇ ਹੋਏ ਹਮਜ਼ਾ ਬਿਨ ਲਾਦੇਨ ਦੀ ਨਾਗਰਿਕਤਾ ਰੱਦ ਕਰ ਦਿੱਤੀ ਸੀ।

# ਸਾਊਦੀ ਅਰਬ ਦੀ ਤੇਲ ਕੰਪਨੀ ਅਰਾਮਕੋ ਉਤੇ ਹਾਊਦੀ ਬਾਗੀਆਂ ਵੱਲੋਂ ਡਰੋਨ ਹਮਲੇ

ਦੁਬਈ, 15 ਸਤੰਬਰ (ਪੋਸਟ ਬਿਊਰੋ)- ਸਾਊਦੀ ਅਰਬ ਦੀ ਸੰਸਾਰ ਭਰ ਵਿੱਚ ਸਭ ਤੋਂ ਵੱਡੀ ਤੇਲ ਪ੍ਰੋਸੈਸਿੰਗ ਕੰਪਨੀ ਅਰਾਮਕੋ ਦੇ ਦੋ ਪਲਾਂਟਾਂ ਉਤੇ ਕੱਲ੍ਹ ਤੜਕੇ ਡਰੋਨਾਂ ਰਾਹੀਂ ਹਮਲੇ ਕੀਤੇ ਗਏ।

ਇਸ ਸੰਬੰਧ ਵਿੱਚ ਸਾਊਦੀ ਅਰਬ ਦੇ ਅੰਦਰੂਨੀ ਮਾਮਲਿਆਂ ਦੇ ਮੰਤਰਾਲੇ ਨੇ ਦੱਸਿਆ ਕਿ ਹਮਲੇ ਕਾਰਨ ਸੰਸਾਰ ਪੱਧਰ ਉੱਤੇ ਤੇਲ ਸਪਲਾਈ ਲਈ ਅਹਿਮ ਪ੍ਰੋਸੈਸਰ ਦੇ ਵਿੱਚ ਭਿਆਨਕ ਅੱਗ ਲੱਗ ਗਈ ਹੈ। ਇਹ ਹਮਲੇ ਅਬਕੈਕ ਅਤੇ ਖੁਰਾਇਸ ਤੇਲ ਰਿਫਾਇਨਰੀਆਂ 'ਚ ਹੋਏ ਹਨ। ਯਮਨ ਦੇ ਹਾਊਦੀ ਬਾਗੀਆਂ ਨੇ ਹਮਲੇ ਦੇ ਬਾਰੇ ਜ਼ਿੰਮੇਵਾਰੀ ਲਈ ਹੈ। ਇਸ ਗੁੱਟ ਦੇ ਅਲ-ਮਸੀਰਾ ਟੀ ਵੀ ਨੇ ਕਿਹਾ ਕਿ ਬਾਗੀਆਂ ਨੇ 10 ਡਰੋਨਾਂ ਨਾਲ ਵੱਡਾ ਹਮਲਾ ਕੀਤਾ ਤੇ ਪੂਰਬੀ ਸਾਊਦੀ ਅਰਬ ਵਿੱਚ ਅਬਕੈਕ ਤੇ ਖੁਰਾਇਸਸ ਵਿੱਚ ਰਿਫਾਇਨਰੀਆਂ ਨੂੰ ਨਿਸ਼ਾਨਾ ਬਣਾਇਆ ਹੈ। ਇਸ ਹਮਲੇ ਵਿੱਚ ਕਿਸੇ ਜਾਨੀ ਜਾਂ ਤੇਲ ਉਤਪਾਦਨ ਵਿੱਚ ਨੁਕਸਾਨ ਬਾਰੇ ਸਪੱਸ਼ਟ ਨਹੀਂ ਹੋ ਸਕਿਆ। ਇਸ ਹਮਲੇ ਨਾਲ ਫਾਰਸ ਦੀ ਖਾੜ੍ਹੀ ਵਿੱਚ ਤਣਾਅ ਵਧਣ ਦੇ ਆਸਾਰ ਹਨ, ਕਿਉਂਕਿ ਅਮਰੀਕਾ ਵੱਲੋਂ ਇਰਾਨ ਨਾਲ ਕੀਤੇ ਐਟਮੀ ਸਮਝੌਤੇ ਨੂੰ ਰੱਦ ਕਰਨ ਪਿੱਛੋਂ ਦੋਵੇਂ ਦੇਸ਼ਾਂ ਵਿਚਕਾਰ ਪਹਿਲਾਂ ਹੀ ਟਕਰਾਅ ਚੱਲ ਰਿਹਾ ਹੈ। ਅਬਕੈਕ ਵਿੱਚ ਬਣਾਏ ਗਏ ਆਨਲਾਈਨ ਵੀਡੀਓਜ਼ ਵਿੱਚ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਵੀ ਸੁਣਾਈ ਦੇ ਰਹੀਆਂ ਹਨ। ਅਸਮਾਨ ਵਿੱਚ ਧੂੰਏਂ ਦਾ ਗੁਬਾਰ ਵੀ ਉਡਦਾ ਦੇਖਿਆ ਜਾ ਸਕਦਾ ਹੈ। ਅਮਰੀਕੀ ਸਰਕਾਰ ਦੇ ਜਾਂਚਕਾਰਾਂ ਮੁਤਾਬਕ ਹਾਊਦੀ ਬਾਗੀਆਂ ਦੇ ਨਵੇਂ ਯੂ ਏ ਵੀ-ਐਕਸ ਡਰੋਨ ਦੀ ਮਾਰ 1500 ਕਿਲੋਮੀਟਰ ਤੱਕ ਹੈ। ਸਰਕਾਰੀ ਮੀਡੀਆ ਦੀਆਂ ਰਿਪੋਰਟਾਂ ਅਨੁਸਾਰ ਅਜੇ ਇਹ ਸਪੱਸ਼ਟ ਨਹੀਂ ਹੋਇਆ ਕਿ ਇਸ ਹਮਲੇ ਲਈ ਕਿਸ ਕਿਸਮ ਦੇ ਡਰੋਨ ਦੀ ਵਰਤੋਂ ਕੀਤੀ ਗਈ ਹੈ। ਦੋਵਾਂ ਥਾਵਾਂ ਉਤੇ ਅੱਗ ਉੱਤੇ ਕਾਬੂ ਪਾ ਲਿਆ ਗਿਆ ਤੇ ਇਨ੍ਹਾਂ ਹਮਲਿਆਂ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਹਾਊਦੀ ਬਾਗੀਆਂ 'ਤੇ ਇਸ ਤੋਂ ਪਹਿਲਾਂ ਅਗਸਤ ਵਿੱਚ ਸ਼ਾਇਬਾਹ ਕੁਦਰਤੀ ਗੈਸ ਪਲਾਂਟ ਉੱਤੇ ਅਤੇ ਮਈ ਵਿੱਚ ਹੋਰਨਾਂ ਤੇਲ ਪਲਾਂਟਾਂ 'ਤੇ ਹਮਲੇ ਕਰਨ ਦੇ ਦੋਸ਼ ਵੀ ਲੱਗੇ ਸੀ। ਇਹ ਬਾਗੀ ਯਮਨ ਸਰਕਾਰ ਅਤੇ ਸਾਊਦੀ ਅਰਬ ਦੀ ਅਗਵਾਈ ਹੇਠਲੇ ਗਠਜੋੜ ਖਿਲਾਫ ਜੰਗ ਲੜ ਰਹੇ ਹਨ।

# ਪ੍ਰਵਾਸੀ ਭਾਰਤੀਆਂ ਵੱਲੋਂ ਭਾਰਤ ਭੇਜੇ ਜਾਂਦੇ ਪੈਸਿਆਂ ਉੱਤੇ ਮੋਦੀ ਸਰਕਾਰ ਨੇ ਟੈਕਸ ਲਾਇਆ

ਸਿਆਟਲ, 15 ਸਤੰਬਰ (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਪ੍ਰਵਾਸੀ ਭਾਰਤੀਆਂ ਵੱਲੋਂ ਭਾਰਤ ਵਿੱਚ ਭੇਜੇ ਜਾਂਦੇ ਪੈਸਿਆਂ ਉੱਤੇ ਇਕ ਸਤੰਬਰ 2019 ਤੋਂ ਦੋ ਫੀਸਦੀ ਟੈਕਸ ਲਾਏ ਜਾਣ ਨਾਲ ਪ੍ਰਵਾਸੀ ਭਾਰਤੀਆਂ ਵਿੱਚ ਬੇਹੱਦ ਨਿਰਾਸ਼ਾ ਪਾਈ ਜਾ ਰਹੀ ਹੈ ਅਤੇ ਉਹ ਸਰਕਾਰ ਦੀ ਨੁਕਤਾਚੀਨੀ ਕਰ ਰਹੇ ਹਨ।

ਮਿਲੀ ਜਾਣਕਾਰੀ ਅਨੁਸਾਰ ਵਿਦੇਸ਼ ਬੈਠੇ ਭਾਰਤੀ ਮੂਲ ਦੇ ਲੋਕ ਆਪਣੇ ਰਿਸ਼ਤੇਦਾਰਾਂ ਦੀ ਮਦਦ ਲਈ ਹਰ ਮਹੀਨੇ ਮਨੀ ਚੇਂਜਰਾਂ ਰਾਹੀਂ ਘਰ ਚਲਾਉਣ ਲਈ ਕੁਝ ਰੁਪਏ ਭੇਜਦੇ ਹਨ, ਪਰ ਇਕ ਸਤੰਬਰ ਤੋਂ ਕੇਂਦਰ ਸਰਕਾਰ ਵੱਲੋਂ ਨਵੇਂ ਨੋਟੀਫਿਕੇਸ਼ਨ ਅਨੁਸਾਰ ਇਕ ਤਾਂ ਇਹ ਫੈਸਲਾ ਕੀਤਾ ਗਿਆ ਹੈ ਕਿ ਕੋਈ ਮਨੀ ਚੇਂਜਰ ਕਿਸੇ ਗਾਹਕ ਨੂੰ ਇਕ ਰੁਪਿਆ ਵੀ ਨਗਦ ਨਹੀਂ ਦੇਵੇਗਾ। ਇਹ ਭੁਗਤਾਨ ਚਾਹੇ ਕਿੰਨਾ ਵੀ ਹੋਵੇ, ਚੈਕ ਨਾਲ ਹੋਵੇਗਾ ਤੇ ਨਾਲ ਦੋ ਫੀਸਦੀ ਟੈਕਸ ਲਾ ਦਿੱਤਾ ਹੈ। ਜ਼ਿਆਦਾਤਰ ਮਨੀ ਚੇਂਜਰ ਤਿੰਨ ਤੋਂ ਚਾਰ ਫੀਸਦੀ ਟੈਕਸ ਗਾਹਕਾਂ ਤੋਂ ਵਸੂਲ ਕਰ ਰਹੇ ਹਨ, ਜੋ ਸਰਾਸਰ ਲੋਕਾਂ ਦੀ ਲੁੱਟ ਹੈ। ਅਮਰੀਕਾ ਤੋਂ ਵੀ ਬਹੁਤ ਸਾਰੇ ਪਰਵਾਰ ਹਰ ਮਹੀਨੇ ਆਪਣੇ ਰਿਸ਼ਤੇਦਾਰਾਂ ਨੂੰ ਥੋੜ੍ਹੇ-ਥੋੜ੍ਹੇ ਪੈਸੇ ਭੇਜਦੇ ਹਨ ਤਾਂ ਕਿ ਉਨ੍ਹਾਂ ਦਾ ਉਥੇ ਗੁਜ਼ਾਰਾ ਚੱਲਦਾ ਰਹੇ, ਪਰ ਸਰਕਾਰ ਵੱਲੋਂ ਟੈਕਸ ਲਾਉਣ ਨਾਲ ਉਨ੍ਹਾਂ 'ਤੇ ਵਾਧੂ ਬੋਝ ਪੈ ਗਿਆ ਹੈ।

ਪਤਾ ਲੱਗਾ ਹੈ ਕਿ ਸਿਆਟਲ ਦੇ ਪ੍ਰਸਿੱਧ ਕਾਰੋਬਾਰੀ ਬਲਬੀਰ ਸਿੰਘ ਉਸਮਾਨਪੁਰ ਹਰ ਮਹੀਨੇ ਆਪਣੇ ਪਿੰਡ 10 ਗਰੀਬ ਪਰਵਾਰਾਂ ਨੂੰ ਇਕ-ਇਕ ਹਜ਼ਾਰ ਰੁਪਏ ਪੈਨਸ਼ਨ ਵਜੋਂ ਭੇਜਦੇ ਹਨ, ਪਰ ਅੱਗੋਂ ਉਨ੍ਹਾਂ ਕਿਹਾ ਕਿ ਟੈਕਸ ਨਾਲ ਉਨ੍ਹਾਂ ਉੱਤੇ ਹੋਰ ਵਾਧੂ ਬੋਝ ਪਿਆ ਹੈ। ਸਭ ਤੋਂ ਵੱਡੀ ਗੱਲ ਕਿ ਅੱਗੇ ਤੋਂ ਨਗਦ ਰੁਪਏ ਨਹੀਂ ਮਿਲਣਗੇ, ਜਿਸ ਨਾਲ ਗਰੀਬ ਪਰਵਾਰਾਂ ਨੂੰ ਹੋਰ ਕਠਨਾਈ ਉਠਾਉਣੀ ਹੋਵੇਗੀ।

# ਇਮਰਾਨ ਖਾਨ ਕਹਿੰਦੈ: ਅਮਰੀਕਾ ਦਾ ਸਾਥ ਦੇਣਾ ਪਾਕਿਸਤਾਨ ਦੀ ਵੱਡੀ ਗਲਤੀ ਸੀ

ਇਸਲਾਮਾਬਾਦ, 15 ਸਤੰਬਰ (ਪੋਸਟ ਬਿਊਰੋ)- ਹਰ ਮੋਰਚੇ ਉੱਤੇ ਮਿਲੀ ਅਸਫਲਤਾ ਤੋਂ ਨਿਰਾਸ਼ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਇਸ ਵੇਲੇ ਸਵੈ-ਪੜਚੋਲ ਕਰ ਰਹੇ ਹਨ। ਉਨ੍ਹਾਂ ਅਫਗਾਨਿਸਤਾਨ 'ਚ ਸੋਵੀਅਤ ਰੂਸ ਦੇ ਖਿਲਾਫ ਜੰਗ ਵਿੱਚ ਅਮਰੀਕਾ ਦਾ ਸਾਥ ਦੇਣ ਨੂੰ ਪਾਕਿਸਤਾਨ ਦੀ ਵੱਡੀ ਗਲਤੀ ਮੰਨਿਆ ਹੈ।



ਇਮਰਾਨ ਖਾਨ ਦੇ ਮੁਤਾਬਕ ਉਸ ਲੜਾਈ ਵਿੱਚ ਪਾਕਿਸਤਾਨ ਨੂੰ ਪਾਸੇ ਰਹਿਣਾ ਚਾਹੀਦਾ ਸੀ। ਇਸ ਦੇ ਬਾਅਦ ਫਿਰ ਅਫਗਾਨਿਸਤਾਨ ਵਿੱਚ ਅਮਰੀਕੀ ਫੌਜ ਕਰੀਬ ਦੋ ਦਹਾਕਿਆਂ ਤੋਂ ਤਾਲਿਬਾਨ ਖਿਲਾਫ ਜੰਗ ਛੇੜੀ ਬੈਠੀ ਹੈ। ਰਸ਼ੀਆ ਟੂਡੇ ਨੂੰ ਦਿੱਤੀ ਇੰਟਰਵਿਊ ਵਿੱਚ ਇਮਰਾਨ ਨੇ ਕਿਹਾ, ਮੈਂ ਸ਼ਿੱਦਤ ਨਾਲ ਇਹ ਮਹਿਸੂਸ ਕਰਦਾ ਹਾਂ ਕਿ ਪਾਕਿਸਤਾਨ ਨੂੰ ਇਸ ਲੜਾਈ ਤੋਂ ਵੱਖ ਰਹਿਣਾ ਚਾਹੀਦਾ ਸੀ, ਕਿਉਂਕਿ ਇਸ ਵਿੱਚ ਸ਼ਾਮਲ ਹੋਣਾ ਉਸ ਦੇ ਖਿਲਾਫ ਗਿਆ ਅਤੇ ਸਾਡੇ 70 ਹਜ਼ਾਰ ਲੋਕਾਂ ਦੀਆਂ ਜਾਨਾਂ ਗਈਆਂ ਅਤੇ 100 ਅਰਬ ਡਾਲਰ ਦਾ ਅਰਥਚਾਰਾ ਬਰਬਾਦ ਹੋ ਗਿਆ ਹੈ। ਇਸ ਤੋਂ ਬਾਅਦ ਅਮਰੀਕਾ ਦੇ ਅਫਗਾਨਿਸਤਾਨ ਵਿੱਚ ਨਾ ਜਿੱਤਣ ਦਾ ਦੋਸ਼ ਸਾਨੂੰ ਦਿੱਤਾ ਜਾ ਰਿਹਾ ਹੈ। ਇਮਰਾਨ ਨੇ ਕਿਹਾ ਕਿ ਪਾਕਿਸਤਾਨ ਨਾਲ ਇਹ ਚੰਗਾ ਨਹੀਂ ਹੋ ਰਿਹਾ। ਇਮਰਾਨ ਦਾ ਇਹ ਬਿਆਨ ਅਕਤੂਬਰ 'ਚ ਹੋਣ ਵਾਲੀ ਫਾਈਨਾਂਸ਼ੀਅਲ ਐਕਸ਼ਨ ਟਾਸਕ ਫੋਰਸ (ਐਫ ਏ ਟੀ ਐਫ) ਦੀ ਬੈਠਕ ਤੋਂ ਪਹਿਲਾਂ ਦੁਨੀਆ ਨੂੰ ਦਿੱਤੀ ਸਫਾਈ ਮੰਨਿਆ ਜਾ ਰਿਹਾ ਹੈ। ਅੱਤਵਾਦੀ ਸੰਗਠਨਾਂ ਨੂੰ ਮਿਲਣ ਵਾਲੇ ਧਨ ਉਤੇ ਰੋਕ ਲਾਉਣ 'ਚ ਅਸਫਲ ਰਹੇ ਪਾਕਿਸਤਾਨ ਨੂੰ ਐਫ ਏ ਟੀ ਐਫ ਬਲੈਕ ਲਿਸਟ ਕਰ ਸਕਦਾ ਹੈ। ਐਫ ਏ ਟੀ ਐਫ ਦੀ ਕਾਰਵਾਈ ਨਾਲ ਪਾਕਿਸਤਾਨ ਨੂੰ ਕੌਮਾਂਤਰੀ ਮਦਦ ਮਿਲਣੀ ਮੁਸ਼ਕਲ ਹੋ ਜਾਵੇਗੀ।

ਇੰਟਰਵਿਊ ਵਿੱਚ ਇਮਰਾਨ ਖਾਨ ਨੇ ਕਿਹਾ ਕਿ ਪਾਕਿਸਤਾਨ ਵਿੱਚ ਪੈਦਾ ਹੋਏ ਅੱਤਵਾਦੀ ਸੰਗਠਨਾਂ ਨੇ ਅਮਰੀਕਾ ਤੋਂ ਪੈਸੇ ਲੈ ਕੇ ਅਫਗਾਨਿਸਤਾਨ 'ਚ ਸੋਵੀਅਤ ਰੂਸ ਦੀ ਫੌਜ ਨਾਲ ਲੜਾਈ ਲੜੀ ਅਤੇ ਅੱਜ ਉਹ ਸੰਗਠਨ ਪਾਕਿਸਤਾਨ ਉੱਤੇ ਭਾਰੀ ਪੈ ਰਹੇ ਹਨ। ਇਮਰਾਨ ਨੇ ਕਿਹਾ ਕਿ ਅਮਰੀਕਾ ਦੀ ਅੱਤਵਾਦ ਵਿਰੁੱਧ ਲੜਾਈ 'ਚ ਸ਼ਾਮਲ ਹੋ ਕੇ ਪਾਕਿਸਤਾਨ ਨੇ ਆਪਣੇ ਲੋਕਾਂ ਨੂੰ ਗੁਆਇਆ ਤੇ ਅਰਥਚਾਰਾ ਬਰਬਾਦ ਕਰ ਲਿਆ ਹੈ। ਇਸ ਦਾ ਨਤੀਜਾ ਇਹ ਹੈ ਕਿ ਪਾਕਿਸਤਾਨ ਨਕਦ ਪੈਸੇ ਲਈ ਮੁਹਤਾਜ ਹੋ ਗਿਆ ਤੇ ਕਈ ਦੇਸ਼ਾਂ ਅਤੇ ਕੌਮਾਂਤਰੀ ਅਦਾਰਿਆਂ ਦੀ ਮਦਦ ਨਾਲ ਕੰਮ ਚੱਲ ਰਿਹਾ ਹੈ।

# ਐਕਸਰਸਾਈਜ਼ ਕਰਦੇ ਭਾਰਤ-ਅਮਰੀਕਾ ਦੇ ਫੌਜੀਆਂ ਨੂੰ ਸਿੱਖਾਂ ਨੇ ਲੰਗਰ ਛਕਾਇਆ

ਵਾਸ਼ਿੰਗਟਨ, 15 ਸਤੰਬਰ (ਪੋਸਟ ਬਿਊਰੋ)- ਭਾਰਤ ਅਤੇ ਅਮਰੀਕੀ ਫੌਜ ਦੀ ਵਾਸ਼ਿੰਗਟਨ ਵਿਚ ਸਾਂਝੀ ਐਕਸਰਸਾਈਜ਼ ਚੱਲ ਰਹੀ ਹੈ। ਦੋਵੇਂ ਦੇਸ਼ਾਂ ਦੇ ਸਬੰਧਾਂ ਵਿਚ ਵਾਧੇ ਤੇ ਤਕਨੀਕ ਤਬਾਦਲੇ ਦਾ ਇਹ ਵੱਡਾ ਕਦਮ ਹੈ। ਇਸੇ ਮੌਕੇ ਵਾਸ਼ਿੰਗਟਨ ਵਿਚ ਐਕਸਰਸਾਈਜ਼ ਕਰਦੇ ਦੋਵੇਂ ਫੌਜਾਂ ਦੇ ਜਵਾਨਾਂ ਲਈ ਸਥਾਨਕ ਸਿੱਖਾਂ ਨੇ ਲੰਗਰ ਦਾ ਪ੍ਰਬੰਧ ਕੀਤਾ ਹੈ।



ਵਾਸ਼ਿੰਗਟਨ ਦੇ ਲੁਈਸ ਮੈਕਕਾਰਡ ਵਿਚ ਚੱਲ ਰਹੀ ਇਸ ਸਾਂਝੀ ਐਕਸਰਸਾਈਜ਼ ਦੌਰਾਨ ਸਿੱਖ ਵਾਲੰਟੀਅਰਜ਼ ਨੇ ਜਵਾਨਾਂ ਲਈ ਲੰਗਰ ਲਾਇਆ ਤੇ ਦੋਵੇਂ ਦੇਸ਼ਾਂ ਦੇ ਫੌਜੀ ਜਵਾਨਾਂ ਨੂੰ ਛਕਾਇਆ। ਸਿੱਖਾਂ ਵੱਲੋਂ ਕੀਤੇ ਇਸ ਉੱਦਮ ਦੀ ਸੋਸ਼ਲ ਮੀਡੀਆ ਉੱਤੇ ਕਾਫ਼ੀ ਤਾਰੀਫ਼ ਹੋਈ ਹੈ ਤੇ ਟਵਿਟਰ ਉੱਤੇ ਲੋਕ ਲਿਖ ਰਹੇ ਹਨ ਕਿ ਸਿੱਖ ਹਰ ਥਾਂ ਵੱਖਰੀ ਛਾਪ ਛੱਡਦੇ ਹਨ ਤੇ ਇਸ ਨੂੰ ਹਰ ਕੋਈ ਮੰਨਦਾ ਹੈ। ਦੋਵੇਂ ਦੇਸ਼ਾਂ ਦੀ ਫੌਜ ਦੀ ਇਸ ਐਕਸਰਸਾਈਜ਼ ਨੂੰ 'ਜੰਗ ਅਭਿਆਸ 2019' ਦਾ ਨਾਂਅ ਦਿੱਤਾ ਗਿਆ ਹੈ। ਇਹ 18 ਸਤੰਬਰ ਤੱਕ ਚੱਲੇਗੀ। ਭਾਰਤ ਤੇ ਅਮਰੀਕਾ ਵਿਚਾਲੇ ਇਹ ਐਕਸਰਸਾਈਜ਼ ਵਾਸ਼ਿੰਗਟਨ ਦੇ ਸਾਂਝੇ ਬੇਸ ਲੇਵਿਸ ਮੈਕਕਾਰਡ ਵਿਚ ਚੱਲ ਰਹੀ ਹੈ।

# ਪਾਕਿਸਤਾਨ ਵਿੱਚ 10 ਸਾਲਾ ਹਿੰਦੂ ਲੜਕੀ ਅਗਵਾ ਕਰ ਕੇ ਜਬਰੀ ਵਿਆਹ ਕਰਵਾਇਆ ਗਿਆ

ਲਾਹੌਰ, 15 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਘੱਟ ਗਿਣਤੀਆਂ ਉੱਤੇ ਅਤਿਆਚਾਰਾਂ ਦਾ ਸਿਲਸਿਲਾ ਰੁਕਣ ਦਾ ਨਾਂਅ ਨਹੀਂ ਲੈ ਰਿਹਾ ਤੇ ਆਏ ਦਿਨ ਹਿੰਦੂ, ਸਿੱਖ ਲੜਕੀਆਂ ਦੇ ਅਗਵਾ ਦੇ ਕੇਸ ਸਾਹਮਣੇ ਆ ਰਹੇ ਹਨ।

ਤਾਜ਼ਾ ਮਾਮਲਾ ਹਿੰਦੂ ਲੜਕੀ ਨੂੰ ਅਗਵਾ ਕਰਨ ਦਾ ਸਾਹਮਣੇ ਆਇਆ ਹੈ ਕਿ ਸਿੰਧ ਦੇ ਇਸਲਾਮਕੋਟ ਦੀ ਰਹਿਣ ਵਾਲੀ 10 ਸਾਲਾ ਹਿੰਦੂ ਲੜਕੀ ਨੂੰ ਅਗਵਾ ਕਰ ਕੇ ਉਸ ਦਾ ਵਿਆਹ ਕਰਵਾ ਦਿੱਤਾ ਗਿਆ ਹੈ। ਸਿੰਧ ਤੋਂ ਦੋ ਮਹੀਨਿਆਂ 'ਚ ਹਿੰਦੂ ਲੜਕੀਆਂ ਦੇ ਅਗਵਾ ਹੋਣ ਦੀ ਇਹ ਚੌਥੀ ਘਟਨਾ ਹੈ। ਲੜਕੀ ਦੇ ਅਗਵਾ ਹੋਣ ਦੀ ਸੂਚਨਾ ਪਾਕਿਸਤਾਨੀ ਹਿੰਦੂਆਂ ਦੀ ਆਲ ਪਾਕਿਸਤਾਨ ਹਿੰਦੂ ਪੰਚਾਇਤ ਨੇ ਸੋਸ਼ਲ ਮੀਡੀਆ ਉੱਤੇ ਪਾ ਦਿੱਤੀ ਹੈ। ਇਸ ਤੋਂ ਪਹਿਲਾਂ ਲਾਹੌਰ ਦੇ ਨਨਕਾਣਾ ਸਾਹਿਬ ਖੇਤਰ ਤੋਂ ਸਿੱਖ ਲੜਕੀ ਨੂੰ ਬੰਦੂਕ ਦੇ ਜ਼ੋਰ ਉਤੇ ਧਰਮ ਤਬਦੀਲੀ ਅਤੇ ਜਬਰੀ ਵਿਆਹ ਕਰਵਾਉਣ ਦਾ ਮਾਮਲਾ ਸਾਹਮਣੇ ਆਇਆ ਸੀ। ਪਤਾ ਲੱਗਾ ਹੈ ਕਿ ਸਿੰਧ ਵਿੱਚ ਬੀ ਬੀ ਏ ਵਿੱਚ ਪੜ੍ਹਦੀ ਹਿੰਦੂ ਲੜਕੀ ਨੂੰ 29 ਅਗਸਤ ਨੂੰ ਅਗਵਾ ਕੀਤਾ ਗਿਆ ਸੀ। ਲੜਕੀ ਦੇ ਪਿਤਾ ਦੀ ਸ਼ਿਕਾਇਤ ਅਨੁਸਾਰ ਲੜਕੀ ਨੂੰ ਉਸ ਦੀ ਜਮਾਤ 'ਚ ਪੜ੍ਹਨ ਵਾਲੇ ਬਾਬਰ ਅਮਨ ਤੇ ਉਸ ਦੇ ਸਾਥੀ ਮਿਰਜ਼ਾ ਦਿਲਾਵਰ ਬੇਗ ਨੇ ਅਗਵਾ ਕਰ ਲਿਆ ਸੀ। ਮਿਰਜ਼ਾ ਦਿਲਾਵਰ ਬੇਗ ਪਾਕਿਸਤਾਨ ਤਹਿਰੀਕ ਏ ਇਨਸਾਫ ਪਾਰਟੀ ਦਾ ਮੈਂਬਰ ਹੈ, ਜੋ ਪਾਕਿ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਾਰਟੀ ਹੈ।

# ਭਾਰਤੀ ਮੂਲ ਦੇ ਬ੍ਰਿਟਿਸ਼ ਕ੍ਰਿਕਟਰ ਪਨੇਸਰ ਸਿਆਸੀ ਪਾਰੀ ਖੇਡਣ ਲੱਗੇ

ਲੰਡਨ, 15 ਸਤੰਬਰ (ਪੋਸਟ ਬਿਊਰੋ)- ਇੰਗਲੈਂਡ ਦੇ ਸਾਬਕਾ ਸਪਿੰਨਰ ਮੋਂਟੀ ਪਨੇਸਰ ਨੇ ਆਪਣੇ ਕ੍ਰਿਕਟ ਕਰੀਅਰ ਤੋਂ ਬਾਅਦ ਰਾਜਨੀਤੀ ਵਿੱਚ ਜਾਣ ਦੀ ਇੱਛਾ ਜਤਾਈ ਹੈ, ਜਿੱਥੇ ਉਹ ਲੰਡਨ ਦੇ ਮੇਅਰ ਬਣਨਾ ਚਾਹੁੰਦੇ ਹਨ।



37 ਸਾਲ ਦਾ ਇਹ ਸਾਬਕਾ ਖਿਡਾਰੀ ਲੇਖਕ ਬਣ ਗਿਆ ਹੈ। ਉਸ ਨੇ ਆਪਣੀ ਕਿਤਾਬ 'ਦਿ ਫੁਲ ਮੌਂਟੀ' ਦੀ ਕਾਪੀ ਵਿਸ਼ਵ ਕੱਪ ਮੌਕੇ ਭਾਰਤੀ ਖਿਡਾਰੀਆਂ ਨੂੰ ਦਿੱਤੀ ਸੀ। ਪਨੇਸਰ ਨੇ ਭਾਰਤੀ ਪੱਤਰਕਾਰ ਐਸੋਸੀਏਸ਼ਨ (ਆਈ ਜੇ ਏ) ਵੱਲੋਂ ਕਰਵਾਏ ਸਮਾਗਮ ਵਿੱਚ ਇਥੇ ਕਿਹਾ, ਰਾਜਨੀਤੀ ਵਿੱਚ ਮੇਰੀ ਰੁਚੀ ਹੈ, ਮੈਂ ਲੰਡਨ ਦਾ ਮੇਅਰ ਬਣਨਾ ਚਾਹੁੰਦਾ ਹਾਂ, ਮੈਂ ਲੰਡਨ ਦੇ ਬਾਰੇ ਸਭ ਕੁਝ ਜਾਣਦਾ ਹਾਂ। ਇਸ ਲਈ ਜਦੋਂ ਸਾਦਿਕ ਖਾਨ ਦਾ ਮੇਅਰ ਦੇ ਤੌਰ 'ਤੇ ਕਾਰਜਕਾਲ ਖਤਮ ਹੋਵੇਗਾ ਤਾਂ ਮੈਨੂੰ ਇਸ ਦੀ ਜ਼ਿੰਮਵਾਰੀ ਮਿਲ ਸਕਦੀ ਹੈ। ਉਸ ਨੇ ਭਾਰਤ ਨੂੰ ਕ੍ਰਿਕਟ ਦੀ ਮਹਾਸ਼ਕਤੀ ਦੱਸ ਕੇ ਕਿਹਾ ਕਿ ਭਾਰਤੀ ਪ੍ਰਸ਼ੰਸਕ ਹੀ ਆਪਣੀ ਗਿਣਤੀ ਤੇ ਉਤਸ਼ਾਹ ਨਾਲ ਚੈਂਪੀਅਨਸ਼ਿਪ ਨੂੰ ਸਫਲ ਬਣਾਉਂਦੇ ਹਨ। ਉਨ੍ਹਾਂ ਕਿਹਾ ਕਿ ਭਾਰਤ ਇੱਕ ਵਿਕਸਤ ਦੇਸ਼ ਹੈ ਅਤੇ ਜਲਦੀ ਹੀ ਦੁਨੀਆ 'ਤੇ ਰਾਜ ਕਰੇਗਾ। ਜਦੋਂ ਪਨੇਸਰ ਤੋਂ ਪੁੱਛਿਆ ਗਿਆ ਕਿ ਉਸ ਨੇ ਭਵਿੱਖ ਦੀ ਸਿਆਸੀ ਵਿਚਾਰਧਾਰਾ ਬਾਰੇ ਕੀ ਫੈਸਲਾ ਕੀਤਾ ਹੈ ਤਾਂ ਉਸ ਨੇ ਕਿਹਾ, ਮੈਂ ਅਜੇ ਕੋਈ ਫੈਸਲਾ ਨਹੀਂ ਕੀਤਾ, ਕਿਉਂਕਿ ਮੈਂ ਅਜੇ ਕ੍ਰਿਕਟ ਖੇਡਣਾ ਚਾਹੁੰਦਾ ਹਾਂ। ਆਗਾਮੀ ਕਾਊਂਟੀ ਸੈਸ਼ਨ ਲਈ ਪੂਰੀ ਤਰ੍ਹਾਂ ਫਿੱਟ ਹੋਣ 'ਤੇ ਧਿਆਨ ਦੇ ਰਿਹਾ ਹਾਂ। ਇਸ ਵਿਚਾਲੇ ਜਦੋਂ ਤੁਸੀਂ ਕ੍ਰਿਕਟ ਤੋਂ ਦੂਰ ਰਹਿੰਦਾ ਹੋ ਤਾਂ ਦਿਮਾਗ ਨੂੰ ਕਿਤੇ ਵਿਅਸਤ ਕਰਨਾ ਹੁੰਦਾ ਹੈ ਇਸੇ ਲਈ ਮੈਂ ਚੋਣ ਲੜਨ ਬਾਰੇ ਸੋਚਦਾ ਹਾਂ।

# ਇਟਲੀ ਵਿੱਚ ਗੋਬਰ ਟੈਂਕ ਵਿੱਚ ਡਿੱਗ ਕੇ ਚਾਰ ਪੰਜਾਬੀ ਨੌਜਵਾਨਾਂ ਦੀ ਮੌਤ

ਬਰੇਸ਼ੀਆ (ਇਟਲੀ), 15 ਸਤੰਬਰ (ਪੋਸਟ ਬਿਊਰੋ)- ਇਟਲੀ ਦੇ ਪਵੀਆ ਸ਼ਹਿਰ 'ਚ ਇਕ ਫਾਰਮ ਹਾਊਸ ਦੇ ਗੋਬਰ ਟੈਂਕ 'ਚ ਡਿੱਗਣ ਕਾਰਨ ਚਾਰ ਪੰਜਾਬੀ ਨੌਜਵਾਨਾਂ ਦੀ ਮੌਤ ਹੋ ਗਈ ਹੈ।

ਪਤਾ ਲੱਗਾ ਹੈ ਕਿ ਪਵੀਆ ਦੇ ਨੇੜੇ ਅਰੇਨਾ ਪੋ, ਜਿਥੇ ਇਹ ਹਾਦਸਾ ਵਾਪਰਿਆ, ਵਿਖੇ ਫਾਰਮ ਹਾਊਸ ਦੇ ਮਾਲਕ ਦੋ ਪੰਜਾਬੀ ਭਰਾ ਸਨ ਤੇ ਉਨ੍ਹਾਂ ਨਾਲ ਦੋ ਹੋਰ ਪੰਜਾਬੀ ਨੌਜਵਾਨ ਕੰਮ ਕਰਦੇ ਸਨ। ਸਿਵਲ ਅਤੇ ਪੁਲਸ ਅਧਿਕਾਰੀਆਂ ਵੱਲੋਂ ਮੌਕੇ 'ਤੇ ਐਮਰਜੈਂਸੀ ਸੇਵਾਵਾਂ ਦਿੱਤੀਆਂ ਗਈਆਂ, ਪਰ ਉਸ ਸਮੇਂ ਤੱਕ ਬਹੁਤ ਦੇਰ ਹੋ ਚੁੱਕੀ ਸੀ। ਫਾਇਰ ਬ੍ਰਿਗੇਡ ਨੇ ਦੋ ਲਾਸ਼ਾਂ ਨੂੰ ਬਾਹਰ ਕੱਢ ਲਿਆ ਅਤੇ ਬਾਕੀ ਦੋਵਾਂ ਦੀ ਭਾਲ ਲਈ ਪਾਣੀ ਦੇ ਟੈਂਕ ਨੂੰ ਖਾਲੀ ਕੀਤਾ ਜਾ ਰਿਹਾ ਸੀ। ਇਟਾਲੀਅਨ ਪੁਲਸ ਨੇ ਕਿਹਾ ਕਿ ਮ੍ਰਿਤਕ ਨੌਜਵਾਨਾਂ ਦੀ ਪਛਾਣ ਪਤਾ ਲੱਗੀ ਹੈ ਅਤੇ ਇਨ੍ਹਾਂ ਵਿੱਚ ਪੇਮ ਸਿੰਘ ਅਤੇ ਤਰਸੇਮ ਸਿੰਘ ਦੋਵੇਂ ਸਕੇ ਭਰਾ ਸਨ, ਜਦ ਕਿ ਦੂਸਰੇ ਦੋ ਅਮਰਿੰਦਰ ਸਿੰਘ ਅਤੇ ਮਨਜਿੰਦਰ ਸਿੰਘ ਸਨ।







FIRST CHOICE FINANCIAL LIMITED

TRUCK LOANS

ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing

- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact

Rajdeep: 647.707.4167

Office: 905.678.2424

MICHELIN · Hankook · Continental · ROADLUX · BFGoodrich · AEOLUS · COMPASAL · Chevron Delo

Special OIL CHANGE Rates

BEST TRUCK REPAIR & TIRE CENTRE

We also Specialize in Engine, AC, Transmission, Differential Rebuild, Safety Inspection & All Kinds of Electric Work

ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ । ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ

SPECIAL ON TRUCK ALIGNMENT | BRAND NEW MACHINES 2018

Brake & Drum -Made in U.S - On Special Sale!

Special Sale 4 CAT Batteries $550 with Installation

Special Sale on Smartway Approved Tires $245 each

www.besttruckrepairandtire.ca | Email: ranjitbesttruck@yahoo.ca

7 ਦਿਨ ਖੁੱਲਾ

Spring Sale

1715 Sismet Rd, Mississauga | Call Ranjit: 416.624.8351 | Tel: 905.625.0055

# ਪੰਜਾਬ 'ਚ ਅੱਗੇ ਤੋਂ ਰਿਟਾਇਰਮੈਂਟ ਬਾਅਦ ਐਕਸਟੈਂਸ਼ਨ ਕਿਸੇ ਨੂੰ ਨਹੀਂ ਮਿਲੇਗੀ

ਚੰਡੀਗੜ੍ਹ, 15 ਸਤੰਬਰ (ਪੋਸਟ ਬਿਊਰੋ)- ਪੰਜਾਬ ਦੀ ਪਿਛਲੀ ਅਕਾਲੀ-ਭਾਜਪਾ ਸਰਕਾਰ ਵੇਲੇ ਅਫਸਰਾਂ ਤੇ ਹੇਠਲੇ ਮੁਲਾਜ਼ਮਾਂ ਦੇ ਸੇਵਾ-ਕਾਲ ਵਿੱਚ ਸੇਵਾ-ਮੁਕਤੀ ਪਿੱਛੋਂ ਦੋ ਸਾਲ ਦੇ ਵਾਧੇ ਵਾਲਾ ਜਿਹੜਾ ਰੁਝਾਨ ਸ਼ੁਰੂ ਕੀਤਾ ਗਿਆ ਸੀ, ਉਸ ਉੱਤੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹੌਲੀ-ਹੌਲੀ ਰੋਕਾਂ ਲਾਉਣ ਲੱਗੀ ਹੈ। ਇਸ ਦੀ ਸ਼ੁਰੂਆਤ ਇਸ ਦੇ ਸਹਾਇਕ ਅਦਾਰਿਆਂ ਤੋਂ ਕੀਤੀ ਗਈ ਹੈ।

ਕੇਂਦਰ ਸਰਕਾਰ ਦੇ ਫੂਡ ਸਪਲਾਈ ਭੰਡਾਰ ਵਾਸਤੇ ਪੰਜਾਬ ਸਰਕਾਰ ਵੱਲੋਂ ਅਨਾਜ ਦੀ ਖਰੀਦ ਦਾ ਕੰਮ ਵਾਪਸ ਲੈਣ ਪਿੱਛੋਂ ਪੰਜਾਬ ਐਗਰੋ ਫੂਡਗਰੇਨ ਦੇ ਬੋਰਡ ਆਫ ਡਾਇਰੈਕਟਰਜ਼ ਨੇ ਆਪਣੇ ਵਿਭਾਗ ਦੇ ਅਫਸਰਾਂ ਤੇ ਮੁਲਾਜ਼ਮਾਂ ਦੇ ਸੇਵਾ-ਕਾਲ ਵਿੱਚ ਸੇਵਾ-ਮੁਕਤੀ ਪਿੱਛੋਂ ਵਾਧਾ ਕਰਨ ਤੋਂ ਮਨ੍ਹਾ ਕਰਦੇ ਹੋਏ ਸਾਰਿਆਂ ਨੂੰ ਮਿਥੇ ਸਮੇਂ 'ਤੇ ਰਿਟਾਇਰ ਕਰ ਦਿੱਤਾ ਹੈ। ਪਿਛਲੇ ਦਿਨੀਂ ਕੋਆਪਰੇਟਿਵ ਵਿਭਾਗ ਦੇ ਰਜਿਸਟਰਾਰ ਨੇ ਇੱਕ ਹੁਕਮ ਰਾਹੀਂ ਇਸ ਰਾਜ ਵਿੱਚ ਸਭ ਕੋਆਪਰੇਟਿਵ ਅਦਾਰਿਆਂ ਦੇ ਮੁਖੀਆਂ ਨੂੰ ਕਿਹਾ ਹੈ ਕਿ ਉਨ੍ਹਾਂ ਕੋਲ ਕੰਮ ਕਰਦੇ ਕਰਮਚਾਰੀਆਂ ਨੂੰ ਭਵਿੱਖ ਵਿੱਚ ਸੇਵਾ-ਮੁਕਤੀ ਤੋਂ ਬਾਅਦ ਉਨ੍ਹਾਂ ਦੇ ਕਾਰਜਕਾਲ ਦਾ ਵਾਧਾ ਨਾ ਦਿੱਤਾ ਜਾਵੇ। ਇਸ ਹੁਕਮ ਵਿੱਚ ਇਹ ਲਿਖਿਆ ਹੈ ਕਿ ਪੰਜਾਬ ਦੇ ਕੋਆ-ਪਰੇਟਿਵ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੀ ਅਗਵਾਈ ਹੇਠ ਪਿਛਲੇ ਤਿੰਨ ਸਤੰਬਰ ਦੀ ਬੈਠਕ ਵਿੱਚ ਚਰਚਾ ਤੋਂ ਬਾਅਦ ਮੰਤਰੀ ਨੇ ਹੁਕਮ ਦਿੱਤੇ ਹਨ ਕਿ ਰਾਜ ਦੇ ਸਾਰੇ ਕੋਆ-ਪਰੇਟਿਵ ਅਦਾਰਿਆਂ ਦੇ ਮੁਲਾਜ਼ਮਾਂ ਲਈ ਸੇਵਾ-ਕਾਲ ਵਿੱਚ ਸੇਵਾ-ਮੁਕਤੀ ਤੋਂ ਬਾਅਦ ਕੋਈ ਵਾਧਾ ਨਾ ਕੀਤਾ ਜਾਵੇ। ਇਸ ਹੁਕਮ ਵਿੱਚ ਇਹ ਵੀ ਸਾਫ ਕਿਹਾ ਗਿਆ ਹੈ ਕਿ ਪਹਿਲਾਂ ਤੋਂ ਸੇਵਾ-ਮੁਕਤੀ ਤੋਂ ਬਾਅਦ ਸੇਵਾ-ਕਾਲ ਵਿੱਚ ਵਾਧੇ ਦਾ ਇੱਕ ਜਾਂ ਦੋ ਸਾਲ ਦਾ ਲਾਭ ਉਠਾ ਰਹੇ ਮੁਲਾਜ਼ਮਾਂ ਨੂੰ ਉਨ੍ਹਾਂ ਦੇ ਇਸ ਵਾਧੇ ਦੀ ਸਮਾਂ ਹੱਦ ਮੁੱਕਣ ਪਿੱਛੋਂ ਇਸ ਅਹੁਦੇ ਤੋਂ ਰਿਟਾਇਰ ਮੰਨਿਆ ਜਾਵੇ। ਇਸ ਵਿਭਾਗ ਦੇ ਇਸ ਹੁਕਮ ਤੋਂ ਬਾਅਦ ਪੰਜਾਬ ਸਰਕਾਰ ਦੇ ਅਦਾਰਿਆਂ ਮਾਰਕਫੈੱਡ, ਸ਼ੂਗਰਫੈੱਡ, ਮਿਲਕਫੈੱਡ ਤੇ ਹਾਊਸਫੈੱਡ ਸਮੇਤ ਸਭ ਕੋਆਪਰੇ-ਟਿਵ ਅਦਾਰਿਆਂ, ਬੈਂਕਾਂ ਅਤੇ ਸੋਸਾਈਟੀਜ਼ ਵਿੱਚ ਇਹ ਹੁਕਮ ਲਾਗੂ ਹੋ ਗਿਆ ਹੈ।

# ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀ ਨੇ ਵੀ ਸਿਮਰਜੀਤ ਬੈਂਸ ਦੇ ਖਿਲਾਫ ਸ਼ਿਕਾਇਤ ਜਾ ਕੀਤੀ

*** ਸਮਰਾਲਾ ਕੋਲ ਬਾਈਪਾਸ ਦੇ ਕੰਮ ਵਿੱਚ ਅੜਿੱਕੇ ਦਾ ਜ਼ਿਕਰ ਕੀਤਾ**



ਚੰਡੀਗੜ੍ਹ, 15 ਸਤੰਬਰ (ਪੋਸਟ ਬਿਊਰੋ)- ਲੁਧਿਆਣਾ ਤੋਂ ਵਿਧਾਇਕ ਤੇ ਲੋਕ ਇਨਸਾਫ ਪਾਰਟੀ ਦੇ ਨੇਤਾ ਸਿਮਰਜੀਤ ਸਿੰਘ ਬੈਂਸ ਦੇ ਖਿਲਾਫ ਇੱਕ ਹੋਰ ਸ਼ਿਕਾਇਤ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਦੇ ਇੱਕ ਵੱਡੇ ਅਧਿਕਾਰੀ ਨੇ ਵੀ ਕਰ ਦਿੱਤੀ ਹੈ। ਪੰਜਾਬ ਦੇ ਪੀ ਡਬਲਯੂ ਡੀ ਦੇ ਪ੍ਰਿੰਸੀਪਲ ਸੈਕਟਰੀ ਹੁਸਨ ਲਾਲ ਨੂੰ ਐੱਸ ਐੱਮ ਐੱਸ ਦੇ ਰਾਹੀਂ ਭੇਜੀ ਗਈ ਇਸ ਸ਼ਿਕਾਇਤ ਵਿੱਚ ਲਿਖਿਆ ਹੈ ਕਿ ਸਮਰਾਲਾ ਦੇ ਕੋਲ ਬਹਿਲੋਲਪੁਰ ਪਿੰਡ ਨੇੜੇ ਬਣ ਰਹੇ ਬਾਈਪਾਸ ਨੂੰ ਪੂਰਾ ਕਰਨ ਵਿੱਚ ਸਿਮਰਜੀਤ ਸਿੰਘ ਬੈਂਸ ਦੇ ਕਾਰਨ ਮੁਸ਼ਕਲ ਆ ਰਹੀ ਹੈ।

ਇਸ ਸੰਬੰਧ ਵਿੱਚ ਪ੍ਰਿੰਸੀਪਲ ਸੈਕਟਰੀ ਹੁਸਨ ਲਾਲ ਨੂੰ ਦੱਸਿਆ ਗਿਆ ਹੈ ਕਿ ਉਥੇ ਬਾਈਪਾਸ ਨੂੰ ਕਰਾਸ ਕਰ ਰਹੀ ਲਿੰਕ ਰੋਡ ਉੱਤੇ ਫਲਾਈ ਓਵਰ ਬਣਾਇਆ ਜਾਣਾ ਸੰਭਵ ਨਹੀਂ ਹੈ, ਕਿਉਂਕਿ ਉਹ ਕਰਾਸ ਰੋਡ ਦੀ ਚੌੜਾਈ ਮਸਾਂ 3.5 ਪੰਜ ਮੀਟਰ ਹੈ। ਓਥੇ ਲੱਗੇ ਹੋਏ ਧਰਨੇ ਕਾਰਨ ਉਥੇ ਜਿਹੜਾ 400 ਮੀਟਰ ਸੜਕ ਦਾ ਟੁਕੜਾ ਬਣਨਾ ਬਾਕੀ ਹੈ, ਉਸ ਦਾ ਕੰਮ ਰੁਕਿਆ ਪਿਆ ਹੈ। ਜੇ ਇਹੀ ਸਥਿਤੀ ਰਹੀ ਤਾਂ ਕੰਮ ਮੁਕੰਮਲ ਨਹੀਂ ਹੋਵੇਗਾ ਤੇ ਠੇਕੇਦਾਰ ਦਾ ਕੰਮ ਕਰਨ ਦਾ ਸਮਾਂ ਖਤਮ ਹੋ ਜਾਏਗਾ, ਜਿਸ ਕਾਰਨ ਆਰਥਿਕ ਨੁਕਸਾਨ ਹੋ ਸਕਦਾ ਹੈ। ਪਤਾ ਲੱਗਾ ਹੈ ਕਿ ਹੁਸਨ ਲਾਲ ਨੇ ਇਹ ਗੱਲ ਚੀਫ ਸੈਕਟਰੀ ਕਰਣ ਅਵਤਾਰ ਸਿੰਘ ਦੇ ਧਿਆਨ ਵਿੱਚ ਲਿਆ ਦਿੱਤਾ ਹੈ।

# ਰਿਸ਼ਵਤਖੋਰ ਪੁਲਸ ਵਾਲਾ ਵਿਜੀਲੈਂਸ ਦੇ ਹੱਥੇ ਚੜ੍ਹਿਆ

ਲੁਧਿਆਣਾ, 15 ਸਤੰਬਰ (ਪੋਸਟ ਬਿਊਰੋ)- ਇੱਕ ਨਿਰਦੋਸ਼ ਵਿਅਕਤੀ ਨੂੰ ਚੋਰੀ ਦੇ ਝੂਠੇ ਕੇਸ ਵਿੱਚ ਫਸਾਉਣ ਦੀ ਧਮਕੀ ਦੇ ਕੇ ਉਸ ਤੋਂ 10,000 ਰੁਪਏ ਵਸੂਲਣ ਵਾਲਾ ਪੁਲਸ ਮੁਲਾਜ਼ਮ ਕੱਲ੍ਹ ਵਿਜੀਲੈਂਸ ਨੇ ਫੜ ਲਿਆ। ਗ੍ਰਿਫਤਾਰ ਕਰਨ ਦੇ ਬਾਅਦ ਉਸ ਦੇ ਕਬਜ਼ੇ ਵਿੱਚੋਂ ਰਿਸ਼ਵਤ ਦੀ ਰਕਮ ਵੀ ਮਿਲ ਗਈ ਹੈ। ਦੋਸ਼ੀ ਦੀ ਪਛਾਣ ਸਰਬਜੀਤ ਸਿੰਘ ਵਜੋਂ ਹੋਈ ਹੈ, ਜੋ ਹੰਬੜਾਂ ਪੁਲਸ ਚੌਕੀ 'ਚ ਸਿਪਾਹੀ ਦੇ ਅਹੁਦੇ ਉੱਤੇ ਤੈਨਾਤ ਹੈ।

ਐੱਸ ਐੱਸ ਪੀ ਵਿਜੀਲੈਂਸ ਰੁਪਿੰਦਰ ਸਿੰਘ ਨੇ ਦੱਸਿਆ ਕਿ ਇਹ ਕਾਰਵਾਈ ਸਲੇਮ ਟਾਬਰੀ ਦੇ ਸਰੂਪ ਨਗਰ ਦੇ ਅਜਮੇਰ ਸਿੰਘ ਦੀ ਸ਼ਿਕਾਇਤ ਉੱਤੇ ਕੀਤੀ ਗਈ ਹੈ, ਜਿਸ ਵਿੱਚ ਪੀੜਤ ਦਾ ਕਹਿਣਾ ਹੈ ਕਿ ਦੋਸ਼ੀ ਨੇ ਉਸ ਨੂੰ ਚੋਰੀ ਦੇ ਝੂਠੇ ਕੇਸ ਵਿੱਚ ਫਸਾਉਣ ਦੀ ਧਮਕੀ ਦੇ ਕੇ 50,000 ਰੁਪਏ ਮੰਗੇ ਸਨ, ਪਰ ਕਾਫੀ ਮਿੰਨਤਾਂ ਕਰਨ ਪਿੱਛੋਂ 30,000 ਰੁਪਏ ਲੈਣਾ ਮੰਨ ਗਿਆ। ਇਸ ਤੋਂ ਬਾਅਦ ਉਸ ਨੇ 5000 ਰੁਪਏ ਉਸੇ ਸਮੇਂ ਲੈ ਲਏ ਤੇ ਬਾਕੀ 10000 ਰੁਪਏ ਕੱਲ੍ਹ ਸ਼ਾਮ ਨੂੰ ਦੇਣੇ ਤੈਅ ਹੋਏ ਸਨ। ਓਨੀ ਦੇਰ ਤੱਕ ਸੰਬੰਧਤ ਵਿਅਕਤੀ ਨੇ ਵਿਜੀਲੈਂਸ ਕੋਲ ਸ਼ਿਕਾਇਤ ਕਰ ਦਿੱਤੀ ਤਾਂ ਦੋਸ਼ੀ ਨੂੰ ਫੜਨ ਲਈ ਇੰਸਪੈਕਟਰ ਸੁਰਿੰ-ਦਰ ਸਿੰਘ ਦੀ ਡਿਊਟੀ ਲਾਈ ਗਈ, ਜਿਨ੍ਹਾਂ ਨੇ ਕਾਨੂੰਨੀ ਪ੍ਰਕਿਰਿਆ ਪਿੱਛੋਂ ਯੋਜਨਾ ਬੱਧ ਤਰੀਕੇ ਨਾਲ ਸਿਪਾਹੀ ਸਰਬਜੀਤ ਸਿੰਘ ਨੂੰ ਪੀੜਤ ਤੋਂ ਰਿਸ਼ਵਤ ਲੈਂਦੇ ਫੜ ਲਿਆ। ਇਸ ਮੌਕੇ ਸਰਕਾਰੀ ਗਵਾਹ ਵਜੋਂ ਬਾਸਕਟਬਾਲ ਦਾ ਕੋਚ ਜਸਪਾਲ ਸਿੰਘ ਅਤੇ ਪ੍ਰਵੀਨ ਠਾਕੁਰ ਮੌਜੂਦ ਸਨ।

ਰੁਪਿੰਦਰ ਸਿੰਘ ਨੇ ਦੱਸਿਆ ਕਿ ਦੋਸ਼ੀ ਦੇ ਖਿਲਾਫ ਕੁਰੱਪਸ਼ਨ ਐਕਟ ਦਾ ਕੇਸ ਦਰਜ ਕੀਤਾ ਗਿਆ ਹੈ। ਜੇ ਇਸ ਕੇਸ ਵਿੱਚ ਚੌਕੀ ਇੰਚਾਰਜ ਦੀ ਭੂਮਿਕਾ ਨਿਕਲੀ ਤਾਂ ਉਸ ਦੇ ਖਿਲਾਫ ਵੀ ਸਖਤ ਕਾਰਵਾਈ ਕੀਤੀ ਜਾਵੇਗੀ।

# ਠੱਗ ਲਾੜਿਆਂ ਤੋਂ ਪੀੜਤ ਕੁੜੀਆਂ ਪਾਸਪੋਰਟ ਦਫਤਰ ਵਿੱਚ ਜਾਂਚ ਅਫਸਰ ਬਣੀਆਂ

ਚੰਡੀਗੜ੍ਹ, 15 ਸਤੰਬਰ (ਪੋਸਟ ਬਿਊਰੋ)- ਧੋਖੇਬਾਜ਼ ਐਨ ਆਰ ਆਈ ਲਾੜਿਆਂ ਤੋਂ ਪੀੜਤ ਕੁੜੀਆਂ ਪਾਸ-ਪੋਰਟ ਦਫਤਰ ਚੰਡੀਗੜ੍ਹ ਵਿੱਚ ਠੱਗ ਲਾੜਿਆਂ ਦੇ ਕੇਸਾਂ ਦੀ ਜਾਂਚ ਲਈ ਪੜਤਾਲ ਅਫਸਰ ਦੀ ਭੂਮਿਕਾ ਨਿਭਾ ਰਹੀਆਂ ਹਨ।

ਖੇਤਰੀ ਪਾਸਪੋਰਟ ਅਫਸਰ (ਆਰ ਪੀ ਓ) ਸਿਬਾਸ਼ ਕਬੀਰਾਜ ਨੇ ਐਨ ਆਰ ਆਈ ਪਤੀਆਂ ਤੋਂ ਪੀੜਤ ਕੁੜੀਆਂ ਨੂੰ ਸੈਕਟਰ-34 ਦੇ ਪਾਸਪੋਰਟ ਦਫਤਰ ਦੀ ਤੀਸਰੀ ਮੰਜ਼ਿਲ 'ਤੇ ਬਕਾਇਦਾ ਦਫਤਰ ਦੇ ਦਿੱਤਾ ਹੈ, ਜਿੱਥੇ ਇਹ ਕੁੜੀਆਂ ਖੁਦ ਹੀ ਵਿਦੇਸ਼ੀ ਲਾੜਿਆਂ ਤੋਂ ਸਤਾਈਆਂ ਕੁੜੀਆਂ ਅਤੇ ਉਨ੍ਹਾਂ ਦੇ ਮਾਪਿਆਂ ਦੇ ਕੇਸਾਂ ਦੀ ਪੈਰਵੀ ਕਰਦੀਆਂ ਹਨ। ਆਰ ਪੀ ਓ ਕਬੀਰਾਜ ਨੇ ਦੱਸਿਆ ਕਿ ਐਨ ਆਰ ਆਈ ਲਾੜਿਆਂ ਤੋਂ ਪੀੜਤ ਕੁੜੀਆਂ ਅਜਿਹੇ ਹੋਰ ਕੇਸਾਂ ਵਿੱਚ ਪੜਤਾਲ ਅਫਸਰ ਵਜੋਂ ਇਥੇ ਕੰਮ ਕਰ ਰਹੀਆਂ ਹਨ। ਤੀਸਰੀ ਮੰਜ਼ਿਲ 'ਤੇ ਬਣਾਏ ਦਫਤਰ ਵਿੱਚ ਇਹ ਪੜਤਾਲੀ ਅਫਸਰ ਕੁੜੀਆਂ ਕੱਲ੍ਹ ਇਕ ਪੀੜਤ ਲੜਕੀ ਦੇ ਪਿਤਾ ਤੋਂ ਕੇਸ ਦੀ ਜਾਣਕਾਰੀ ਹਾਸਲ ਕਰਦੀਆਂ ਵੇਖੀਆਂ ਗਈਆਂ। ਉਨ੍ਹਾਂ ਅੱਗੇ ਪਏ ਮੇਜ ਉਪਰ ਅਜਿਹੇ ਕੇਸਾਂ ਦੀਆਂ ਫਾਈਲਾਂ ਦੇ ਢੇਰ ਲੱਗੇ ਹੋਏ ਸਨ। ਮਾਨਸਾ ਦੀ ਅੰਮ੍ਰਿਤਪਾਲ ਕੌਰ ਤੇ ਹਰਿਆਣਾ ਦੀ ਰੇਨੂੰ ਨੇ ਦੱਸਿਆ ਕਿ ਐਨ ਆਰ ਆਈਜ਼ ਪਤੀਆਂ ਵਿਰੁੱਧ ਲੰਮੀ ਲੜਾਈ ਲੜਨ ਪਿੱਛੋਂ ਉਨ੍ਹਾਂ ਨੇ ਹੋਰ ਪੀੜਤ ਕੁੜੀਆਂ ਲਈ ਰਾਹ ਦਸੇਰਾ ਬਣਨ ਦਾ ਪ੍ਰਣ ਲਿਆ ਹੈ। ਉਨ੍ਹਾਂ ਇਸ ਸੰਘਰਸ਼ ਦਾ ਮੁੱਢ ਬੱਝਣ ਬਾਰੇ ਦੱਸਿਆ ਕਿ ਦੇਸ਼ ਭਰ ਰਾਜਾਂ ਦੀਆਂ ਇਹੋ ਜਿਹੀਆਂ ਪੀੜਤ ਕੁੜੀਆਂ ਨੇ ਵਟਸਐਪ ਉੱਤੇ ਇਕ ਗਰੁੱਪ 'ਟੂਗੈਦਰ ਵੁਈ ਕੈਨ' ਬਣਾਇਆ ਸੀ, ਜਿਸ ਵਿੱਚ ਉਨ੍ਹਾਂ ਦੋਵਾਂ ਸਮੇਤ ਪੁਣੇ ਦੀ ਰੁਪਾਲੀ ਤੇ ਸੁਮੇਰਾ ਪਾਰਕਰ, ਹਿਮਾ-ਚਲ ਪ੍ਰਦੇਸ਼ ਦੀ ਰੀਤੂ ਆਦਿ ਮੋਹਰੀ ਰੋਲ ਨਿਭਾ ਰਹੀਆਂ ਸਨ। ਉਨ੍ਹਾਂ ਪਿਛਲੇ ਸਮੇਂ ਕੁਝ ਕੇਸਾਂ ਵਿੱਚ ਚੰਡੀਗੜ੍ਹ ਦੇ ਆਰ ਪੀ ਓ ਸਿਬਾਸ਼ ਕਬੀਰਾਜ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਕੁੜੀਆਂ ਦੇ ਦੁਖਾਂਤ ਸੁਣਨ ਪਿੱਛੋਂ ਧੋਖੇਬਾਜ਼ ਲਾੜਿਆਂ ਦੇ ਪਾਸਪੋਰਟ ਜ਼ਬਤ ਕਰਨ ਸਮੇਤ ਕਈ ਕਦਮ ਚੁੱਕੇ ਸਨ। ਉਨ੍ਹਾਂ ਦੱਸਿਆ ਕਿ ਆਰ ਪੀ ਓ ਨੇ ਉਨ੍ਹਾਂ ਨੂੰ ਖੁਦ ਇਸ ਵਿੰਗ ਦੀ ਕਮਾਂਡ ਸੰਭਾਲਣ ਨੂੰ ਕਿਹਾ ਸੀ। ਇਨ੍ਹਾਂ ਕੋਲ ਪੀੜਤ ਕੁੜੀਆਂ ਵੱਲੋਂ 600 ਦੇ ਕਰੀਬ ਸ਼ਿਕਾਇਤਾਂ ਆ ਚੁੱਕੀਆਂ ਹਨ। ਉਹ ਇਹ ਕੇਸ ਖੁਦ ਦੇਖਦੀਆਂ ਹਨ ਤੇ ਪਾਸਪੋਰਟ ਐਕਟ ਦੀਆਂ ਸਾਰੀਆਂ ਬਾਰੀਕੀਆਂ ਤੋਂ ਪੂਰੀ ਤਰ੍ਹਾਂ ਜਾਣੂ ਹਨ। ਉਹ ਖੁਦ ਧੋਖੇਬਾਜ਼ ਲਾੜਿਆਂ ਵਿਰੁੱਧ ਬਣਦੀ ਕਾਰਵਾਈ ਜਿਵੇਂ ਪਾਸਪੋਰਟ ਜ਼ਬਤ ਕਰਨ, ਉਨ੍ਹਾਂ ਨੂੰ ਵਿਦੇਸ਼ਾਂ 'ਚੋਂ ਡਿਪੋਰਟ ਕਰਾਉਣ, ਨੋਟਿਸ ਜਾਰੀ ਕਰਨ ਦੀ ਕਾਰਵਾਈ ਕਰਦੀਆਂ ਹਨ। ਉਨ੍ਹਾਂ ਦੱਸਿਆ ਕਿ ਕਈ ਕੁੜੀਆਂ ਵੀ ਲਾੜਿਆਂ ਨਾਲ ਧੋਖਾ ਕਰਦੀਆਂ ਹਨ ਅਤੇ ਅਜਿਹੇ ਕੇਸਾਂ ਵਿੱਚ ਉਹ ਲਾੜਿਆਂ ਦੇ ਹੱਕ ਵਿੱਚ ਖੜੋਂਦੀਆਂ ਹਨ।




## ਲੜਕੀ ਦੀ ਲੋੜ

ਗਿੱਲ ਗੁਰਸਿੱਖ ਲੜਕਾ, ਉਮਰ 35 ਸਾਲ, ਵੈਸ਼ਨੂੰ, Divorcee Canadian P.R, ਮਿਹਨਤੀ ਲੜਕੇ ਲਈ ਸਾਦੀ ਗੁਰਸਿੱਖ ਲੜਕੀ ਦੀ ਲੋੜ ਹੈ। ਲੜਕੇ ਦੀ ਪੂਰੀ ਫੈਮਲੀ ਕੈਨੇਡਾ ਵਿੱਚ ਵੈਲ-ਸੈਟਲਡ ਹੈ। 416-358-9294 I 204-510-1423

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਢਿੱਲੋ ਲੜਕਾ, ਉਮਰ 25 ਸਾਲ, ਕੱਦ 5'-11", ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /ਟ੍ਰਦੇ ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11" ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10", Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 I +91-98142-02918 (Whatsapp)




## ਲੜਕੀ ਦੀ ਲੋੜ

ਜੱਟ ਸਿੱਖ, ਉਮਰ 27 ਸਾਲ, ਕੱਦ 5'-11", ਪੜ੍ਹਿਆ-ਲਿਖਿਆ, ਵੈਸ਼ਨੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ P.R ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 I 905-963-9134 ਜਾਂ ਈ-ਮੇਲ : mdeol84@yahoo.com

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਕੈਨੇਡੀਅਨ ਇਮੀਗ੍ਰੇਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8" ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 I 306-612-4093 ਜਾਂ ਇ ਮੇਲ ਕਰੋ: kaurindergrewal@gmail.com

Match for Handsome, Teetotaller, Punjabi Hindu Khatri/Sood boy 44/5'11"(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089




## ਲੜਕੇ ਦੀ ਲੋੜ

ਜੱਟ ਸਿੱਖ ਸੁੰਦਰ ਲੜਕੀ, ਉਮਰ 35 ਸਾਲ, ਕੱਦ 5'-4", ਡੈਂਟਲ ਅਸਿਸਟੈਂਟ ਡਿਪਲੋਮਾ ਤੇ ਨੈਨੀ ਕੋਰਸ, ਵਿਜ਼ੀਟਰ ਵਿਜ਼ੇ ਤੇ ਆਈ ਲੜਕੀ ਲਈ PR ਜਾਂ Work Permit ਜਾਂ Visitor Visa ਤੇ ਆਏ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 780-236-5046

ਜੱਟ ਸਿੱਖ ਢਿਲੋ ਲੜਕੀ,ਕਨੇਡੀਅਨ ਫ੍ਰ, ਉਮਰ 36 ਸਾਲ, 5'-7", Never Married, ਵਧੀਆ ਤਨਖਾਹ, IT Field ਵਿੱਚ ਕੰਮ ਕਰ ਰਹੀ ਲੜਕੀ ਲਈ ਵਧੀਆ ਪੜ੍ਹੇ-ਲਿਖੇ ਕੈਨੇਡੀਅਨ ਜਾਂ ਇੰਡੀਅਨ ਲੜਕੇ ਦੀ ਲੋੜ ਹੈ।
Email biodata with photos at : matriresponse2019@gmail.com

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੇਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੇਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6" ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 I

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7", ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5", ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ **PR** ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3", ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। Send Bio Data through Whatsapp at: +91 97802-16716 ਜਾਂ ਕਾਲ ਕਰੋ: 647-766-7137




## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. ਅਤੇ ਇੱਥੇ ਆਈ.ਟੀ. ਖ਼ੇਤਰ ਵਿਚ ਨੌਕਰੀ ਕਰ ਰਹੀ 28 ਸਾਲਾ 5 ਫੁੱਟ 3 ਇੰਚ ਸਿੱਖ ਰਾਮਦਾਸੀਏ ਜੁਲਾਹੇ ਪਰਿਵਾਰ ਨਾਲ ਸਬੰਧਿਤ ਲੜਕੀ ਲਈ ਪੀ.ਆਰ./ਸਿਟੀਜ਼ਨ ਦਸਤਾਰਧਾਰੀ ਗੁਰਸਿੱਖ ਲੜਕੇ ਦੀ ਜ਼ਰੂਰਤ ਹੈ। ਲੜਕੀ ਦੇ ਮਾਤਾ-ਪਿਤਾ ਦੋਵੇਂ ਹੀ ਗਜ਼ਟਿਡ ਅਫ਼ਸਰ ਹਨ ਅਤੇ ਉਹ ਪੰਜਾਬ ਵਿਚ ਨੌਕਰੀ ਕਰਦੇ ਹਨ। ਟੋਰਾਂਟੋ ਏਰੀਏ ਵਿਚ ਵੱਸਦੇ ਆਈ.ਟੀ. ਖ਼ੇਤਰ ਨਾਲ ਸਬੰਧਿਤ/ਵਕੀਲ/ਸੀ.ਏ./ਬੈਂਕ ਅਫ਼ਸਰ ਨੂੰ ਪਹਿਲ ਦਿੱਤੀ ਜਾਏਗੀ।
ਇਸ ਸਬੰਧੀ 91-95010-29128 ਜਾਂ 91-95010-29129 Whatsapp ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਜੋਹਲ ਲੜਕੀ, 1987 ਭੋਰਨ, ਕੱਦ 5'-7"ਕੈਨੇਡਾ ਵਿੱਚ P.R ,B.sc Nursing, ਤੇ ਕੈਨੇਡਾ ਵਿੱਚ ਰਜਿਸਟਰਡ ਨਰਸ, Divorcee ਲੜਕੀ ਲਈ P.R ਜਾਂ Work Permit ਜਾਂ Visitor Visa ਤੇ ਆਏ ਲੜਕੇ ਦੀ ਲੋੜ ਹੈ।
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 306-480-1229 I 416-436-3787

ਜੱਟ ਸਿੱਖ ਸੁੰਦਰ ਲੜਕੀ, 1985 Born, ਕੱਦ 5'-3", ਵਿਜ਼ਟਰ ਵਿਜ਼ੇ ਤੇ ਆਈ ਲੜਕੀ ਲਈ Canadian P.R ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਸੰਪਰਕ ਕਰੋ: 647-456-1772, 313-303-4406

ਅਮ੍ਰਿਤਧਾਰੀ ਕੈਨੇਡੀਅਨ ਗੁਰਸਿੱਖ ਸੈਣੀ, ਉਮਰ 49 , ਕੱਦ 5 '1 " Never Married, ਲੇਡੀ ਜੋ ਕੇ well settled ਹੈ , ਪੋਸਟ Graduate ਇੰਗਲਿਸ਼ ਲਿਟਰੇਚਰ , ਲਈ ਯੋਗ ਅਮ੍ਰਿਤਧਾਰੀ ਵਰ ਚਾਹੀਦਾ ਹੈ! ਸੰਪਰਕ ਕਰੋ : 437-684-7755

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੰਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3", ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6", Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ।
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
+91 9872665678 I 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 I 416-509-7252




**Cell n Tell Distribution Inc.**
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

**ਫੋਨਾਂ ਦੇ ਸਸਤੇ ਪਲਾਨ ਗਾਰੰਟਿਡ**
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

**Cell n Tell Distribution Inc.**
1-401 Traders Blvd E, Mississauga, ON
Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
- $50 per hr
- Experience: 5 years or more
- Education: Bachelors Degree Business/Commerce

Email Resume: hr@cellntell.com or umar.w@cellntell.com



# ਪੀ ਵੀ ਸਿੰਧੂ ਨੇ ਕਿਹਾ: ਮੇਰੀ ਅਲਮਾਰੀ ਵਿੱਚ ਉਲੰਪਿਕ ਗੋਲਡ ਮੈਡਲ ਦੀ ਥਾਂ ਖਾਲੀ ਹੈ



ਨਵੀਂ ਦਿੱਲੀ, 15 ਸਤੰਬਰ (ਪੋਸਟ ਬਿਊਰੋ)- ਪਹਿਲੇ ਦਰਜੇ ਵਾਲੀ ਭਾਰਤੀ ਬੈਡਮਿੰਟਨ ਖਿਡਾਰੀ ਪੀ ਵੀ ਸਿੰਧੂ ਨੇ ਕਿਹਾ ਕਿ ਵਿਸ਼ਵ ਚੈਂਪੀਅਨਸ਼ਿਪ ਦੇ ਸੋਨ ਤਮਗੇ ਨੇ ਰੀਓ ਉਲੰਪਿਕ ਨੂੰ ਛੱਡ ਕੇ ਪਿਛਲੇ ਸਾਰੇ ਫਾਈਨਲ ਵਿੱਚ ਹਾਰਨ ਦੇ ਜ਼ਖਮ ਭਰ ਦਿੱਤੇ ਹਨ। ਉਨ੍ਹਾਂ ਨੂੰ ਆਸ ਹੈ ਕਿ ਅਗਲੇ ਸਾਲ ਟੋਕੀਓ ਵਿੱਚ ਉਹ ਇਸ ਕਮੀ ਨੂੰ ਪੂਰਾ ਕਰ ਲਵੇਗੀ ਅਤੇ ਇਸ ਲਈ ਉਨ੍ਹਾਂ ਨੇ ਟਰਾਫੀਆਂ ਦੀ ਅਲਮਾਰੀ ਵਿੱਚ ਇਕ ਥਾਂ ਖਾਲੀ ਰੱਖੀ ਹੈ।

ਉਲੰਪਿਕ ਚਾਂਦੀ ਤਮਗਾ ਜੇਤੂ ਪੀ ਵੀ ਸਿੰਧੂ ਨੇ ਕਿਹਾ ਕਿ ਵਿਸ਼ਵ ਚੈਂਪੀਅਨਸ਼ਿਪ ਸੋਨ ਤਮਗਾ ਉਨ੍ਹਾਂ ਸਾਰੀਆਂ ਹਾਰਾਂ ਦੀ ਭਰਪਾਈ ਹੈ। ਲੋਕ ਫਾਈਨਲ ਵਿੱਚ ਹਾਰਨ ਦੇ ਮੇਰੇ ਡਰ ਬਾਰੇ ਗੱਲ ਕਰ ਰਹੇ ਹਨ ਕਿ ਫਾਈਨਲ ਵਿੱਚ ਕਿਸ ਤਰ੍ਹਾਂ ਦਬਾਅ ਵਿੱਚ ਆ ਜਾਂਦੀ ਹਾਂ। ਕਹਿ ਸਕਦੀ ਹਾਂ ਕਿ ਮੈਂ ਆਪਣੇ ਰੈਕੇਟ ਨਾਲ ਜਵਾਬ ਦਿੱਤਾ ਹੈ। ਉਲੰਪਿਕ ਪੂਰੀ ਤਰ੍ਹਾਂ ਅਲੱਗ ਹੈ। ਰੀਓ ਉਲੰਪਿਕ ਅਤੇ ਵਿਸ਼ਵ ਚੈਂਪੀਅਨਸ਼ਿਪ ਨੇ ਮੈਨੂੰ ਵੱਕ ਤਰ੍ਹਾਂ ਦੀਆਂ ਯਾਦਾਂ ਦਿੱਤੀਆਂ ਹਨ। ਇਕ ਸੋਨ ਤਮਗਾ ਹੋਰ ਜਿੱਤਣਾ ਹੈ। ਇਸ ਲਈ ਯਕੀਨੀ ਰੂਪ ਨਾਲ ਮੈਂ ਸਖਤ ਮਿਹਨਤ ਕਰਾਂਗੀ ਤੇ ਟੋਕੀਓ ਉਲੰਪਿਕ ਵਿੱਚ ਸੋਨ ਤਮਗਾ ਜਿੱਤਣ ਦੀ ਕੋਸ਼ਿਸ਼ ਕਰਾਂਗੀ। ਉਸ ਨੇ ਹੱਸਦੇ ਹੋਏ ਕਿਹਾ, 'ਉਸ ਸੋਨ (ਉਲੰਪਿਕ ਤਮਗੇ) ਲਈ ਮੇਰੀ ਅਲਮਾਰੀ ਵਿੱਚ ਇਕ ਥਾਂ ਖਾਲੀ ਹੈ। ਉਲੰਪਿਕ ਕੁਆਲੀਫਿਕੇਸ਼ਨ ਚੱਲ ਰਹੇ ਹਨ ਅਤੇ ਇਸ ਜਿੱਤ ਨਾਲ ਅੱਗੇ ਵਧਣ ਲਈ ਮੇਰਾ ਆਤਮ ਵਿਸ਼ਵਾਸ ਵਧੇਗਾ। 2016 ਵਿੱਚ (ਰੀਓ) ਮੇਰਾ ਪਹਿਲਾਂ ਉਲੰਪਿਕ ਸੀ ਅਤੇ ਉਦੋਂ ਮੈਨੂੰ ਕੋਈ ਜਾਣਦਾ ਨਹੀਂ ਸੀ।

ਆਪਣੀ ਵਿਦੇਸ਼ੀ ਮਹਿਲਾ ਕੋਚ ਬਾਰੇ ਵਿੱਚ ਸਿੰਧੂ ਨੇ ਕਿਹਾ, 'ਮੈਂ ਕਿਮ ਦੇ ਨਾਲ ਕੰਮ ਕਰ ਰਹੀ ਹਾਂ। ਉਨ੍ਹਾਂ ਨੇ ਮੇਰੇ ਵਿੱਚ ਕੁਝ ਬਦਲਾਅ ਲਿਆਂਦੇ ਹਨ ਤੇ ਇਸ ਨਾਲ ਮੈਨੂੰ ਕਾਫੀ ਮਦਦ ਮਿਲੀ ਹੈ। ਮੈਂ ਕੁਝ ਨਵੀਆਂ ਚੀਜ਼ਾਂ ਸਿੱਖਣੀਆਂ ਹਨ। ਮੈਨੂੰ ਨੈਟ ਪਲੇਅ ਉੱਤੇ ਕੰਮ ਕਰਨ ਦੀ ਜ਼ਰੂਰਤ ਹੈ।'

# ਦਾਜ ਲਈ ਪ੍ਰੇਸ਼ਾਨ ਕਰਨ ਉੱਤੇ ਵਿਆਹੁਤਾ ਨੇ ਫਾਹਾ ਲੈ ਲਿਆ

ਜਲੰਧਰ, 15 ਸਤੰਬਰ (ਪੋਸਟ ਬਿਊਰੋ)- ਇਸ ਸ਼ਹਿਰ ਦੀ ਬਸਤੀ ਗੜ੍ਹਾ ਕੰਨਿਆ ਵਾਲੀ ਵਿੱਚ ਰਹਿੰਦੀ ਇੱਕ ਵਿਆਹੁਤਾ ਕੱਲ੍ਹ ਦਾਜ ਦੇ ਲੋਭੀ ਸਹੁਰਿਆਂ ਵੱਲੋਂ ਕੀਤੇ ਜਾਂਦੇ ਤਸ਼ੱਦਦ ਦਾ ਸ਼ਿਕਾਰ ਹੋ ਗਈ। ਤਿੰਨ ਸਾਲ ਤੋਂ ਦਾਜ ਲਈ ਤੰਗ ਹੋ ਰਹੀ ਪੂਜਾ ਪਤਨੀ ਸੁਨੀਲ ਕੁਮਾਰ ਸਾਬੀ ਨੇ ਬੀਤੀ ਰਾਤ ਫਾਹਾ ਲੈ ਕੇ ਜਾਨ ਦੇ ਦਿੱਤੀ ਹੈ।

ਪੁਲਸ ਨੇ ਪੂਜਾ ਦੀ ਮਾਤਾ ਕੌਸ਼ੱਲਿਆ ਦੇ ਬਿਆਨ 'ਤੇ ਪੂਜਾ ਦੇ ਪਤੀ ਸੁਨੀਲ ਕੁਮਾਰ ਸਾਬੀ, ਸਹੁਰਾ ਲਾਲ ਚੰਦ ਅਤੇ ਸੱਸ ਜਸਪਾਲ ਕੌਰ ਦੇ ਖਿਲਾਫ ਕੇਸ ਦਰਜ ਕਰ ਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਥਾਣਾ ਮੁਖੀ ਨਵੀਨ ਪਾਲ ਨੇ ਦੱਸਿਆ ਕਿ ਤਿੰਨਾਂ ਨੂੰ ਅਦਾਲਤ ਵਿੱਚ ਪੇਸ਼ ਕਰ ਕੇ ਜੇਲ੍ਹ ਭੇਜ ਦਿੱਤਾ ਗਿਆ ਹੈ। ਉਸ ਦੀ ਅੱਠ ਮਹੀਨੇ ਦੀ ਧੀ ਨੂੰ ਨਾਨਾ-ਨਾਨੀ ਦੇ ਹਵਾਲੇ ਕਰ ਦਿੱਤਾ ਗਿਆ ਹੈ। ਇੰਸਪੈਕਟਰ ਨਵੀਨ ਪਾਲ ਨੇ ਦੱਸਿਆ ਕਿ ਬਸਤੀ ਬਾਵਾ ਖੇਲ ਵਿੱਚ ਰਹਿਣ ਵਾਲੀ ਪੂਜਾ ਦਾ ਵਿਆਹ ਤਿੰਨ ਸਾਲ ਪਹਿਲਾਂ ਡੀ ਜੇ ਦਾ ਕੰਮ ਕਰਨ ਵਾਲੇ ਕੰਨਿਆਂਵਾਲੀ, ਗੜ੍ਹਾ ਦੇ ਸੁਨੀਲ ਕੁਮਾਰ ਨਾਲ ਹੋਇਆ ਸੀ। ਵਿਆਹ ਦੇ ਬਾਅਦ ਤੋਂ ਹੀ ਉਸ ਨੂੰ ਦਾਜ ਲਈ ਤੰਗ ਕੀਤਾ ਜਾ ਰਿਹਾ ਸੀ। ਕੁਝ ਸਮਾਂ ਪਹਿਲਾਂ ਪੂਜਾ ਘਰ ਛੱਡ ਕੇ ਪੇਕੇ ਆ ਗਈ ਸੀ ਅਤੇ ਉਸ ਨੇ ਦੱਸਿਆ ਸੀ ਕਿ ਸੁਨੀਲ ਦਾ ਕਿਸੇ ਦੂਸਰੀ ਲੜਕੀ ਨਾਲ ਚੱਕਰ ਹੈ ਅਤੇ ਉਸ ਨੂੰ ਕੱਢ ਕੇ ਉਸ ਨਾਲ ਵਿਆਹ ਕਰਨਾ ਚਾਹੁੰਦਾ ਹੈ। ਇਸ ਦੇ ਬਾਅਦ ਪੰਚਾਇਤੀ ਫੈਸਲਾ ਵੀ ਹੋਇਆ ਸੀ। ਉਨ੍ਹਾਂ ਨੇ ਦੱਸਿਆ ਕਿ ਕੁਝ ਦਿਨ ਤੋਂ ਪੂਜਾ ਫਿਰ ਤੋਂ ਫੋਨ ਕਰ ਕੇ ਸ਼ਿਕਾਇਤ ਕਰ ਰਹੀ ਸੀ ਕਿ ਉਸ ਨੂੰ ਤੰਗ ਕੀਤਾ ਜਾ ਰਿਹਾ ਹੈ। ਉਨ੍ਹਾਂ ਦਾ ਦੋਸ਼ ਸੀ ਕਿ ਸਹੁਰੇ ਪਰਵਾਰ ਨੇ ਇੰਨਾ ਤੰਗ ਕੀਤਾ ਸੀ ਕਿ ਉਸ ਨੇ ਫਾਹਾ ਲਗਾ ਕੇ ਜਾਨ ਦੇ ਦਿੱਤੀ।

# ਅਗਵਾ ਕਰ ਕੇ ਇੱਕ ਕਰੋੜ ਦੀ ਫਿਰੌਤੀ ਮੰਗਣ ਵਾਲਾ ਗੈਂਗਸਟਰ ਕਾਬੂ



ਸੰਗਰੂਰ, 15 ਸਤੰਬਰ (ਪੋਸਟ ਬਿਊਰੋ)- ਹਰਿਆਣਾ ਰਾਜ ਦੇ ਥਾਣਾ ਫਰੀਦਾਬਾਦ ਵਿੱਚ ਇੱਕ ਵਿਅਕਤੀ ਨੂੰ ਅਗਵਾ ਕਰ ਕੇ ਫਿਰੌਤੀ ਮੰਗਣ ਦੇ ਦੋਸ਼ ਵਿੱਚ ਨਾਮਜ਼ਦ ਗੈਂਗਸਟਰ ਬੀਰ ਬਹਾ-ਦੁਰ ਸਿੰਘ ਨੂੰ ਸੰਗਰੂਰ ਪੁਲਸ ਨੇ ਕੱਲ੍ਹ ਉਸ ਦੀ ਇੱਕ ਮਹਿਲਾ ਸਾਥੀ ਸਮੇਤ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਉਸ ਕੋਲੋਂ ਇੱਕ ਪਿਸਤੌਲ 315 ਬੋਰ ਅਤੇ ਇੱਕ ਕਾਰਤੂਸ ਅਤੇ ਮਹਿਲਾ ਸਾਥੀ ਸੰਗੀਤਾ ਦੇ ਕੋਲੋਂ ਦੋ ਜਿੰਦਾ ਕਾਰਤੂਸ ਬਰਾਮਦ ਕੀਤੇ ਹਨ।

ਮਿਲੀ ਜਾਣਕਾਰੀ ਅਨੁਸਾਰ ਗ੍ਰਿਫਤਾਰ ਗੈਂਗਸਟਰ ਦੇ ਖਿਲਾਫ ਪੰਜਾਬ ਦੇ ਤਿੰਨ ਜ਼ਿਲ੍ਹਿਆਂ ਪਟਿਆਲਾ, ਸੰਗਰੂਰ ਅਤੇ ਮਾਨਸਾ ਅਤੇ ਹਰਿਆਣਾ ਦੇ ਜੀਂਦ ਸਮੇਤ ਕਈ ਥਾਣਿਆਂ ਵਿੱਚ ਲੋਕਾਂ ਨੂੰ ਅਗਵਾ ਕਰ ਕੇ ਫਿਰੌਤੀ ਮੰਗਣ ਦੇ 17 ਕੇਸ ਦਰਜ ਹਨ। ਇਸ ਗੈਂਗਸਟਰ ਦਾ ਨਾਂਅ ਸੰਗਰੂਰ ਦੀ ਵਾਂਟਿਡ ਲਿਸਟ ਵਿੱਚ ਵੀ ਹੈ। ਪੁਲਸ ਨੇ ਦੋਵਾਂ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਕੇ ਇਨ੍ਹਾਂ ਦੇ ਖਿਲਾਫ ਥਾਣਾ ਛਾਜਲੀ ਵਿੱਚ ਕੇਸ ਦਰਜ ਕਰ ਲਿਆ ਹੈ। ਐੱਸ ਪੀ ਹਰਿੰਦਰ ਸਿੰਘ ਨੇ ਦੱਸਿਆ ਕਿ ਗੈਂਗਸਟਰ ਬੀਰ ਬਾਹਦੁਰ ਵਾਸੀ ਭਾਠੂਆ ਥਾਣਾ ਮੂਨਕ ਨੇ ਫਰੀਦਾਬਾਦ ਦੀ ਹਨੂਮਾਨ ਕਲੋਨੀ ਦੇ ਹਰੀਸ਼ ਕੁਮਾਰ ਨੂੰ ਅਗਵਾ ਕਰ ਲਿਆ ਅਤੇ ਉਸ 22 ਅਗਸਤ ਨੂੰ ਪਾਤੜਾਂ ਵਿੱਚ ਆਪਣੇ ਦਫਤਰ ਵਿੱਚ ਬੰਦੀ ਬਣਾਉਣ ਸਮੇਤ ਉਸ ਨੂੰ ਕਈ ਜਗ੍ਹਾ ਰੱਖਿਆ ਸੀ। ਇਸ ਦੌਰਾਨ ਦੋਸ਼ੀਆਂ ਨੇ ਹਰੀਸ਼ ਕੁਮਾਰ ਦੇ ਪਰਵਾਰ ਤੋਂ ਇੱਕ ਕਰੋੜ ਰੁਪਏ ਫਿਰੌਤੀ ਮੰਗੀ ਤੇ ਤੈਅ ਜਗ੍ਹਾ ਇਹ ਰਕਮ ਲੈਣ ਗਏ ਬੀਰ ਬਹਾਦੁਰ ਸਿੰਘ ਦੇ ਸਾਥੀ ਨਾਹਰ ਸਿੰਘ ਉਰਫ ਬਿੱਲੂ ਨੂੰ ਫਰੀਦਾਬਾਦ ਦੀ ਪੁਲਸ ਨੇ ਮੌਕੇ ਤੋਂ ਗ੍ਰਿਫਤਾਰ ਕਰ ਲਿਆ।


## ਅਮਰੀਕੀ ਐਮ ਪੀਜ਼ ਦੀ ਰਾਜਦੂਤਾਂ ਨੂੰ ਅਪੀਲ

# ਭਾਰਤ-ਪਾਕਿ ਤਣਾਅ ਘਟਾਉਣ ਦੀ ਕੋਸ਼ਿਸ਼ ਕਰੋ



ਵਾਸ਼ਿੰਗਟਨ, 15 ਸਤੰਬਰ (ਪੋਸਟ ਬਿਊਰੋ)- ਅਮਰੀਕਾ ਦੇ ਪਾਰਲੀਮੈਂਟ ਮੈਂਬਰਾਂ ਨੇ ਜੰਮੂ-ਕਸ਼ਮੀਰ ਦੀ ਸਥਿਤੀ ਦੇ ਬਾਰੇ ਡੂੰਘੀ ਚਿੰਤਾ ਜ਼ਾਹਰ ਕੀਤੀ ਅਤੇ ਭਾਰਤ ਅਤੇ ਪਾਕਿਸਤਾਨ ਵਿੱਚ ਅਮਰੀਕਾ ਦੇ ਰਾਜਦੂਤਾਂ ਨੂੰ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਘੱਟ ਕਰਨ ਲਈ ਹਰ ਕੋਸ਼ਿਸ਼ ਕਰਨ ਲਈ ਕਿਹਾ ਹੈ।

ਵਰਨਣ ਯੋਗ ਹੈ ਕਿ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੇ ਭਾਰਤੀ ਸੰਵਿਧਾਨ ਦੀ ਧਾਰਾ 370 ਦੇ ਬਹੁਤ ਸਾਰੇ ਹਿੱਸਿਆਂ ਨੂੰ ਪੰਜ ਅਗਸਤ ਨੂੰ ਖਤਮ ਕਰ ਦਿੱਤਾ ਗਿਆ ਸੀ ਅਤੇ ਇਸ ਰਾਜ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਵੰਡ ਦਿੱਤਾ ਗਿਆ ਸੀ। ਪਾਕਿਸਤਾਨ ਉਸ ਦਿਨ ਤੋਂ ਇਸ ਦਾ ਵਿਰੋਧ ਕਰ ਰਿਹਾ ਹੈ। ਉਸ ਸਮੇਂ ਤੋਂ ਬਾਅਦ ਦੋਵਾਂ ਦੇਸ਼ਾਂ ਦਾ ਤਣਾਅ ਵਧਿਆ ਹੈ। ਨਵੀਂ ਦਿੱਲੀ ਅਤੇ ਇਸਲਾਮਾਬਾਦ ਵਿੱਚ ਅਮਰੀਕੀ ਰਾਜਦੂਤਾਂ ਕੇਨੇਥ ਜੱਸਟਰ ਤੇ ਪਾਲ ਡਬਿਲ ਜੋਨਸ ਨੂੰ ਸ਼ੁੱਕਰਵਾਰ ਅਮਰੀਕਾ ਦੇ ਪਾਰਲੀਮੈਂਟ ਮੈਂਬਰਾਂ ਨੇ ਪੱਤਰ ਲਿਖ ਕੇ ਕਿਹਾ ਕਿ ਇਹ ਡਰ ਹੈ ਕਿ ਇਸ ਸੰਕਟ ਦੇ ਨਤੀਜੇ ਵਜੋਂ ਭਾਰਤ ਅਤੇ ਪਾਕਿਸਤਾਨ ਵਿਚਾਲੇ ਸੰਬੰਧ ਹੋਰ ਖਰਾਬ ਹੋ ਜਾਣਗੇ। ਇਸ ਪੱਤਰ ਮੁਤਾਬਕ ਇਹ ਸਥਿਤੀ ਗਲੋਬਲ ਸ਼ਾਂਤੀ ਅਤੇ ਅਮਰੀਕਾ ਦੀ ਕੌਮੀ ਸੁਰੱਖਿਆ ਲਈ ਖਤਰਾ ਹੈ। ਪਾਕਿਸਤਾਨ ਤੇ ਭਾਰਤ ਦੋਵੇਂ ਮਹੱਤਵ ਪੂਰਨ ਸਹਿਯੋਗੀ ਹਨ ਅਤੇ ਅਫਗਾਨਿਸਤਾਨ ਵਿੱਚ ਸ਼ਾਂਤੀ ਪ੍ਰਕਿਰਿਆ ਸਮੇਤ ਖੇਤਰ ਵਿੱਚ ਸਾਡੇ ਹਿੱਤਾਂ ਲਈ ਮਹੱਤਵ ਪੂਰਨ ਹਨ। ਪੱਤਰ ਵਿੱਚ ਦੋਵਾਂ ਦੇਸ਼ਾਂ ਦੇ ਅਮਰੀਕੀ ਰਾਜਦੂਤਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਆਪਣੀ ਯੋਗਤਾ ਮੁਤਾਬਕ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਘੱਟ ਕਰਨ ਲਈ ਹਰ ਕੋਸ਼ਿਸ਼ ਕਰਨ। ਇਸ ਵਿੱਚ ਅਮਰੀਕਾ ਦੇ ਪ੍ਰਤੀਨਿਧ ਸਭਾ ਦੇ ਮੈਂਬਰਾਂ ਨੇ ਦੋਵਾਂ ਡਿਪਲੋਮੈਟਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਮਰੀਕਾ ਵਿਚਲੇ ਕਸ਼ਮੀਰੀ ਲੋਕਾਂ ਦਾ ਸੰਪਰਕ ਜੰਮੂ-ਕਸ਼ਮੀਰ ਵਿਚਲੇ ਉਨ੍ਹਾਂ ਦੇ ਪਰਵਾਰਾਂ ਨਾਲ ਕਰਾਉਣ। ਉਨ੍ਹਾ ਨੇ ਭਾਰਤ ਸਰਕਾਰ ਤੋਂ ਜੰਮੂ-ਕਸ਼ਮੀਰ ਦੇ ਸੰਚਾਰ ਮਾਧਿਅਮ ਨੂੰ ਬਹਾਲ ਕਰਨ ਅਤੇ ਮੀਡੀਆ ਨੂੰ ਇਸ ਖੇਤਰ ਦਾ ਦੌਰਾ ਕਰਨ ਦੀ ਆਗਿਆ ਦੇਣ ਦੀ ਮੰਗ ਕੀਤੀ ਹੈ। ਇਸ ਪੱਤਰ ਉੱਤੇ ਇਲਹਾਨ ਉਮਰ, ਰਾਊਲ ਐੱਮ ਗਰਿਜਲਵਾ, ਐਂਡੀ ਲੇਵਿਨ, ਜੇਮਸਜ਼ ਪੀ ਮੈਕਗਵਰਨ, ਟੇਡ ਲੂ, ਡੋਨਾਲਡ ਬੇਅਰਡ ਅਤੇ ਐਲਨ ਲੋਵੈਂਟਲ ਨੇ ਦਸਤਖਤ ਕੀਤੇ ਹਨ, ਜਿਸ ਦੀ ਵੱਡੀ ਅਹਿਮੀਅਤ ਸਮਝੀ ਜਾਂਦੀ ਹੈ।


HOUSE FOR RENT ਰੈਂਟ $2,400
ਵਧੀਆ ਤੇ ਸ਼ਾਨਦਾਰ ਸੈਮੀ ਡਿਟੈਚਡ ਘਰ
3 Bedroom + Office
2 Car parking + Garage
William Pkwy & Chinguacousy, Brampton
647-765-8644 | nsrespect@gmail.com

ਫੈਨਸਾਂ ਜਾਂ ਘਰਾਂ ਦਾ ਰੰਗ ਕਰਨ ਲਈ,
8 ਸਾਲਾਂ ਦਾ ਤਜ਼ਰਬਾ, ਵਾਜਿਬ ਰੇਟ ਤੇ ਸਮੇ ਸਿਰ ਕੰਮ
647 202 7902 ਜਾਂ 647 794 6514
ਰੇਟ: $16/ਘੰਟਾ

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

You can
Place Your Business Here
To Reach Wider Audience
For more info Call 905-793-2202 or e-mail ads@punjabipost.ca

ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਢੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪਰੇਸ਼ਾਨ ਹੋ ਤਾਂ ਇੱਕ ਨਾਂ ਨੋਟ ਕਰੋ : ਸ. ਕੇਵਲ ਸਿੰਘ
Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨ੍ਹਾਂ ਕਿਸੇ ਦਵਾਈ ਦਿਤਿਆਂ ਮਾਲਿਸ਼ ਨਾਲ ਦੋ ਤਿਨ ਵਿੱਚ ਘੋੜੇ ਵਾਂਗੂ ਕਰ ਦਿੰਦੇ ਹਨ।
ਕਿਨੇ VIP ਲੋਕ ਇਨ੍ਹਾਂ ਦੇ ਹੱਥੋ ਮਾਲਿਸ਼ ਕਰਾ ਕੇ ਨੋ ਬਰ ਨੋ ਹੋਏ ਹਨ
ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar INTERMODAL · TRANSPORT · STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time ...Every Time
NOW HIRING
A/Z Drivers Needed
For Canada To US Runs
Local City Drivers @ 22/hr
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
☆ Disability Insurance
☆ Travel Insurance
☆ Medical Benefits
☆ Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

## ਦਰਸ਼ਕਾਂ ਦੀ ਪਸੰਦ ਦੇ ਹੀ ਕਿਰਦਾਰ ਨਿਭਾਉਣਗੇ ਸਲਮਾਨ ਖਾਨ



ਪਿਛਲੇ ਦਿਨੀਂ ਬਾਲੀਵੁੱਡ ਵਿੱਚ ਤੀਹ ਸਾਲ ਪੂਰੇ ਕਰ ਚੁੱਕੇ ਅਭਿਨੇਤਾ ਸਲਮਾਨ ਖਾਨ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਫੈਨਸ ਉਨ੍ਹਾਂ ਨੂੰ ਪਰਦੇ ਉਤੇ ਜਿਸ ਤਰ੍ਹਾਂ ਦੇਖਣਾ ਚਾਹੁੰਦੇ ਹਨ, ਉਹ ਉਹੋ ਜਿਹਾ ਕਿਰਦਾਰ ਨਿਭਾਉਣਗੇ। ਉਹ ਕਹਿੰਦੇ ਹਨ, ‘‘ਫੈਨਸ ਅਤੇ ਸਟਾਰਾਂ ਵਿਚਾਲੇ ਇੱਕ ਰਿਸ਼ਤਾ ਹੁੰਦਾ ਹੈ, ਇਹ ਪਿਆਰਾ ਰਿਸ਼ਤਾ, ‘ਮੈਨੇ ਪਿਆਰ ਕੀਆ’ ਤੋਂ ਅੱਜ ਤੱਕ ਕਾਇਮ ਹੈ। ਮੇਰੀਆਂ ਹਿੱਟ ਫਿਲਮਾਂ ਹੋਣ ਜਾਂ ਨਾ ਹੋਣ, ਪਰ ਉਹ ਹਮੇਸ਼ਾ ਮੇਰੇ ਨਾਲ ਹੁੰਦੇ ਹਨ।’’

ਸਲਮਾਨ ਦਾ ਕਹਿਣਾ ਹੈ, ‘‘ਇਸ ਇੰਡਸਟਰੀ ਵਿੱਚ ਪਹਿਲਾਂ ਫੈਨਸ ਮੈਨੂੰ ਸੱਲੂ, ਸੱਲੇ, ਸਲਮਾਨ ਆਦਿ ਨਾਵਾਂ ਨਾਲ ਪੁਕਾਰਦੇ ਸਨ ਅਤੇ ਅੱਜ ਕੱਲ੍ਹ ਭਾਈ ਜਾਂ ਭਾਈਜਾਨ ਕਹਿੰਦੇ ਹਨ। ਇਹ ਮਾਣ ਹਾਸਲ ਕਰਨ ਵਿੱਚ ਮੈਨੂੰ ਲੰਬਾ ਸਮਾਂ ਲੱਗ ਗਿਆ। ਮੈਂ ਆਪਣੀ ਇਸ ਤਰੱਕੀ ਅਤੇ ਫੈਨਸ ਦੇ ਪਿਆਰ ਤੋਂ ਖੁਸ਼ ਹਾਂ।’’ ਫਿਲਮਾਂ ਦੀ ਗੱਲ ਕਰੀਏ ਤਾਂ ਸਲਮਾਨ ‘ਦਬੰਗ 3’ ਅਤੇ ਸਾਜਿਦ ਨਾਡਿਆਡਵਾਲਾ ਦੀ ‘ਕਿੱਕ 2’ ਵਿੱਚ ਨਜ਼ਰ ਆਉਣਗੇ।

## ਡਾਇਨਾ ਦੀ ‘ਸ਼ਿੱਦਤ’

ਡਾਇਨਾ ਪੇਂਟੀ ਇਸ ਮਹੀਨੇ ਫਿਲਮ ‘ਸ਼ਿੱਦਤ’ ਦੀ ਸ਼ੂਟਿੰਗ ਸ਼ੁਰੂ ਕਰਨ ਵਾਲੀ ਹੈ। ਇਹ ਫਿਲਮ ਮੈਡੋਕ ਬੈਨਰ ਦੀ ਹੈ। ਉਹ ਉਨ੍ਹਾਂ ਨਾਲ ਕੰਮ ਕਰਨ ਪ੍ਰਤੀ ਬਹੁਤ ਉਤਸ਼ਾਹਤ ਹੈ ਕਿਉਂਕਿ ਉਸ ਦੀ ਪਹਿਲੀ ਫਿਲਮ ‘ਕਾਕਟੇਲ’ ਵੀ ਇਸ ਬੈਨਰ ਨੇ ਪ੍ਰੋਡਿਊਸ ਕੀਤੀ ਸੀ। ਡਾਇਨਾ ਨੇ ਕਿਹਾ, ‘‘ਫਿਲਮ ‘ਸ਼ਿੱਦਤ’ ਦੀ ਸ਼ੂਟਿੰਗ ਮੈਂ ਇਸ ਮਹੀਨੇ ਸ਼ੁਰੂ ਕਰਨ ਵਾਲੀ ਹਾਂ। ਇਸ ਨੂੰ ਮੈਡੋਕ ਫਿਲਮ ਪ੍ਰੋਡਿਊਸ ਕਰ ਰਹੀ ਹੈ। ਮੈਂ ਫਿਰ ਤੋਂ ਉਸ ਨਾਲ ਕੰਮ ਕਰਨ ਲਈ ਬਹੁਤ ਉਤਸ਼ਾਹਤ ਹਾਂ।"

ਇਹ ਲਵ ਸਟੋਰੀ ਹੈ ਜਿਸ ਨੂੰ ਦਿਨੇਸ਼ ਵਿਜਾਨ ਪ੍ਰੋਡਿਊਸ ਕਰ ਰਿਹਾ ਹੈ, ਇਸ ਦਾ ਨਿਰਦੇਸ਼ਨ ਕੁਣਾਲ ਦੇਸ਼ਮੁਖ ਕਰੇਗਾ। ਉਂਝ ਫਿਲਮ ਵਿੱਚ ਰਾਧਿਕਾ ਮਦਾਨ, ਸਨੀ ਕੌਸ਼ਲ ਅਤੇ ਮੋਹਿਤ ਰੈਨਾ ਵਰਗੇ ਸਿਤਾਰੇ ਨਜ਼ਰ ਆਉਣਗੇ। ਦੱਸਿਆ ਜਾ ਰਿਹਾ ਹੈ ਕਿ ਫਿਲਮ ਦੀ ਪੰਜਾਬ, ਪੈਰਿਸ ਅਤੇ ਲੰਡਨ ਵਿੱਚ ਸ਼ੂਟਿੰਗ ਕੀਤੀ ਜਾਵੇਗੀ। ਡਾਇਨਾ ਪਿੱਛੇ ਜਿਹੇ ਸੋਨਾਕਸ਼ੀ ਸਿਨਹਾ ਦੀ ਲੀਡ ਰੋਲ ਵਾਲੀ ਫਿਲਮ ‘ਖਾਨਦਾਨੀ ਸ਼ਫਾਖਾਨਾ’ ਦੇ ਇੱਕ ਸਪੈਸ਼ਲ ਸੌਂਗ ‘ਸ਼ਹਿਰ ਕੀ ਲੜਕੀ’ ਵਿੱਚ ਰੈਪਰ ਬਾਦਸ਼ਾਹ ਨਾਲ ਨਜ਼ਰ ਆਈ ਸੀ। ਉਸ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਮਾਡਲਿੰਗ ਨਾਲ ਕੀਤੀ ਸੀ ਅਤੇ ਅੱਗੋਂ ਉਹ ਵੀ ਰੈਂਪ 'ਤੇ ਨਜ਼ਰ ਆ ਜਾਂਦੀ ਹੈ। ਪਿੱਛੇ ਜਿਹੇ ਉਹ ਲੈਕਮੇ ਫੈਸ਼ਨ ਵੀਕ ਦੌਰਾਨ ਰੈਂਪ 'ਤੇ ਸੀ। ਉਸ ਨੇ ਆਪਣੇ ਮਾਡਲਿੰਗ ਕਰੀਅਰ ਦੀ ਸ਼ੁਰੂਆਤ ਸਾਲ 2005 ਵਿੱਚ ਕੀਤੀ ਸੀ। ਉਸ ਤੋਂ ਬਾਅਦ ਉਸ ਨੇ ਸਾਲ 2012 ਵਿੱਚ ਫਿਲਮ ‘ਕਾਕਟੇਲ’ ਨਾਲ ਫਿਲਮ ਇੰਡਸਟਰੀ ਵਿੱਚ ਡੈਬਿਊ ਕੀਤਾ ਸੀ।




## ‘ਲਕਸ਼ਮੀ ਬੰਬ’ ਲਈ ਕਿਆਰਾ ਨੇ ਫੜਿਆ ਆਟੋ

ਕਿਆਰਾ ਅਡਵਾਨੀ ਇਨ੍ਹੀਂ ਦਿਨੀਂ ਅਕਸ਼ੈ ਕੁਮਾਰ ਨਾਲ ਫਿਲਮ ‘ਲਕਸ਼ਮੀ ਬੰਬ’ ਦੀ ਸ਼ੂਟਿੰਗ ਵਿੱਚ ਬਿਜ਼ੀ ਹੈ। ਕਿਆਰਾ ਦੀ ਝੋਲੀ ਫਿਲਮਾਂ ਨਾਲ ਭਰੀ ਹੈ ਤੇ ਉਹ ਇਨ੍ਹਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਵਿੱਚ ਕੋਈ ਕਸਰ ਨਹੀਂ ਛੱਡ ਰਹੀ। ਦੱਖਣੀ ਮੁੰਬਈ ਵਿੱਚ ਰਹਿਣ ਵਾਲੀ ਕਿਆਰਾ ਨੂੰ ਸੈੱਟ ਤੱਕ ਪਹੁੰਚਣ ਵਿੱਚ ਥੋੜ੍ਹੀ ਮੁਸ਼ਕਲ ਹੁੰਦੀ ਹੈ ਤੇ ਇਸ ਲਈ ਮੁੰਬਈ ਦੇ ਟਰੈਫਿਕ ਤੋਂ ਬਚਣ ਤੇ ਸਮੇਂ ਸਿਰ ਪਹੁੰਚਣ 'ਤੇ ਉਹ ਆਪਣੀ ਕਾਰ ਨੂੰ ਛੱਡ ਕੇ ਆਟੋ ਅਤੇ ਫੈਰੀ (ਮੋਟਰਬੋਟ) ਦੀ ਵਰਤੋਂ ਕਰ ਰਹੀ ਹੈ। ਉਸ ਦੀ ਫਿਲਮ ‘ਲਕਸ਼ਮੀ ਬੰਬ’ ਦੀ ਸ਼ੂਟਿੰਗ ਮਡ ਆਈਲੈਂਡ ਤੋਂ ਹੋ ਰਹੀ ਹੈ।

ਪਿਛਲੇ ਦਿਨੀਂ ਵਰਸੋਵਾ ਜੈੱਟੀ ਨਾਲ ਦੋਵੇਂ ਆਪਣੇ ਘਰ ਮੁੜਦੇ ਦਿਖਾਈ ਦਿੱਤੇ। ਕਿਆਰਾ ਨੇ ਆਟੋ ਰਿਕਸ਼ਾ ਲਿਆ ਤਾਂ ਅਕਸ਼ੈ ਆਪਣੇ ਇੱਕ ਸੁਰੱਖਿਆ ਕਰਮਚਾਰੀ ਨਾਲ ਬਾਈਕ 'ਤੇ ਬੈਠ ਗਿਆ। ਮਡ ਆਈਲੈਂਡ ਤੱਕ ਪਹੁੰਚਣ ਲਈ ਉਹ ਫੈਰੀ 'ਤੇ ਜਾਂਦੀ ਹੈ ਕਿਉਂਕਿ ਦੱਖਣ-ਮੁੰਬਈ ਤੋਂ ਉਥੋਂ ਪਹੁੰਚਣ ਦਾ ਉਹ ਸਭ ਤੋਂ ਛੋਟਾ ਰਸਤਾ ਹੈ। ਅਕਸ਼ੈ ਤੇ ਕਿਆਰਾ ਤੋਂ ਇਲਾਵਾ ਇਸ ਫਿਲਮ ਵਿੱਚ ਅਮਿਤਾਭ ਬੱਚਨ ਤੇ ਤੁਸ਼ਾਰ ਕਪੂਰ ਹੋਣਗੇ। ਕਿਹਾ ਜਾ ਰਿਹਾ ਹੈ ਕਿ ਮੈਗਾਸਟਾਰ ਅਮਿਤਾਭ ਇਸ ਵਿੱਚ ਇੱਕ ਕਿੰਨਰ ਦੀ ਭੂਮਿਕਾ ਨਿਭਾਏਗਾ। ਫਿਲਮ ਪੰਜ ਜੂਨ 2020 ਨੂੰ ਰਿਲੀਜ਼ ਹੋਵੇਗੀ। ਇਹ ਫਿਲਮ ਤਮਿਲ ਹਾਰਰ ਕਾਮੇਡੀ ਕੰਚਨਾ (2011) ਦੀ ਹਿੰਦੀ ਰੀਮੇਕ ਹੈ, ਜਿਸ ਨੂੰ ਰਾਘਵ ਲਾਰੈਂਸ ਨਿਰਦੇਸ਼ਿਤ ਕਰ ਰਹੇ ਹਨ।



## ਕੰਫਰਟ ਜ਼ੋਨ ਤੋਂ ਨਾ ਨਿਕਲੇ ਤਾਂ ਗ੍ਰੋਅ ਨਹੀਂ ਕਰੋਗੇ : ਅਮਿਤ ਸਾਧ



ਆਪਣੀ ਸ਼ਖਸੀਅਤ ਵਿੱਚ ਅਮਿਤ ਸਾਧ ਇਕਦਮ ਕੂਲ ਹੋਣ ਦੇ ਨਾਲ ਇਹ ਅਹਿਸਾਸ ਕਰਵਾਉਂਦੇ ਹਨ ਕਿ ਉਨ੍ਹਾਂ ਨੂੰ ਕਰੀਅਰ ਬਾਰੇ ਸੁਫਨੇ ਪਾਲਣ ਦੀ ਜ਼ਰੂਰਤ ਨਹੀਂ ਹੈ। 15 ਸਾਲ ਦੇ ਫਿਲਮੀ ਕਰੀਅਰ ਵਿੱਚ ਅਮਿਤ ਨੇ ਐਕਟਿੰਗ ਨੂੰ ਸੰਜੀਦਗੀ ਨਾਲ ਪ੍ਰਸਨਲ ਲਾਈਫ ਨੂੰ ਬਾਈਕ 'ਤੇ ਅਲੱਗ ਰਫਤਾਰ ਦਿੱਤੀ ਹੈ। ਇਸ ਮੁਲਾਕਾਤ ਵਿੱਚ ਉਨ੍ਹਾਂ ਨਾਲ ਗਈ ਜਗ੍ਹਾ ਦੀ ਸੈਰ ਅਤੇ ਕਰੀਅਰ ਦੇ ਬਾਰੇ ਵਿੱਚ ਗੱਲਬਾਤ ਹੋਈ। ਪੇਸ਼ ਹਨ ਉਸੇ ਗੱਲਬਾਤ ਦੇ ਕੁਝ ਅੰਸ਼ :

* ਆਪਣੇ ਕੰਮ ਵਿੱਚ ਕ੍ਰਿਏਟਿਵ ਸੈਟੀਸਿਫੈਕਸ਼ਨ ਦੇ ਲਈ ਕਿਹੜਾ ਪਹਿਲੂ ਤਲਾਸ਼ ਕਰਦੇ ਹੋ?

- ਤੁਸੀਂ ਮੇਰੀਆਂ ਪਿਛਲੀਆਂ ਫਿਲਮਾਂ ‘ਕਾਇ ਪੋ ਛੇ’, ‘ਸੁਲਤਾਨ’ ਜਾਂ ਹਾਲੀਆ ਰਿਲੀਜ਼ ‘ਬਾਰੋਟ ਹਾਊਸ’ ਦੇਖੀ ਹੋਵੇ ਤਾਂ ਤੁਸੀਂ ਦੇਖੋਗੇ ਕਿ ਉਹ ਫਿਲਮਾਂ ਅਤੇ ਕਿਰਦਾਰ ਚੈਲੇਂਜਿੰਗ ਹਨ। ਮੈਂ ਅਜਿਹੇ ਸਬਜੈਕਟ ਲੱਭਦਾ ਹਾਂ, ਜੋ ਮੈਨੂੰ ਟਟੋਲਣ, ਪ੍ਰੇਸ਼ਾਨ ਕਰਨ, ਮੈਨੂੰ ਕਸ਼ਟ ਦੇਣ। ਇਨ੍ਹਾਂ ਪਰੇਸ਼ਾਨੀਆਂ ਤੇ ਕਸ਼ਟ ਦੇ ਵਿੱਚ ਹਰ ਇਨਸਾਨ ਉਭਰਦਾ ਹੈ। ਜੇ ਤੁਸੀਂ ਸਾਧਾਰਨ ਚੀਜ਼ਾਂ ਲਓਗੇ ਅਤੇ ਕੰਫਰਟ ਜ਼ੋਨ ਤੋਂ ਨਾ ਨਿਕਲੋਗੇ ਤਾਂ ਗ੍ਰੋਅ ਨਹੀਂ ਕਰੋਗੇ। ਤੁਸੀਂ ਦਰਸ਼ਕਾਂ ਨੂੰ ਕੁਝ ਨਵਾਂ ਐਕਸਪੀਰੀਅੰਸ ਨਹੀਂ ਦੇ ਸਕੋਗੇ। ਚੈਲੇਂਜਿੰਗ ਕਿਰਦਾਰਾਂ ਨੂੰ ਨਿਭਾਉਣ ਦੇ ਲਈ ਮੈਂ ਵੀ ਨਵੇਂ ਅਨੁਭਵ ਤਲਾਸ਼ ਕਰਨ ਨਿਕਲਦਾ ਹਾਂ।

* ਤੁਸੀਂ ਵੈੱਬ, ਫਿਲਮ, ਟੀ ਵੀ ਤਿੰਨਾਂ ਮੀਡੀਅਮਾਂ ਵਿੱਚ ਕੰਮ ਕੀਤਾ। ਕੀ ਤਿੰਨਾਂ ਵਿੱਚ ਅਲੱਗ ਜ਼ਰੂਰਤਾਂ ਦਾ ਅਹਿਸਾਸ ਕਰਦੇ ਹੋ?

- ਕੋਈ ਫਰਕ ਨਹੀਂ ਲੱਗਦਾ। ਏਜ਼ ਐਨ ਐਕਟਰ ਬੱਸ ਇਹੀ ਲੱਗਦਾ ਹੈ ਕਿ ਸਾਨੂੰ ਆਪਣੇ ਕਿਰਦਾਰ ਵਿੱਚ ਵੜਨਾ ਚਾਹੀਦਾ ਹੈ। ਜੇ ਕਹਾਣੀ ਚੰਗੀ ਹੈ ਅਤੇ ਡਾਇਰੈਕਟਰ ਸਮੇਤ ਸਭ ਨੇ ਆਪਣਾ ਕੰਮ ਚੰਗੇ ਢੰਗ ਨਾਲ ਕੀਤਾ ਹੈ ਤਾਂ ਉਸ ਨੂੰ ਸਵੀਕਾਰ ਕਰਨ ਵਿੱਚ ਜਨਤਾ ਸਰਲ ਅਤੇ ਸਮਝਦਾਰ ਹੈ। ਅਸੀਂ ਕਦੇ ਕਦੇ ਇੰਡਸਟਰੀ ਵਿੱਚ ਆਪਣੀ ਜਨਤਾ ਨੂੰ ਤਵੱਜੋਂ ਨਹੀਂ ਦਿੰਦੇ ਹਾਂ, ਪਰ ਉਹ ਬੜੀ ਸਮਝਦਾਰ ਹੈ ਅਤੇ ਚੰਗੇ-ਬੁਰੇ ਦੀ ਪਛਾਣ ਕਰ ਲੈਂਦੀ ਹੈ। ਉਹ ਤੈਅ ਕਰ ਲੈਂਦੀ ਹੈ ਕਿ ਇਸ ਫਿਲਮ ਨੂੰ ਦੇਖਣਾ ਹੈ ਕਿ ਨਹੀਂ ਦੇਖਣਾ ਹੈ, ਚਾਹੇ ਫਿਰ ਉਹ ਥੀਏਟਰ ਹੋਵ ਜਾਂ ਵੈਬ ਸੀਰੀਜ਼।

* ‘ਕਾਇ ਪੋ ਛੇ’, ‘ਗੁੱਡੂ ਰੰਗੀਲਾ’ ਦੇ ਬਾਅਦ ਇੱਕ ਵਿਰਾਮ ਆਇਆ?

- ਮੇਰੇ ਕਰੀਅਰ ਦੀ ਰਾਹ ਵਿੱਚ ਵੀ ਹੜ੍ਹ ਜਿਹਾ ਆ ਗਿਆ। ਮੇਰਾ ਮੰਨਣਾ ਹੈ ਕਿ ਐਕਟਰ ਹੀ ਨਹੀਂ, ਹਰ ਇਨਸਾਨ ਦੀ ਲਾਈਫ ਵਿੱਚ ਉਤਾਰ-ਚੜ੍ਹਾਅ ਆਉਂਦਾ ਹੈ। ਇਸ ਉਤਰਾਅ ਵਿੱਚ ਤੁਹਾਡੀ ਸ਼ਖਸੀਅਤ ਕਿੰਨੀ ਪ੍ਰਭਾਵਤ ਹੁੰਦੀ ਅਤੇ ਉਸ ਉਤਾਰ ਤੋਂ ਤੁਸੀਂ ਕਿਸ ਤਰ੍ਹਾਂ ਉਠ ਕੇ ਵਾਪਸ ਆਉਂਦੇ ਹੋ, ਅਸਲ ਵਿੱਚ ਉਹੀ ਕਲਾ ਹੈ। ਇਸ ਵਿੱਚ ਉਪਰ ਵਾਲੇ ਦਾ ਹੱਥ ਤੇ ਦਰਸ਼ਕਾਂ ਦਾ ਸਾਥ ਮਿਲ ਜਾਏ ਤਾਂ ਗੱਲ ਬਣਦੀ ਹੈ। ਬੇਸ਼ੱਕ 2014-15 ਵਿੱਚ ਮੇਰੀਆਂ ਕੁਝ ਫਿਲਮਾਂ ਫਲਾਪ ਹੋਈਆਂ, ਪਰ ਮੈਨੂੰ ਮੇਰੇ ਫੈਂਸ ਨੇ ਨਹੀਂ ਛੱਡਿਆ। ਉਨ੍ਹਾਂ ਦੀ ਹੀ ਸਪੋਰਟ ਦੇ ਕਾਰਨ ਮੈਂ ਫਿਰ ‘ਸੁਲਤਾਨ' ਨਾਲ ਵਾਪਸੀ ਕੀਤੀ।

* ਧਾਰਾ 370 ਹਟਾਏ ਜਾਣ ਦੇ ਬਾਅਦ ਜੋ ਮਾਹੌਲ ਹੈ, ਉਸ 'ਤੇ ਕੁਝ ਕਹਿਣਾ ਚਾਹੋਗੇ?

-ਮੈਨੂੰ ਇਸ ਬਾਰੇ ਜ਼ਿਆਦਾ ਜਾਣਕਾਰੀ ਨਹੀਂ, ਪਰ ਇੰਨਾ ਜ਼ਰੂਰ ਕਾਹੰਗਾ ਕਿ ਮੋਦੀ ਜੀ ਦੀ ਸਰਕਾਰ ਇਸ ਬਾਰੇ ਕੋਸ਼ਿਸ਼ ਕਰ ਰਹੀ ਹੈ। ਮੇਰੀ ਨਜ਼ਰ ਵਿੱਚ ਇਹੀ ਸਭ ਤੋਂ ਵੱਡੀ ਗੱਲ ਹੈ। ਅੱਜ ਤੱਕ ਕਿਸੇ ਸਰਕਾਰ ਨੇ ਅਜਿਹੀ ਕੋਈ ਕੋਸ਼ਿਸ਼ ਨਹੀਂ ਕੀਤੀ। ਸਾਡਾ ਫਰਜ਼ ਹੈ ਕਿ ਅਸੀਂ ਸਰਕਾਰ ਨੂੰ ਸਪੋਰਟ ਕਰੀਏ, ਧੀਰਜ ਰੱਖੀਏ, ਕਿਉਂਕਿ ਇੰਨੀ ਵੱਡੀ ਸਮੱਸਿਆ ਨੂੰ ਪੰਜ ਦਿਨ ਵਿੱਚ ਤਾਂ ਖਤਮ ਨਹੀਂ ਕੀਤਾ ਜਾ ਸਕਦਾ।

* ਕੀ ਕਿਸੇ ਵਿਸ਼ੇ ਜਾਂ ਮਾਧਿਅਮ ਦੀ ਵਿਸ਼ੇਸ਼ ਹੁੰਦੀ ਹੈ ਕਿ ਉਨ੍ਹਾਂ ਵਿਸ਼ਿਆਂ ਨੂੰ ਉਸੇ ਇੱਕ ਵਿਸ਼ੇਸ਼ ਮਾਧਿਅਮ ਵਿੱਚ ਦੇਖਣ ਵਿੱਚ ਹੀ ਮਜ਼ਾ ਆਉਂਦਾ ਹੈ?

- ਜੀ ਹਾਂ, ਜਿਵੇਂ ਸੰਜੇ ਲੀਲਾ ਭੰਸਾਲੀ ਦੀਆਂ ਫਿਲਮਾਂ ਹਨ। ਉਨ੍ਹਾਂ ਦਾ ਵੱਡਾ ਬਜਟ, ਵੱਡਾ ਜੋਨਰ ਅਤੇ ਆਲੀਸ਼ਾਨ ਸੈੱਟ ਹੁੰਦਾ ਹੈ, ਤਾਂ ਜਾਹਿਰ ਜਿਹੀ ਗੱਲ ਹੈ ਕਿ ਮੈਂ ਉਸ ਫਿਲਮ ਨੂੰ ਵੱਡੇ ਪਰਦੇ ਅਤੇ ਉੱਚੀ ਆਵਾਜ਼ ਵਿੱਚ ਹੀ ਦੇਖਣਾ ਚਾਹਾਂਗਾ। ਦੂਸਰੇ ਪਾਸੇ ਇੱਕ ਅਜਿਹੀ ਚੰਗੀ ਕਹਾਣੀ ਹੈ, ਜਿਸ ਨੂੰ ਦੋ ਘੰਟੇ ਵਿੱਚ ਨਹੀਂ ਦਿਖਾਇਆ ਜਾ ਸਕਦਾ, ਉਸ ਨੂੰ ਚਾਰ, ਪੰਜ ਘੰਟੇ ਚਾਹੀਦੇ ਹਨ, ਤਾਂ ਵੈੱਬ ਸੀਰੀਜ 'ਤੇ ਜਾਓ। ਇਸ ਲਈ ਨਿਰਮਾਤਾ ਸਟੂਡੀਓ ਵਿੱਚ ਅਜਿਹੇ ਅਕਲਮੰਦ ਲੋਕ ਹਨ, ਜੋ ਡਿਸਾਈਡ ਕਰ ਲੈਂਦੇ ਹਨ ਕਿ ਉਨ੍ਹਾਂ ਨੂੰ ਫਲਾਣੇ ਵਿਸ਼ੇ 'ਤੇ ਫਿਲਮ ਬਣਾਉਣੀ ਚਾਹੀਦੀ ਹੈ ਜਾਂ ਵੈਬ ਸੀਰੀਜ਼। ਬਾਕੀ ਮਿਹਨਤ ਤਾਂ ਸਭ ਜਗ੍ਹਾ ਉਹੀ ਹੈ ਅਤੇ ਦਰਸ਼ਕ ਸਭ ਦੇ ਲਈ ਹਨ।

* ਤੁਸੀਂ ਟ੍ਰੈਵਲਿੰਗ ਕਰਦੇ ਰਹਿੰਦੇ ਹੋ। ਕਦੇ ਬਾਈਕ ਲੈ ਕੇ ਕਸ਼ਮੀਰ ਦੀ ਸੈਰ 'ਤੇ ਗਏ ਹੋ?

-ਗੁਲਮਰਗ ਅਤੇ ਕਾਰਗਿਲ ਤੋਂ ਬਾਈਕ ਲੈ ਕੇ ਅਸੀਂ ਕਈ ਵਾਰ ਗਏ ਹਾਂ। ਇਸ ਵਾਰ ਵੀ ਆਪਣੇ ਦੋਸਤਾਂ ਨਾਲ ਦਿੱਲੀ ਤੋਂ ਸਫੀਤੀ ਵੈਲੀ ਤੇ ਫਿਰ ਉਥੋਂ ਲੱਦਾਖ ਜਾਵਾਂਗਾ। ਇਹ ਟ੍ਰੈਵਲਿੰਗ ਅਤੇ ਟ੍ਰੈਕਿੰਗ ਐਕਟਿੰਗ ਵਿੱਚ ਹੀ ਨਹੀਂ ਲਾਈਫ ਵਿੱਚ ਵੀ ਬੜੀ ਹੈਲਪ ਕਰਦੀ ਹੈ। ਮੈਂ ਤਾਂ ਕਹਿੰਦਾ ਹਾਂ ਕਿ ਅਜਿਹਾ ਸਾਰਿਆਂ ਨੂੰ ਕਰਨਾ ਚਾਹੀਦਾ ਹੈ।

## ਸਵਰਾ ਨੇ ਦਿੱਤਾ ਟਵਿੱਟਰ ਤੋਂ ਅਸਤੀਫਾ

ਆਪਣੀ ਐਕਟਿੰਗ ਦੇ ਨਾਲ ਆਪਣੀ ਬੇਬਾਕੀ ਲਈ ਵੀ ਜਾਣੀ ਜਾਂਦੀ ਸਵਰਾ ਭਾਸਕਰ ਟਵਿੱਟਰ 'ਤੇ ਖ਼ੂਬ ਐਕਟਿਵ ਰਹਿੰਦੀ ਹੈ। ਸੋਸ਼ਲ ਮੀਡੀਆ 'ਤੇ ਸਵਰਾ ਸਮਕਾਲੀ ਮੁੱਦਿਆਂ 'ਤੇ ਬੇਬਾਕੀ ਨਾਲ ਆਪਣੀ ਰਾਇ ਪੇਸ਼ ਕਰਦੀ ਹੈ, ਪਰ ਪਿੱਛੇ ਜਿਹੇ ਉਸ ਨੇ ਇਸ ਤੋਂ ਆਪਣੇ ਅਸਤੀਫੇ ਦਾ ਐਲਾਨ ਕਰ ਦਿੱਤਾ। ਇਸ ਦੀ ਜਾਣਕਾਰੀ ਉਸ ਨੇ ਟਵੀਟ ਕਰ ਕੇ ਦਿੱਤੀ ਹੈ।

ਅਸਤੀਫੇ ਬਾਰੇ ਉਸ ਦਾ ਟਵੀਟ ਸੋਸ਼ਲ ਮੀਡੀਆ 'ਤੇ ਖ਼ੂਬ ਵਾਇਰਲ ਹੋ ਰਿਹਾ ਹੈ। ਦਰਅਸਲ ਭਾਰਤ ਦੀ ਡਿਗਦੀ ਜੀ ਡੀ ਪੀ ਅਤੇ ਵਿਕਾਸ ਦਰ ਦੇਖ ਕੇ ਇੱਕ ਟਵਿੱਟਰ ਯੂਜ਼ਰ ਨੇ ਸਵਰਾ ਨੂੰ ਕਿਹਾ ਸੀ ਕਿ ‘ਇਸ ਦੀ ਜ਼ਿੰਮੇਵਾਰੀ ਤੁਹਾਨੂੰ ਲੈਣੀ ਚਾਹੀਦੀ ਹੈ। ਉਸ ਅਨੁਸਾਰ ਅਜਿਹਾ ਇਸ ਲਈ ਕਿ ਸਵਰਾ ਦੇਸ਼ ਦੇ ਹਰ ਮੁੱਦੇ 'ਤੇ ਆਪਣੀ ਰਾਇ ਪੇਸ਼ ਕਰਦੀ ਹੈ। ਇਸ ਉੱਤੇ ਜਵਾਬ ਦਿੰਦੇ ਹੋਏ ਸਵਰਾ ਨੇ ਟਵੀਟ ਕੀਤਾ, ਜਿਸ ਵਿੱਚ ਉਸ ਨੇ ਲਿਖਿਆ, ‘‘ਮੈਂ ਆਪਣਾ ਅਸਤੀਫਾ ਦੇ ਰਹੀ ਹਾਂ ਕਿਉਂਕਿ ਇਹ ਰਾਇਤਾ ਮੇਰੇ ਵੱਸ ਦਾ ਨਹੀਂ ਹੈ।’’ ਹਾਲਾਂਕਿ ਉਸ ਦੇ ਇਸ ਟਵੀਟ ਨੂੰ ਸਰਕਾਰ ਲਈ ਇੱਕ ਵਿਅੰਗ ਦੇ ਰੂਪ ਵਿੱਚ ਦੇਖਿਆ ਜਾ ਰਿਹਾ ਹੈ ਕਿਉਂਕਿ ਸਵਰਾ ਅਕਸਰ ਉਸ ਦੇ ਵਿਰੋਧ 'ਚ ਬੋਲਦੀ ਨਜ਼ਰ ਆਉਂਦੀ ਰਹੀ ਹੈ।




## ਮਹਿਲਾ ਪ੍ਰਧਾਨ ਫਿਲਮਾਂ ਤੋਂ ਅੰਗਦ ਬੇਦੀ ਨੂੰ ਪ੍ਰਹੇਜ਼ ਨਹੀਂ



ਬਾਲੀਵੁੱਡ ਵਿੱਚ ਲਗਾਤਾਰ ਮਹਿਲਾ ਸ਼ਕਤੀਕਰਨ ਦਿਖਾਉਣ ਵਾਲੀਆਂ ਫਿਲਮਾਂ ਬਣ ਰਹੀਆਂ ਹਨ। ਜਿਵੇਂ ਗਣਿਤ ਮਾਹਰ ਸ਼ਕੁੰਤਲਾ ਦੇਵੀ, ਤਾਮਿਲ ਨਾਡੂ ਦੀ ਸਾਬਕਾ ਮੁੱਖ ਮੰਤਰੀ ਜੈਲਲਿਤਾ, ਕਾਰਗਿਲ ਜੰਗ ਵਿੱਚ ਪਾਕਿਸਤਾਨ ਨਾਲ ਧੂੜ ਫਕਾਉਣ ਵਾਲੀ ਫਲਾਈਟ ਲੈਫਟੀਨੈਂਟ ਗੁੰਜਨ ਸਕਸੈਨਾ ਆਦਿ ਔਰਤਾਂ 'ਤੇ ਫਿਲਮਾਂ ਬਣ ਰਹੀਆਂ ਹਨ। ਫਿਲਮ ‘ਗੁੰਜਨ ਸਕਸੈਨਾ ਦਿ ਕਾਰਗਿਲ ਗਰਲ’ ਦੀ ਗੱਲ ਕੀਤੀ ਜਾਏ ਤਾਂ ਇਸ ਫਿਲਮ ਦੀ ਮੇਨ ਲੀਡ ਜਾਹਨਵੀ ਕਪੂਰ ਹੈ। ਗੁੰਜਨ ਦੇ ਭਰਾ ਅੰਸ਼ੁਮਨ ਸਕਸੈਨਾ ਦਾ ਕਿਰਦਾਰ ਫਿਲਮ ਵਿੱਚ ਅੰਗਦ ਬੇਦੀ ਨਿਭਾ ਰਹੇ ਹਨ।

‘ਪਿੰਕ’ ਦੇ ਬਾਅਦ ਅੰਗਦ ‘ਦਿ ਜ਼ੋਇਆ ਫੈਕਟਰ’ ਅਤੇ ਅੱਗੋਂ ‘ਗੁੰਜਨ ਸਕਸੈਨਾ ਦਿ ਗਾਰਗਿਲ ਗਰਲ' ਵਿੱਚ ਕੰਮ ਕਰ ਰਹੇ ਹਨ। ਲਗਾਤਾਰ ਮਹਿਲਾ ਪ੍ਰਧਾਨ ਫਿਲਮਾਂ ਦਾ ਹਿੱਸਾ ਬਣਨ ਨੂੰ ਲੈ ਕੇ ਅੰਗਦ ਕਹਿੰਦੇ ਹਨ, ‘‘ਮੇਰੇ ਖਿਆਲ ਨਾਲ ਕਿਰਦਾਰ ਚੰਗਾ ਹੋਣਾ ਚਾਹੀਦਾ ਹੈ। ਜੇ ਕਿਰਦਾਰ ਨੂੰ ਚੰਗੀ ਤਰ੍ਹਾਂ ਪ੍ਰਫਾਰਮ ਕਰਨ ਦਾ ਮੌਕਾ ਮਿਲ ਰਿਹਾ ਹੈ ਤਾਂ ਇਸ ਵਿੱਚ ਕੋਈ ਦਿੱਕਤ ਨਹੀਂ ਹੈ। ਮੇਰੇ ਵੈੱਬ ਸ਼ੋਅ ‘ਇਨਸਾਈਡ ਏਜ਼’ ਵਿੱਚ ਵੀ ਲੜਕਿਆਂ ਦੀ ਦੁਨੀਆ ਸੀ, ਪਰੰਤੂ ਉਸ ਵਿੱਚ ਅਹਿਮ ਕਿਰਦਾਰ ਰਿਚਾ ਚੱਢਾ ਨੇ ਨਿਭਾਇਆ ਸੀ।’’

## ਰਿਤਿਕ-ਵਾਣੀ ਦੇ ਸੌਂਗ ਲਈ ਮਿਲਾਨ ਤੋਂ ਬੁਲਾਏ 150 ਡਾਂਸਰਜ਼



ਰਿਤਿਕ ਰੋਸ਼ਨ ਅਤੇ ਟਾਈਗਰ ਸ਼ਰਾਫ ਦੀ ਜ਼ਬਰਦਸਤ ਐਕਸ਼ਨ ਫਿਲਮ ‘ਵਾਰ’ ਉੱਤੇ ਨਿਰਮਾਤਾ ਖ਼ੂਬ ਪੈਸਾ ਖਰਚ ਕਰ ਰਹੇ ਹਨ। ਦੋ ਅਕਤੂਬਰ ਨੂੰ ਰਿਲੀਜ਼ ਹੋ ਰਹੀ ਇਸ ਫਿਲਮ ਵਿੱਚ ਐਕਸ਼ਨ ਦ੍ਰਿਸ਼ਾਂ 'ਤੇ ਕਾਫੀ ਜ਼ੋਰ ਦਿੱਤਾ ਗਿਆ ਹੈ, ਪਰ ਇਸ ਦੇ ਗੀਤਾਂ ਦੀ ਸ਼ੂਟਿੰਗ 'ਤੇ ਵੀ ਖ਼ੂਬ ਖਰਚ ਹੋਇਆ ਹੈ। ਫਿਲਮ ਵਿੱਚ ਰਿਤਿਕ ਤੇ ਵਾਣੀ ਕਪੂਰ ਉੱਤੇ ਇੱਕ ਪਾਰਟੀ ਡਾਂਸ ‘ਘੁੰਘਰੂ’ ਫਿਲਮਾਇਆ ਗਿਆ ਹੈ। ਇਟਲੀ ਦੇ ਅਮਾਲਫੀ ਤੱਟ ਦੇ ਪਾਸਿਟਾਨੋ ਬੀਚ 'ਤੇ ਸ਼ੂਟ ਕੀਤਾ ਜਾਣ ਵਾਲਾ ਇਹ ਪਹਿਲਾ ਬਾਲੀਵੁੱਡ ਗੀਤ ਹੈ। ਇੱਕ ਸੂਤਰ ਅਨੁਸਾਰ ‘‘ਇਸ ਗੀਤ ਨੂੰ ਵਿਸ਼ਾਲ-ਸ਼ੇਖਰ ਨੇ ਕੰਪੋਜ਼ ਕੀਤਾ ਹੈ, ਜਿਸ ਵਿੱਚ ਰਿਤਿਕ ਤੇ ਵਾਣੀ ਨੇ ਕਮਾਲ ਦਾ ਡਾਂਸ ਕੀਤਾ ਹੈ। ਖਾਸ ਗੱਲ ਹੈ ਕਿ ਇਸ ਡਾਂਸ ਨੰਬਰ ਲਈ ਰਿਤਿਕ ਨੇ ਵਾਣੀ ਦੇ ਨਾਲ ਨੱਚਣ ਲਈ 150 ਤੋਂ ਵੱਧ ਡਾਂਸਰਾਂ ਨੂੰ ਇਟਲੀ ਦੀ ਰਾਜਧਾਨੀ ਮਿਲਾਨ ਤੋਂ ਇਥੇ ਬੁਲਾਇਆ ਗਿਆ ਸੀ।’’

# NEED A LAWYER ??
# KAUR LAW OFFICE

Red Seal NOTARY



MANJEET KAUR
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



Tri-City Professional Realty Inc., Brokerage
Number 1 Tri-City agent in Canada on basis of sales volume 2015

**ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ**



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777

31 Melanie Dr. Unit #4 Brampton, ON L6T 5H8
Avtar Singh Tiwana
Sales Rep.



FOR SALE
$1,279,900
**Mcvean / Castlemore**
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਨਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ । ਫੁੱਲੀ ਫਿਨੀਸ਼ੜ ਬੇਸਮੈਂਟ ਹੈ।

FOR SALE
Tri-City Professional Realty Inc., Brokerage
$129,900
**Darcel/Brandon Gate**
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।



FOR SALE
$3,249,000
**Niagara Falls Ontario**
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।


# ੴ
# ਧੰਨ ਧੰਨ ਰਾਜਾ ਸਾਹਿਬ ਜੀ

ਪਿੰਡ ਰਾਜਾ ਸਾਹਿਬ ਜੀ ਮਜ਼ਾਰੇ ਅਤੇ ਸਮੂਹ ਇਲਾਕਾ ਨਿਵਾਸੀਆਂ ਵਲੋਂ ਬੇਨਤੀ ਹੈ ਕਿ ਧੰਨ-ਧੰਨ ਰਾਜਾ ਸਾਹਿਬ ਜੀ ਦੀ ਯਾਦ ਵਿੱਚ ਗੁਰਦੁਆਰਾ ਸ੍ਰੀ ਉਨਟਾਰੀਓ ਖਾਲਸਾ ਦਰਬਾਰ ਡਿਕਸੀ ਰੋਡ ਵਿਖੇ ਸ੍ਰੀ ਆਖੰਡਪਾਠ ਸਾਹਿਬ ਕਰਵਾਏ ਜਾ ਰਹੇ ਹਨ।

## ਪ੍ਰੋਗਰਾਮ

| | |
|---|---|
| ਅਰੰਭ ਸ੍ਰੀ ਅਖੰਡਪਾਠ ਸਾਹਿਬ | 13 ਸਤੰਬਰ, ਸਵੇਰੇ 10 ਵਜੇ ਹਾਲ ਨੂੰ 307 |
| ਭੋਗ ਸ੍ਰੀ ਅਖੰਡਪਾਠ ਸਾਹਿਬ | 15 ਸਤੰਬਰ 2019 ਨੂੰ ਸਵੇਰੇ 9 ਤੋਂ 10 ਵਜੇ |

ਭੋਗ ਉਪਰੰਤ ਮੇਨ ਹਾਲ ਵਿੱਚ ਰਾਗੀ ਅਤੇ ਢਾਡੀ ਜੱਥੇ ਰਸਭੀਨਾ ਕੀਰਤਨ ਅਤੇ ਵਾਰਾਂ ਨਾਲ ਸੰਗਤਾਂ ਨਿਹਾਲ ਕਰਨਗੇ। ਅਰਦਾਸ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਆਪ ਸਭ ਇਲਾਕਾ ਨਿਵਾਸੀਆਂ ਨੂੰ ਹੁੰਮ ਹੁਮਾਕੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ।

ਵਧੇਰੇ ਜਾਣਕਾਰੀ ਲਈ ਸੰਪਰਕ ਕੀਤਾ ਜਾ ਸਕਦਾ ਹੈ।

| | |
|---|---|
| ਹਰਦੇਵ ਸਿੰਘ ਸ਼ੇਰਗਿੱਲ: | 647-710-0735 |
| ਕਸ਼ਮੀਰ ਸਿੰਘ ਘੁੰਮਣ: | 416-319-0401 |
| ਜੋਗਾ ਸਿੰਘ ਭੋਗਲ: | 647-927-4234 |

ਗੁਰਦੁਆਰਾ ਸ੍ਰੀ ਉਨਟਾਰੀਓ ਖਾਲਸਾ ਦਰਬਾਰ ਡਿਕਸੀ ਰੋਡ
*7080 Dixie Rd, Mississauga, ON L5S187*







www.BramptonTopRelator.com
JAG AUJLA REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232

Advertisement GUARANTEED Till SOLD
Other Realtors only Promise
But JAG AUJLA SOLD YOUR HOME WITH
GUARANTEE
OR HE'LL BUY IT!
*Some Conditions Apply

Call For a Quick & Free Home Evaluation
www.BramptonQuickHomeEvaluation.com
Top 1% Ranked Broker
**2016,2015,2014,2013 2012,2011,2010) **(2009,2008) **(2010) **(2014)

Urgently Need New Listing in Brampton/ GTA Call Jag Today To Sell Your Property For Top $$$ & Accurate Price

CALEDON
ਕੈਨੇਡੀ / ਡੇਗੱਲ
SOLD AT 100% OF ASKING PRICE WITHIN 2 WEEKS

BRAMPTON
ਕੰਟਰੀਸਾਈਡ/ਮਕਵੀਨ
ਬਹੁਤ ਹੀ ਸੋਹਣਾ 4 +2 ਬੈਡਰੂਮ ਅਤੇ 5 ਵਾਸ਼ਰੂਮ ਦਾ 2016 ਵਿੱਚ ਪ੍ਰੀਮੀਅਮ ਲਾਟ ਤੇ ਬਣਿਆ ਡੀਟੈਚਡ ਘਰ, ਫਿਨੀਸ਼ਡ ਬੇਸਮੈਂਟ, ਮੇਨ ਫਲੋਰ 10 ਫੁੱਟ ਸਿਲਿੰਗ ਅਤੇ ਦੂਜੇ ਫਲੋਰ ਤੇ 9 ਫੁੱਟ ਸਿਲਿੰਗ। ਅਪਗ੍ਰੇਡੇਡ ਕਿਚਨ ਅਤੇ ਹੋਰ ਬਹੁਤ ਸਾਰੀਆਂ ਅਪਗ੍ਰੇਡਜ ਕੀਤੇ ਹਨ।

BRAMPTON
ਬੋਵੇਰਡ/ਚਿੰਗੂਜੀ
SOLD AT 100% OF ASKING PRICE

BRAMPTON
ਵੈਨਲੈਸ/ ਮੇਕਲਾਗਲਿਨ
SOLD AT 100% OF ASKING PRICE IN 1 DAY

BRAMPTON
ਵੇਨਲੈਸ / ਵੇਨ-ਕ੍ਰਿਕ
ਬਹੁਤ ਹੀ ਸ਼ਾਨਦਾਰ, ਖੁਲਾ-ਡੁਲਾ ਤੇ ਡਿਟੈਚ ਡਬਲ ਸਟੋਰੀ ਟਾਊਨ-ਹਾਊਸ। 4+2 ਬੈਡਰੂਮ, 4 ਵਾਸ਼ਰੂਮ ਤੇ ਬੇਸਮੈਂਟ ਨੂੰ ਗਰਾਜ ਤੋਂ ਸੇਪਰੇਟ ਏਂਟਰੈਂਸ। ਓਕ ਸਟੇਅਰ ਕੇਸ, ਹਾਰਡਵੁਡ ਫਲੋਰ, ਪੋਟ ਲਾਇਟ ਤੇ ਮਾਸਟਰ ਬੈਡਰੂਮ ਨੂੰ 5 ਪੀਸ ਇੰਸੂਟ ਤੇ ਕਲੋਜ਼ਟ। SS ਅਪਲਾਇੰਸਸ ਤੇ ਹੋਰ ਵੀ ਬਹੁਤ ਕੁਝ;

NEED MORE LISTINGS !!!
ਕੇਲਡਨ ਅਤੇ ਬਰੈਂਪਟਨ ਦੇ ਏਰੀਏ ਵਿੱਚ ਨਵੀਆਂ Listings ਦੀ ਤੁਰੰਤ ਲੋੜ ਹੈ। Buyers ਘਰ ਖਰੀਦਣ ਲਈ Listings ਉਡੀਕ ਰਹੇ ਹਨ



Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com



NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, ETIHAD, KLM, Emirates, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption
Manulife

Signature.ca, WESTJET vacations, transat, sunwing, AIR CANADA VACATIONS, tico.ca, IATA

Call Us For Guaranteed Lowest Airfare ANY Airline Time Destination Around the World
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com



REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca mcheemaaaa@hotmail.com



BEST CANADIAN RIDE SERVICE
ਜੇ ਤੁਸੀ Toronto ਤੋਂ Montreal ਜਾਂ Montreal ਤੋਂ Toronto ਜਾਣਾ/Move ਹੋਣਾ ਹੈ ਤਾਂ ਘਬਰਾਓ ਨਾ ਸਾਨੂੰ ਕਾਲ ਕਰੋ
We Deliver any Parcel or Document
• ਕਾਲ ਕਰੋ: 514-560-6613 •



TechSpirit
Consultation, Installation & Servicing
Specialized in:
- Analog & IP security cameras
- Installation & Maintenance Upgrade
- Video Doorbell Installation

1080p HD ਦੇ 4 ਸਿਕਊਰਟੀ ਕੈਮਰੇ ਸਿਰਫ $999 ਵਿੱਚ ਲਗਵਾਓ

ਹੋਰ ਸੇਵਾਵਾਂ:
Speaker/Soundbar Mount
Home Office Products
Small Kitchen Appliances
Media Box/Setup Box
Cell Phone Accessories
Car Accessories
DVD Shelves, Projector
Mount &Monitor Mount

LG UHD TV $350 $400 $480
TV WALL MOUNTS STARTING FROM $9.99
For online shopping visit www.techspirit.ca
– SAME DAY SHIPPING – 100% SECURE PAYMENT
T.V WALL MOUNT ਵੀ ਇੰਸਟਾਲ ਕਰਦੇ ਹਨ
Call: 905-621-4100
7-8770 The Gore Road, Brampton, ON L6P 0B1
Opening Times
Mon - Sat 10 AM - 8 PM
Sunday 10 AM - 6 PM



IFS INTERSTATE FREIGHT SYSTEMS INC.
A/Z ਡਰਾਈਵਰਾਂ ਦੀ ਲੋੜ
USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ
Also Hiring Owner Operators for local work & US
- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at:
safety@interstatefreightsystems.com
Call: 416-452-0677